INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਯ ਨਾਸਿਤ।
ੴ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਮਾਰਚ 2026

## ਚੜਦੀ ਕਲਾ ਤੇ ਸੂਰਬੀਰਤਾ ਦਾ ਪ੍ਰਤੀਕ ਹੋਲਾ ਮਹੱਲੇ

ਦੀ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



# ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ

18 ਵੀਂ ਅਮਰੀਕਾ ਰੂਹਾਨੀ ਫੇਰੀ

ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ

ਸਤਿਕਾਰਯੋਗ ਮਾਤਾ ਬੀਜੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਵਾਲਿਆਂ ਤੋਂ ਵਰੋਸਾਏ

## ਸੰਤ ਬਾਬਾ ਹਰਪਾਲ ਸਿੰਘ ਜੀ




**17 ਫਰਵਰੀ ਤੋਂ 15 ਮਈ 2026**

## 17 FEB TO 15 MAY

## Programs :-

1. FEB 15TH TO FEB 22ND - Barsi Samagam Sant Baba Satnam Singh JI Santnam Kuttya, 11128 N Golfview Rd, Lodi Ca, 95240
2. FEB 23 - KIRTAN BARSI Sant Baba Satnam Singh JI - Atwal Residence San Jose,
3. FEB 25 TO FEB 28TH - Satnam Kutiya , 11128 N Golfview Rd, Lodi CA
4. MARCH 1ST - Gurdwara Khalsa Darbar Sacramento CA
5. MARCH 2ND TO MARCH 7TH - Satnam Kutiya Lodi Ca/Manteca/Tracy
6. MARCH 7TH - Gurdwara Sahib Tierra Buena Yuba City CA
7. MARCH 8TH - Gurdwara Sahib El Sobrante CA
8. MARCH 8TH - MARCH 11TH - Gurdwara Sahib Fremont CA
9. MARCH 13 TO MARCH 16TH - Bellingham/Seattle/ Kent Washington.
10. MARCH 17TH - Salem Oregon
11. MARCH 19TH TO MARCH 30TH - Satnam Kutttia, 5715 Angel Rd., Bakersfleld & Los Angelas ca
12. MARCH 31 ST TO APRIL 2ND - Satnam Kutiya Lodi CA
13. APRIL 3RD TO APRIL 13TH - Sikh Gurdwara San Jose CA
14. APRIL 14TH TO APRIL 19TH - Satnam Kutiya Lodi Ca

West Coast Bookings - 408 393 8199
East Coast Bookings - 317 488 8831
www.vgrmct.com www.ratwarasahib.com

## ਲੰਗਰੁ ਚਲੈ ਗੁਰ ਸਬਦਿ



ਆਤਮ ਮਾਰਗ - ਸੰਚਾਲਕ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

'ਗੁਰਸ਼ਬਦ ਲੰਗਰ' ਆਤਮ ਮਾਰਗ ਸੰਤ ਮਹਾਰਾਜ ਰਤਵਾੜਾ ਸਾਹਿਬ ਨੇ ਆਪਣੀ ਦੇਖ-ਰੇਖ ਹੇਠ ਚਲਾਇਆ ਹੈ। ਮਹਾਂਪੁਰਖਾਂ ਦੇ ਸਮੇਂ ਤੋਂ ਇਸ ਨੂੰ ਵੰਡਣ ਦੀਆਂ ਸੇਵਾਵਾਂ ਕਰਦੀਆਂ ਆ ਰਹੀਆਂ ਸੰਗਤਾਂ ਦਾ ਬਹੁਤ ਵੱਡਾ ਨੈਟਵਰਕ ਹੈ। ਦੇਸ਼ਾਂ ਵਿਦੇਸ਼ਾਂ ਤੋਂ ਆਪਣਾ ਫਰਜ਼ ਸਮਝਦੇ ਹੋਏ, ਇਸ ਮਹਾਨ ਲੰਗਰ ਵਿੱਚ ਤਨ-ਮਨ-ਧਨ ਕਰਕੇ ਸੇਵਾ ਨਿਭਾਅ ਰਹੀਆਂ ਹਨ। ਸਿੱਖ ਜਗਤ ਅੰਦਰ ਵੱਡੇ ਜੋੜ ਮੇਲਿਆਂ ਤੇ 'ਆਤਮ ਮਾਰਗ' ਗੁਰਸ਼ਬਦ ਲੰਗਰ ਸਟਾਲ ਸਜਦੇ ਹਨ। ਆਉਣ ਵਾਲੇ ਜੋੜ ਮੇਲੇ 'ਹੋਲੇ ਮਹੱਲੇ' ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਸ਼ਬਦ ਲੰਗਰ ਦੇ ਸਟਾਲ ਲਗਾਏ ਜਾ ਰਹੇ ਹਨ। ਜਿਨ੍ਹਾਂ ਵਿੱਚ ਮਿਸ਼ਨ ਦੇ ਅਨੇਕਾਂ ਸੇਵਾਦਾਰਾਂ ਨੇ ਆਪਣੀਆਂ ਸੇਵਾਵਾਂ ਨਿਭਾਉਣੀਆਂ ਹਨ। ਦਿਨ-ਰਾਤ ਮਿਤੀ 1-2-3-4 ਮਾਰਚ 2026 ਨੂੰ ਹੋਲੇ ਮਹੱਲੇ ਤੇ ਗੁਰਸ਼ਬਦ ਲੰਗਰ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਵੱਲੋਂ ਹੱਥ ਲਿਖਤ ਪੁਸਤਕਾਂ ਮਿਸ਼ਨ ਵੱਲੋਂ ਅੱਧੀ ਭੇਟਾ ਤੇ ਸੰਗਤਾਂ ਵਿੱਚ ਦਿਤੀਆਂ ਜਾਣਗੀਆਂ। 'ਆਤਮ ਮਾਰਗ' ਦੀ ਸਲਾਨਾ ਅਤੇ ਲਾਇਫ ਮੈਂਬਰਸ਼ਿੱਪ ਦਾ ਪ੍ਰਬੰਧ ਹੋਵੇਗਾ। ਪਹੁੰਚਣ ਵਾਲੀਆਂ ਸੰਗਤਾਂ ਦੇ ਚਰਨਾਂ ਵਿੱਚ ਅਪੀਲ ਹੈ, ਕਿ ਜਿਨ੍ਹਾਂ ਪ੍ਰੇਮੀਆਂ ਨੇ ਪਿਛਲੇ ਸਾਲ ਹੋਲੇ ਮਹੱਲੇ ਤੇ ਨਵੀਂ ਮੈਂਬਰਸ਼ਿਪ ਲਈ ਸੀ, ਉਨ੍ਹਾਂ ਨੂੰ ਬੇਨਤੀ ਹੈ ਕਿ ਆਪਣੀ ਰਿਨੀਊਵਲ ਕਰਵਾਉਣ ਦੀ ਕ੍ਰਿਪਾਲਤਾ ਕਰਨ ਜੀ। ਤਾਂ ਜੋ ਨਿਰੰਤਰ ਆਪ ਜੀ ਦੇ ਘਰ 'ਆਤਮ ਮਾਰਗ' ਪਹੁੰਚਦਾ ਰਹੇ। ਸਮੂੰਹ ਪਾਠਕ ਜਨਾਂ ਦੇ ਚਰਨਾਂ ਵਿੱਚ ਵੀ ਬੇਨਤੀ ਕੀਤੀ ਜਾਂਦੀ ਹੈ, ਜਿਨ੍ਹਾਂ ਕੋਲ ਦੇਸ਼ ਵਿਦੇਸ਼ ਵਿੱਚ 'ਆਤਮ ਮਾਰਗ' ਡਾਕ ਰਾਹੀਂ ਪਹੁੰਚਦਾ ਹੈ।ਪਾਠਕ ਜਨ ਆਪਣੀ ਰਿਨੀਊਵਲ ਖਤਮ ਹੋਣ ਤੋਂ ਇਕ ਮਹੀਨਾ ਪਹਿਲਾਂ ਦਿਤੇ ਨੰਬਰ 'ਆਤਮ ਮਾਰਗ' ਦਫਤਰ ਵਿੱਚ ਸੰਪਰਕ ਕਰਕੇ ਅਗਲੇ ਸਾਲ ਲਈ ਰਿਨੀਊਵਲ ਜਰੂਰ ਕਰਵਾਓ, ਤਾਂ ਜੋ ਨਿਰੰਤਰ 'ਆਤਮ ਮਾਰਗ' ਆਪਜੀ ਦੇ ਘਰ ਪਹੁੰਚਦਾ ਰਹੇ। ਜੇ ਕਿਸੇ ਮਹੀਨੇ ਪਤ੍ਰਿਕਾ ਨਹੀਂ ਮਿਲਦੀ, ਤਾਂ ਦਿਤੇ ਨੰਬਰਾਂ ਤੇ ਸੰਪਰਕ ਕਰਕੇ ਸਾਨੂੰ ਜਰੂਰ ਦੱਸੋ ਤਾਂ ਜੋ ਅਸੀਂ ਫੇਰ ਦੁਬਾਰਾ ਪਹੁੰਚਦੀ ਕਰ ਸਕੀਏ। ਮਿਸ਼ਨ ਵੱਲੋਂ ਦੇਸ਼ਾਂ ਵਿਦੇਸ਼ਾਂ ਅੰਦਰ ਅਨੇਕਾਂ ਜੱਥੇ ਕੀਰਤਨ ਦੁਆਰਾ ਸੰਗਤਾਂ ਅੰਦਰ ਵਿਚਰਦੇ ਹਨ। ਉਨ੍ਹਾਂ ਵਿੱਚ ਸੇਵਾਦਾਰ ਗੁਰਸ਼ਬਦ ਲੰਗਰ 'ਆਤਮ ਮਾਰਗ' ਦੇ ਸਟਾਲ ਸਜਾਉਂਦੇ ਹਨ, ਉਨ੍ਹਾਂ ਨਾਲ ਸੰਪਰਕ ਕਰਕੇ ਆਪ ਜੀ ਜਰੂਰ ਆਤਮ ਮਾਰਗ ਦੇ ਨਵੇਂ ਮੈਂਬਰ ਬਣਨ ਦੀ ਕ੍ਰਿਪਾਲਤਾ ਕਰੋ ਜੀ। ਮਿਤੀ 17 ਫਰਵਰੀ ਤੋਂ 15 ਮਈ 2026 ਤੱਕ ਸੰਤ ਬਾਬਾ ਹਰਪਾਲ ਸਿੰਘ ਜੀ ਅਮਰੀਕਾ ਅੰਦਰ 'ਆਤਮ ਮਾਰਗ ਰੂਹਾਨੀ ਪ੍ਰਚਾਰ ਫੇਰੀ ਅਧੀਨ ਸੰਗਤਾਂ ਵਿੱਚ ਵਿਚਰ ਰਹੇ ਹਨ। ਅਦਾਰਾ 'ਆਤਮ ਮਾਰਗ' ਵੱਲੋਂ ਬੇਨਤੀ ਹੈ ਜਿਥੇ ਵੀ ਪਿਛਲੇ ਸਾਲ ਨਵੇਂ ਮੈਂਬਰ ਬਣੇ, ਉਨ੍ਹਾਂ ਨੂੰ ਬੇਨਤੀ ਹੈ ਕਿ ਆਪਣੀ ਰਿਨੀਊਵਲ ਇਨ੍ਹਾਂ ਦੀਵਾਨਾਂ ਵਿੱਚ ਕਰਵਾਉਣ ਦੀ ਸੇਵਾ ਅਤੇ ਹੋਰ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾਲਤਾ ਕਰੋ ਜੀ। ਸਾਰੇ ਪ੍ਰੋਗਰਾਂਮ ਇਸੇ ਪੇਜ ਦੇ ਉਪਰ ਦਿਤੇ ਗਏ ਹਨ।

ਟਰਸਟ ਰਤਵਾੜਾ ਸਾਹਿਬ ਦੇ ਬਾਨੀ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਆਪਣੇ ਦੀਵਾਨਾਂ ਵਿੱਚ ਆਮ ਹੀ ਬਚਨ ਕਰਿਆ ਕਰਦੇ ਸਨ, ਜਿਹੜਾ ਪ੍ਰੇਮੀ 'ਆਤਮ ਮਾਰਗ' ਪੜ੍ਹੇਗਾ ਉਸ ਨੂੰ ਨਾਮ ਚਿਤ ਆਵੇਗਾ ਅਤੇ ਨਾਮ ਜਪਣ ਦਾ ਅੰਦਰ ਸ਼ੌਂਕ ਜਾਗੇਗਾ। ਜਿਹੜਾ ਪ੍ਰੇਮੀ ਇਸ ਦੇ ਨਵੇਂ ਮੈਂਬਰ ਬਣਾ ਕੇ ਅਦਾਰਾ 'ਆਤਮ ਮਾਰਗ' ਵਿੱਚ ਪੁਜਦੇ ਕਰੇਗਾ, ਉਸ ਦੀਆਂ ਸ਼ੁਭ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ। ਕਾਰੋਬਾਰ ਵਧਣਗੇ। ਅਨੇਕਾਂ ਬਿਘਨ ਦੂਰ ਹੋ ਜਾਣਗੇ। ਘਰ ਅੰਦਰ ਸੁਖਸ਼ਾਂਤੀ ਵਰਤੇਗੀ।

# ਆਤਮ ਮਾਰਗ


ਸਾਲ-ਇਕੱਤੀਵਾਂ, ਮਹੀਨਾ-ਮਾਰਚ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ. (ਡਾ.) ਸੁਖਵਿੰਦਰ ਸਿੰਘ ਜੀ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

## Postal Address for any Enquiry, Money Order, Cheque and drafts : 'ATAM MARG' MAGAZINE

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org

} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ

ਫਰੀ ਸੇਵਾ - ਸੰਪਰਕ ਨੰਬਰ -
9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀ.ਐਡ. ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

## ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਮੰਝ ਪਿਆਰਾ ਗੁਰੂ ਨੂੰ..........।** | 12 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਉਥੈ ਪਹਰਿ ਸਬਾਹ ਕੈ....................॥** | 25 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਗੁਰ ਕੀ ਪ੍ਰਤੀਤ** | 29 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਭਗਤ ਰਵਿਦਾਸ ਜੀ** | 37 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 7. | **ਮੰਨੇ ਨਾਉ ਸੋਈ ਜਿਣਿ ਜਾਇ** | 45 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | **ਸਿੱਖ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ** | 49 |
| | *ਡਾ. (ਭਾਈ) ਰੂਪ ਸਿੰਘ* | |
| 9. | **ਜਨ ਪਰਉਪਕਾਰੀ ਆਏ - ਭਾਗ 4** | 52 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

## ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥

*ਭਾਈ (ਡਾ.) ਸੁਖਵਿੰਦਰ ਸਿੰਘ*

*ਮੈਨੇਜਿੰਗ ਐਡੀਟਰ, 98146-12900*

ਮਾਰਚ ਮਹੀਨੇ ਦੀ ਸੰਪਾਦਕੀ ਲਿਖਣ ਦਾ ਗੁਰੂ ਬਖਸ਼ਿਸ਼ ਸਦਕਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਵਾਹਿਗੁਰੂ ਜੀ ਕਿਰਪਾ ਕਰਨ ਆਪਣੀ ਬਖਸ਼ਿਸ਼ ਦੁਆਰਾ ਗੁਰਮਤਿ ਦੇ ਸਿਧਾਂਤ ਨੂੰ ਕਲਮਬੰਦ ਕਰਨ ਲਈ ***'ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ (ਅੰਗ-੮੦੯)*** ਦੀ ਕ੍ਰਿਪਾ ਦੁਆਰਾ ਲਿਖਵਾ ਲੈਣ।

ਗੁਰਮਤਿ ਦੇ ਕਿਸੇ ਸਿਧਾਂਤ ਦੀ ਵੀਚਾਰ ਕਰਨ ਤੋਂ ਪਹਿਲਾਂ ਜ਼ਿਕਰ ਯੋਗ ਹੈ ਕਿ ਮਾਰਚ 2026 ਵਿਚ, ਆਤਮ ਮਾਰਗ ਮੈਗਜ਼ੀਨ ਨੇ ਆਪਣੇ ਰੂਹਾਨੀ ਸਫਰ ਦੇ 31 ਸਾਲ ਪੂਰੇ ਕਰ ਲੈਣੇ ਹਨ। ਆਪ ਜੀ ਸਮੂੰਹ ਸੰਗਤ ਅਤੇ ਪਾਠਕ ਜਨਾਂ ਨੂੰ ਯਾਦ ਹੋਵੇਗਾ ਕਿ 'ਆਤਮ ਮਾਰਗ' ਮੈਗਜ਼ੀਨ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਵਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ, ਸੰਗਤ ਰਾਹੀਂ ਅਰਦਾਸ ਕਰਨ ਉਪਰੰਤ, ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੇ ਕਰ ਕਮਲਾਂ ਦੁਆਰਾ ਸੰਨ 1995 ਦੀ ਵਿਸਾਖੀ ਦੇ ਪਵਿੱਤਰ ਅਵਸਰ 'ਤੇ ਰੀਲੀਜ਼ ਕਰਵਾਇਆ ਸੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਆਤਮ ਮਾਰਗ ਨੇ ਬਹੁਤ ਹੀ ਚੜ੍ਹਦੀ ਕਲਾ ਵਿਚ ਆਪਣਾ ਰੂਹਾਨੀ ਸਫਰ ਤੈਅ ਕੀਤਾ। ਪਹਿਲਾਂ ਇਸ ਦਾ ਅਪ੍ਰੈਲ 1995 ਵਿਚ ਆਗਮਨ ਹੋਇਆ ਫਿਰ ਗੁਰੂ ਪਿਆਰੀਆ ਸੰਗਤਾਂ ਦੀ ਅਤੇ ਪਿਆਰੇ ਪਾਠਕ ਜਨਾਂ ਦੀ ਪਵਿੱਤਰ ਹਸਤ ਕਮਲਾਂ ਰੂਪੀ ਗੋਦ ਵਿਚ ਬਚਪਨ ਲੰਘਾਉਂਦੇ ਹੋਏ ਜੁਆਨੀ ਵਲ ਪੈਰ ਪੁੱਟੇ। ਹੁਣ ਇਹ ਚੜ੍ਹਦੀ ਜੁਆਨੀ ਵਿਚ ਚਲਦਾ 31 ਸਾਲ ਦਾ ਰੂਹਾਨੀ ਸਫਰ ਬਤੀਤ ਕਰ ਚੁੱਕਾ ਹੈ। ਇਤਨੇ ਲੰਬੇ ਸਮੇਂ ਵਿਚ ਇਸ ਨੇ ਹਜ਼ਾਰਾਂ/ ਲੱਖਾਂ ਜਗਿਆਸੂ ਜਨਾਂ ਨੂੰ ਨਾਮ ਬਾਣੀ ਵਾਲਾ ਜੀਵਨ ਅਤੇ ਗੁਰਮਤਿ ਦੀ ਸੋਝੀ ਬਖਸ਼ੀ। ਗੁਰਮਤਿ ਦੇ ਗੂੜ੍ਹ ਸਿਧਾਤਾਂ ਨੂੰ ਸਰਲ ਬੋਲੀ ਤੇ ਸ਼ੈਲੀ ਵਿਚ ਪ੍ਰਗਟ ਕਰਕੇ, ਹਨ੍ਹੇਰ ਕੋਠੜੀਆਂ ਵਿਚ ਗਿਆਨ ਦਾ ਪ੍ਰਕਾਸ਼ ਕਰ ਰਿਹਾ ਹੈ। ਅਗਿਆਨਤਾ ਦਾ ਹਨ੍ਹੇਰਾ, ਕਲਜੁਗ ਦੇ ਸਮੇਂ ਵਿਚ ਚਾਰ-ਚੁਫੇਰੇ ਫੈਲਿਆ ਹੋਇਆ ਹੈ। ਅਜਿਹੀ ਪਰਸਥਿਤੀ ਵਿਚ, ਜਦੋਂ ਪਦਾਰਥੀ ਬਿਰਤੀਆਂ ਦੀ ਭਰਮਾਰ ਹੋਵੇ ਅਤੇ ਦੁਨਿਆਵੀ ਚਕਾਚੌਂਧ ਵਿਚ ਜੀਵ ਲੁਭਾਇਮਾਨ ਹੋਵੇ ਤਾਂ ਕੇਵਲ ਗੁਰਮਤਿ ਦੇ ਸਿਧਾਂਤ, ਗੁਰਬਾਣੀ ਦੀ ਰੋਸ਼ਨੀ ਹੀ ਇਸ ਮਨੁੱਖ ਨੂੰ ਆਤਮ ਮਾਰਗ ਦਾ ਰਸਤਾ ਦਿਖਾਉਣ ਦੇ ਸਮਰੱਥ ਹੋ ਸਕਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦਾ ਸੁਨੇਹਾ, ਗੁਰਮਤਿ ਦੇ ਸਿਧਾਂਤ ਦਾ ਨਾਮ-ਬਾਣੀ ਵਾਲਾ ਮਾਰਗ ਹੀ ਇਸ ਮੈਗਜ਼ੀਨ ਰਾਹੀਂ ਘਰ-ਘਰ ਪਹੁੰਚਾਉਣ ਦੀ ਤੁਛ ਜਿਹੀ ਕੋਸ਼ਿਸ਼ ਹੈ। ਇਸ ਦੇ ਸੰਚਾਲਕ ਪਿਆਰੇ ਮਹਾਂਪੁਰਸ਼ਾਂ ਵਲੋਂ ਕਿਸੇ ਸਮੇਂ ਕੀਤਾ ਭਵਿੱਖਤ ਬਚਨ ਅੱਜ ਸਾਕਾਰ ਹੋ ਰਿਹਾ ਨਜ਼ਰ ਆ ਰਿਹਾ ਹੈ ਕਿ **"ਜਿਸ ਘਰ ਵਿਚ ਆਤਮ ਮਾਰਗ ਪੜ੍ਹਿਆ ਸੁਣਿਆ ਜਾਵੇਗਾ ਉਸ ਘਰ ਵਿਚੋਂ ਦੁਖ-ਕਲੇਸ਼ ਖਤਮ ਹੋ ਕੇ ਸੁਖ ਸ਼ਾਂਤੀ ਦਾ ਵਰਤਾਰਾ ਹੋ ਜਾਵੇਗਾ"** ਕਿਉਂਕਿ ਇਸ ਵਿਚ ਨਾਮ-ਬਾਣੀ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ। ਜਦੋਂ ਅਸੀਂ ਨਾਮ-ਬਾਣੀ ਦੇ ਸਿਧਾਂਤਾਂ ਨੂੰ ਪੜ੍ਹਾਂਗੇ, ਸੁਣਾਂਗੇ ਤੇ ਜੀਵਨ ਦੇ ਅੰਦਰ ਵਿਹਾਰਿਕ ਰੂਪ ਵਿਚ ਢਾਲਣ ਦੀ ਕੋਸ਼ਿਸ਼ ਕਰਾਂਗੇ ਤਾਂ ਦੁਖਾਂ-ਕਲੇਸ਼ਾਂ, ਚਿੰਤਾਵਾਂ ਦਾ ਖਾਤਮਾ ਹੋਣਾ ਅਵੱਸ਼ਕ ਹੈ। ਬਾਣੀ ਦਾ ਫੁਰਮਾਨ ਹੈ ਕਿ -

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*

*ਅੰਗ - ੯੨੨*

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*

*ਅੰਗ- ੬੨੮*

ਜਿਥੇ ਬਾਣੀ ਦਾ ਵਾਸਾ ਹੋ ਗਿਆ ਭਾਵ ਜਿਸ ਹਿਰਦੇ ਵਿਚ ਬਾਣੀ ਪ੍ਰਵੇਸ਼ ਕਰ ਗਈ ਉਥੇ ਸਾਰੀਆਂ ਚਿੰਤਾਵਾਂ, ਵਾਸ਼ਨਾਵਾਂ, ਝੋਰੇ, ਦੁਖ, ਕਲੇਸ਼, ਖਤਮ ਹੋ ਕੇ ਸੁਖ-ਸ਼ਾਂਤੀ ਰੂਪੀ ਬਸੰਤ ਆ ਜਾਵੇਗੀ।

ਮਹਾਰਾਜ ਫੁਰਮਾਨ ਕਰਦੇ ਹਨ ਕਿ -

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ- ੩੧੦*

ਜਿਸ ਹਿਰਦੇ ਵਿਚ ਸਤਿਗੁਰ ਦਾ ਵਾਸਾ ਹੋ ਗਿਆ ਭਾਵ ਗੁਰਬਾਣੀ ਦੇ ਬਖਸ਼ੇ ਸਿਧਾਂਤ ਜੀਵਨ ਵਿਚ ਸਮਾਅ ਗਏ ਉਥੇ ਫਿਰ ਔਗੁਣਾਂ ਦੀ ਖੁਸ਼ਕੀ ਖਤਮ ਹੋ ਕੇ ਅਤੇ ਜਨਮਾਂ-ਜਨਮਾਂ ਦੀ ਮੈਲ ਖਤਮ

ਹੋ ਕੇ, ਵਿਛੋੜੇ ਦਾ ਪਿਆ ਸੋਕਾ, ਤਰੌਤੀ (ਮਿਲਾਪ) ਵਿਚ ਬਦਲ ਜਾਵੇਗਾ। ਪ੍ਰਾਪਤੀ ਕੀ ਹੋਵੇਗੀ –

*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਅੰਗ- ੨*

ਹਿਰਦੇ ਰੂਪੀ ਧਰਤੀ ਹਰੀ ਭਰੀ ਹੋ ਜਾਵੇਗੀ। ਜੀਵ ਜੰਤੂ ਅਤੇ ਮਨੁੱਖ ਵੀ ਨਾਮ ਬਾਣੀ ਦੀ ਬਸੰਤ ਰੂਪੀ ਬਹਾਰ ਨਾਲ ਹਰੇ ਭਰੇ ਹੋ ਜਾਣਗੇ। ਮਾਰਚ ਮਹੀਨਾ ਬਸੰਤ ਰੁੱਤ ਨਾਲ ਵੀ ਜੁੜਦਾ ਹੈ। ਇਸੇ ਮਹੀਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ਿਸ਼ ਕੀਤਾ ਮਹਾਨ ਤਿਉਹਾਰ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਵੀ ਕੌਮ ਵਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾਂਦਾ ਹੈ। ਭਾਰਤ ਵਰਸ਼ ਵਿਚ ਮਨਾਏ ਜਾਣ ਵਾਲੇ ਰਵਾਇਤੀ ਤਿਉਹਾਰ ਹੋਲੀ ਦਾ ਰੂਪ ਬਦਲ ਕੇ ਸੱਚੇ ਪਾਤਸ਼ਾਹ ਨੇ ਹੋਲੇ-ਮਹੱਲੇ ਦੀ ਪਿਰਤ ਪਾਈ।

ਸੋ ਭਾਵੇਂ ਬਸੰਤ ਰੁੱਤ ਹੈ ਭਾਵੇਂ ਹੋਲਾ-ਮਹੱਲਾ ਹੈ, ਦੋਨੋਂ ਹੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ। ਇਹ ਚੜ੍ਹਦੀ ਕਲਾ ਦਾ ਅਗਾਜ਼ ਵੀ ਨਾਮ-ਬਾਣੀ ਨਾਲ ਜੁੜਨ ਨਾਲ ਹੁੰਦਾ ਹੈ। ਇਸੇ ਚੜ੍ਹਦੀ ਕਲਾ ਵਿਚੋਂ ਸਰਬੱਤ ਦੇ ਭਲੇ ਦਾ ਸਿਧਾਂਤ ਪ੍ਰਗਟ ਹੁੰਦਾ ਹੈ –

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।*

ਸੋ ਸਮੁੱਚੀ ਵੀਚਾਰ ਦਾ ਸਾਰ ਹੈ ਕਿ ਬਸੰਤ ਰੁੱਤ ਖੇੜੇ, ਖੁਸ਼ੀਆਂ ਦਾ ਪ੍ਰਤੀਕ ਹੈ, ਹੋਲਾ-ਮਹੱਲਾ ਵੀ ਇਸੇ ਸਿਧਾਂਤ ਦੀ ਰੂਪਮਾਨਤਾ ਕਰਦਾ ਹੈ। ਸਰਬੱਤ ਦੇ ਭਲੇ ਦਾ ਸਿਧਾਂਤ ਤਾਂ ਹੈ ਹੀ ਗੁਰਮਤਿ ਦੀ ਮੰਜ਼ਿਲੇ-ਮਕਸੂਦ ਵੀ ਹੈ। ਜਿਵੇਂ ਇਸ ਰੁੱਤ ਵਿਚ ਬਨਸਪਤੀ ਖਿੜਦੀ ਹੈ, ਮੌਲਦੀ ਹੈ, ਨਵੀਆਂ ਕਰੂੰਬਲਾਂ ਦਰਖ਼ਤਾਂ, ਬੂਟਿਆਂ ਵਿਚ ਫੁਟਦੀਆਂ ਹਨ, ਕੋਰੇ, ਠੰਢ ਤੇ ਸ਼ੀਤ ਲਹਿਰ ਦੀ ਮਾਰ ਤੋਂ ਬਾਹਰ ਆ ਕੇ ਬਨਸਪਤੀ ਨਵਾਂ ਜੀਵਨ ਪ੍ਰਾਪਤ ਕਰਦੀ ਹੈ। ਇਸੇ ਤਰ੍ਹਾਂ ਜੀਵ ਦੇ ਅੰਦਰ ਦੀ ਅਵਸਥਾ ਵਿਚ ਵੀ ਬਦਲਾਅ ਆਉਂਦਾ ਹੈ। ਹਰ ਬਾਹਰੀ ਮੌਸਮ ਦਾ ਅਸਰ ਮਨੁੱਖ ਦੇ ਤਨ ਤੇ ਮਨ ਕਬੂਲਦਾ ਹੈ। ਜਿਵੇਂ ਫੁਰਮਾਨ ਹੈ –

*ਬਸੰਤੁ ਚੜਿਆ ਫੂਲੀ ਬਨਰਾਇ ॥*
*ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥*
*ਇਨ ਬਿਧਿ ਇਹੁ ਮਨੁ ਹਰਿਆ ਹੋਇ ॥*
*ਹਰਿ ਹਰਿ ਨਾਮੁ ਜਪੈ ਦਿਨੁ ਰਾਤੀ*
*ਗੁਰਮੁਖਿ ਹਉਮੈ ਕਢੈ ਧੋਇ ॥ ੧ ॥ ਅੰਗ – ੧੧੭੭*

ਬਨਸਪਤੀ ਬਾਹਰਲੇ ਮੌਸਮ ਦੇ ਬਦਲਣ ਨਾਲ ਖਿੜਦੀ ਹੈ, ਮਨੁੱਖ ਦਾ ਮਨ ਬਾਹਰਲੇ ਮੌਸਮ ਦਾ ਅਸਰ ਕਬੂਲਦਾ, ਸਤਿਗੁਰੂ ਦੀ ਬਖਸ਼ਿਸ਼ ਸਦਕਾ ਅੰਦਰੋਂ ਬਾਹਰੋਂ ਨਵਾਂ ਨਰੋਆ ਬਣ ਵਿਗਾਸ ਵਿਚ ਆਉਂਦਾ ਹੈ –

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ਅੰਗ- ੧੧੭੬*

ਸੋ ਆਉ! ਨਾਮ ਬਾਣੀ ਨਾਲ ਜੁੜ ਕੇ ਜੀਵਨ ਦੇ ਅੰਦਰ ਸਦਾ ਦਾ ਵਿਗਾਸ, ਖੇੜਾ ਪ੍ਰਾਪਤ ਕਰੀਏ। 'ਆਤਮ ਮਾਰਗ' ਮੈਗਜ਼ੀਨ ਵੀ ਖੇੜੇ ਵਿਚ ਵਿਗਸਦਾ ਮੌਲਦਾ 31 ਸਾਲ ਪੂਰੇ ਕਰ ਰਿਹਾ ਹੈ। ਸਮੂੰਹ ਸੰਗਤਾਂ ਤੇ ਪਾਠਕ ਜਨ ਵਧਾਈ ਦੇ ਪਾਤਰ ਹਨ।

ਆਉ! ਹੋਰ ਹੰਭਲਾ ਮਾਰੀਏ, ਵਿਸਾਖੀ 2026 ਨੂੰ 32ਵੇਂ ਸਾਲ ਵਿਚ ਪ੍ਰਵੇਸ਼ ਕਰਨ ਦੀ ਖੁਸ਼ੀ ਵਿਚ 5-5 ਮੈਂਬਰ ਹੋਰ ਬਣਾ ਕੇ, ***'ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥ (ਅੰਗ-੨੯੦)*** ਦੇ ਸਿਧਾਂਤ ਦੀ ਕਮਾਈ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ, ਘਰ-ਘਰ ਪਹੁੰਚਾਣ ਲਈ ਤੱਤਪਰ ਹੋਈਏ। ਸਮੂੰਹ ਸੰਗਤਾਂ ਨੂੰ ਹੋਲੇ-ਮਹੱਲੇ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ। ਸਭਨਾਂ ਲਈ ਅਰਦਾਸ ਕਰੀਏ ਕਿ ਨਾਮ-ਬਾਣੀ ਰਾਹੀਂ ਸਦਾ ਦਾ ਵਿਗਾਸ ਖੇੜਾ ਪ੍ਰਾਪਤ ਹੋਵੇ। ***'ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ'।***

ਭੁਲਾਂ ਚੁਕਾਂ ਦੀ ਖਿਮਾ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਚੇਤਿ

## (ਚੇਤਿ ਮਹੀਨੇ ਦੀ ਸੰਗਰਾਂਦ : 14 ਮਾਰਚ, ਦਿਨ ਸਨਿੱਚਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ,* 98146-12900

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥ ੧ ॥

*ਅੰਗ - ੧੩੩*

ਪ੍ਰਮੇਸ਼ਰ ਦੇ ਹੁਕਮਿ ਵਿਚ ਸ੍ਰਿਸ਼ਟੀ ਦੀ ਰਚਨਾ ਹੋਈ।

*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*

*ਅੰਗ - ੪*

ਪਹਿਲੀ ਆਰੰਭਕ ਅਵਸਥਾ -

*ਅਰਬਦ ਨਰਬਦ ਧੁੰਧੂਕਾਰਾ ॥*
*ਧਰਣਿ ਨ ਗਗਨਾ ਹੁਕਮੁ ਅਪਾਰਾ ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ*
*ਸੁੰਨ ਸਮਾਧਿ ਲਗਾਇਦਾ ॥* *ਅੰਗ - ੧੦੩੫*

ਦੀ ਹੈ ਪਰ ਉਸ ਪਰਮ ਸ਼ਕਤੀ ਨੇ ਆਪਣੇ ਆਪੇ ਵਿਚੋਂ ਸ੍ਰਿਸ਼ਟੀ ਦੀ ਰਚਨਾ ਦਾ ਫੁਰਨਾ ਕੀਤਾ ਤੇ ਸਭ ਕੁਝ ਹੋਂਦ ਵਿਚ ਆ ਗਿਆ -

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥* *ਅੰਗ - ੩*

ਭਾਵ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*

*ਅੰਗ - ੪੬੩*

ਸ੍ਰਿਸ਼ਟੀ ਦੀ ਹੋਂਦ ਦੇ ਨਾਲ ਚੰਦ, ਸੂਰਜ ਸਾਰੇ ਬ੍ਰਹਿਮੰਡ, ਗ੍ਰਹਿ ਆਦਿ ਹੋਂਦ ਵਿਚ ਆਏ। ਸਮੇਂ ਦਾ ਕਾਲ ਚੱਕਰ ਸ਼ੁਰੂ ਹੋਇਆ। ਸੂਰਜ/ਚੰਦਰਮਾ ਦੀ ਗਤੀ ਨਾਲ ਦਿਨ ਤੇ ਰਾਤ ਬਣੇ ਤੇ ਫਿਰ ਮਹੀਨੇ, ਮਹੀਨਿਆਂ ਤੋਂ ਬਾਅਦ ਸਾਲ। ਇਸ ਤਰ੍ਹਾਂ ਸਮੇਂ ਦਾ ਚੱਕਰ ਵਧਣਾ ਸ਼ੁਰੂ ਹੋਇਆ। ਇਸੇ ਤਰ੍ਹਾਂ ਜੀਵ ਹੋਂਦ ਵਿਚ ਆਏ।

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*

*ਅੰਗ - ੧*

ਸਮੇਂ ਦਾ ਸਫਰ ਸ਼ੁਰੂ ਹੋਣ ਦੇ ਨਾਲ ਜੀਵ ਦੀ ਯਾਤਰਾ ਵੀ ਸ਼ੁਰੂ ਹੋ ਗਈ। ਸੂਰਜ ਦੇ ਚੱਕਰ ਨਾਲ ਬਾਹਰਲੀਆਂ ਰੁੱਤਾਂ ਬਦਲੀਆਂ ਤੇ ਜੀਵ ਦੇ ਸਫਰ ਵਿਚ ਇਸ ਦੇ ਅੰਦਰ ਦੀਆਂ ਰੁੱਤਾਂ ਬਦਲੀਆਂ। ਸੱਚੇ ਪਾਤਸ਼ਾਹ ਨੇ ਬਾਹਰਲੀਆਂ ਰੁੱਤਾਂ ਦੇ ਬਦਲਾਅ ਨੂੰ ਮਹੀਨਿਆਂ ਦੇ ਰੂਪ ਵਿਚ ਸਾਡੇ ਸਾਹਮਣੇ ਪੇਸ਼ ਕੀਤਾ, ਅਸਲ ਵਿਚ ਇਹ ਜੀਵ ਦੇ ਅੰਦਰ ਦੇ ਬਦਲਦੀਆਂ ਰੁੱਤਾਂ ਦਾ ਹੀ ਪ੍ਰਗਟਾਵਾ ਕੀਤਾ ਹੈ।

ਬਾਹਰਲੀਆਂ ਰੁੱਤਾਂ ਸੂਰਜ 'ਤੇ ਅਧਾਰਿਤ ਹਨ। ਸੂਰਜ ਤਪਸ਼ ਦਾ ਪ੍ਰਤੀਕ ਹੈ। ਜੀਵ ਦੇ ਅੰਦਰਲੀਆਂ ਰੁੱਤਾਂ ਪ੍ਰਮੇਸ਼ਰ ਅਧਾਰਿਤ ਹਨ। ਪ੍ਰਮੇਸ਼ਰ ਸੀਤਲਤਾ ਦਾ ਸੂਚਕ ਹੈ। ਤਪਸ਼ ਤੇ ਸੀਤਲਤਾ ਦਾ ਵਿਰੋਧ ਹੈ। ਤਪਸ਼ ਤੋਂ ਦੂਰ ਜਾਣਾ ਸੀਤਲਤਾ ਦੀ ਨੇੜਤਾ ਹੈ -

*ਜੀਉ ਤਪਤੁ ਹੈ ਬਾਰੋ ਬਾਰ ॥*

*ਤਪਿ ਤਪਿ ਖਪੈ ਬਹੁਤੁ ਬੇਕਾਰ ॥ ਅੰਗ - ੬੬੧*

ਤਾਂਹੀ ਦਿਸਦੀ ਦੁਨੀਆਂ ਨੂੰ ਤਪਤ ਦਾ ਪ੍ਰਤੀਕ ਦਸਿਆ ਹੈ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਅੰਗ - ੯੨੧*

ਸੱਚੇ ਪਾਤਸ਼ਾਹ ਬਾਰਹ ਮਾਹਾ ਰਾਹੀਂ ਸਾਨੂੰ ਬਖਸ਼ਿਸ਼ ਕਰਕੇ ਸਮਝਾ ਰਹੇ ਹਨ ਕਿ ਜਦੋਂ ਸੀਤਲਤਾ ਭਾਵ ਪ੍ਰਮੇਸ਼ਰ ਤੋਂ ਦੂਰ ਜਾਈਏ ਤਾਂ ਜੀਵ ਦੇ ਅੰਦਰ ਕਿਹੜੀ ਰੁੱਤ ਦਾ ਆਗਮਨ ਹੁੰਦਾ ਹੈ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ - ੧੩੩*

ਜੀਵ ਆਤਮਾ ਹਉਂ ਧਾਰਨ ਕਰਕੇ ਕੀਤੇ ਕਰਮਾਂ ਕਰਕੇ ਆਪਣੇ ਪ੍ਰੀਤਮ ਨਾਲੋਂ ਭਾਵ ਸੀਤਲਤਾ ਨਾਲੋਂ ਟੁੱਟ ਗਈ ਹੈ। ਭਾਵ -

*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਅੰਗ - ੮*

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪*

ਹੁਣ ਅਰਦਾਸ ਹੈ, ਇਕ ਹੂਕ ਹੈ, ਤਰਲਾ ਹੈ ਕਿ ਪ੍ਰੀਤਮ ਨਾਲੋਂ ਟੁੱਟੀ ਹੋਈ ਜੀਵ ਆਤਮਾ ਨੂੰ ਮੇਲ ਲਵੋ। ਜੀਵ ਆਤਮਾ ਵਿਚ ਆਪਣਾ ਕੋਈ ਤਾਣ ਨਹੀਂ ਹੈ। ਉਸ ਦੀ ਮਿਹਰ ਨਾਲ ਹੀ ਮਿਲਾਪ ਸੰਭਵ ਹੈ-

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*
*ਅੰਗ - ੧੩੭੮*

ਆਪਣੀ grace (ਕ੍ਰਿਪਾ) ਨਾਲ, ਰਿਆਇਤੀ ਨੰਬਰ ਦੇ ਕੇ ਪਾਸ ਕਰ ਦੇਵੋ। ਭਾਵ ਮੇਲ ਲਵੋ -

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥

ਭਾਵ -

*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*

ਚਾਰੇ ਦਿਸ਼ਾਵਾਂ, ਦਸਾਂ ਪਾਸਿਆਂ ਵਿਚੋਂ ਘੁੰਮ ਕੇ, ਭਟਕ ਕੇ, ਆਪ ਜੀ ਦੀ ਸ਼ਰਨ ਵਿਚ ਆਏ ਹਾਂ -

*ਸਤਿਗੁਰ ਆਇਓ ਸਰਣਿ ਤੁਹਾਰੀ ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥*
*ਅੰਗ - ੭੧੩*

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥

ਜਿਵੇਂ ਗਊ ਦੁੱਧ ਤੋਂ ਬਿਨਾਂ ਨਿਕੰਮੀ ਹੈ, ਕਿਸੇ ਕੰਮ ਦੀ ਨਹੀਂ, ਇਹੋ ਜਿਹੀ ਹਾਲਤ ਇਸ ਜੀਵ ਦੀ ਹੈ-

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥

ਜਿਵੇਂ ਜਲ ਤੋਂ ਬਿਨਾਂ ਬਨਸਪਤੀ ਕੁਮਲਾ ਜਾਂਦੀ ਹੈ, ਫਸਲ ਆਦਿ ਸੁੱਕ ਜਾਂਦੀ ਹੈ। ਉਸ ਵਿਚੋਂ ਕੋਈ ਆਰਥਿਕ ਨਫਾ ਨਹੀਂ ਕਮਾਇਆ ਜਾਂਦਾ। ਇਸੇ ਤਰ੍ਹਾਂ ਪ੍ਰੀਤਮ ਨਾਲੋਂ ਵਿਛੜ ਕੇ ਜੀਵ ਆਤਮਾ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਜਦੋਂ ਅੱਕ ਦੀਆਂ ਖੱਖੜੀਆਂ ਅੱਕ ਦੀਆਂ ਟਾਹਣੀਆਂ ਨਾਲ ਲੱਗੀਆਂ ਹੁੰਦੀਆਂ ਹਨ ਉਨ੍ਹਾਂ ਦੀ ਸ਼ਕਲ ਖ਼ੂਬਸੂਰਤ ਅੰਬਾਂ ਵਾਂਗੂੰ ਦਿਸਦੀ ਹੈ ਪਰ ਜਦੋਂ ਟਾਹਣੀਆਂ ਨਾਲੋਂ ਟੁੱਟ ਜਾਂਦੀਆਂ ਹਨ ਤਾਂ ਉਹ ਫਟ ਜਾਂਦੀਆਂ ਹਨ ਤੇ ਹਵਾ ਉਡਾ ਕੇ ਲੈ ਜਾਂਦੀ ਹੈ -

*ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥*
*ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥*
*ਅੰਗ - ੩੧੯*

ਜਿਹੜੇ ਪ੍ਰਮੇਸ਼ਰ ਤੋਂ ਟੁੱਟ ਜਾਂਦੇ ਹਨ ਉਹਨਾਂ ਨੂੰ ਕੋਈ ਬਿਸਰਾਮ ਭਾਵ ਟਿਕਾਣਾ ਨਹੀਂ ਮਿਲਦਾ -

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥

ਜਿਥੇ ਪ੍ਰਮੇਸ਼ਰ ਪ੍ਰੀਤਮ ਦਾ ਪਿਆਰ ਨਹੀਂ, ਉਥੇ ਸੀਤਲਤਾ ਨਹੀਂ ਹੋ ਸਕਦੀ -

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥*
*ਅੰਗ - ੭੦੯*

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥ ਅੰਗ- ੬੬੧*

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥

ਮਾਨੋਂ ਉਹ ਭੱਠੀ ਵਾਂਗੂੰ ਤਪਦੇ ਹਨ।

ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥

ਸਾਰੇ ਪਦਾਰਥ, ਸਾਰੇ ਸ਼ਿੰਗਾਰ, ਪਤੀ ਪ੍ਰਮੇਸ਼ਰ ਤੋਂ ਬਿਨਾਂ ਕਿਸੇ ਕੰਮ ਦੇ ਨਹੀਂ ਹਨ।

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥

ਪ੍ਰਮੇਸ਼ਰ ਦੀ ਪ੍ਰੀਤ ਤੋਂ ਬਿਨਾਂ ਸਾਰੇ ਪਦਾਰਥ, ਸੱਜਣ-ਮਿੱਤਰ ਸਭ ਜਮ ਰੂਪ ਹੋ ਕੇ ਦੁਖਦਾਇਕ ਬਣ ਜਾਂਦੇ ਹਨ।

ਹੁਣ ਸੱਚੇ ਪਾਤਸ਼ਾਹ ਸਾਡੇ 'ਤੇ ਬਖਸ਼ਿਸ਼ ਕਰਦੇ ਹਨ ਕਿ ਹੇ ਪ੍ਰਭੂ! ਜੀਵ ਤੇਰੇ ਨਾਲੋਂ ਟੁੱਟ ਕੇ ਤਪਤ ਦੀ ਦੁਨੀਆਂ ਵਿਚ ਪ੍ਰਵੇਸ਼ ਹੋ ਗਏ ਹਨ, ਹੁਣ ਆਪ ਜੀ ਰਹਿਮਤ ਕਰੋ, ਬਖਸ਼ਿਸ਼ ਕਰਕੇ, ਸਾਨੂੰ ਵਿਛੜੇ ਹੋਇਆਂ ਨੂੰ ਜੋੜ ਲਵੋ। ਆਪਣੇ ਅਟੱਲ ਘਰ, ਥਿਰ ਘਰਿ ਵਿਚ ਵਾਸਾ ਦੇ ਦਿਉ।

*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥*

ਸੱਚੇ ਪਾਤਸ਼ਾਹ ਬਾਰਹ ਮਾਹਾ ਰਾਹੀਂ ਸਾਨੂੰ ਸਮਝਾ ਰਹੇ ਹਨ ਕਿ ਅੰਦਰ ਵੀ ਇਕ ਬਾਰਹ ਮਾਹਾ ਹੈ। ਅੰਦਰ ਵੀ ਰੁੱਤਾਂ ਬਦਲ ਰਹੀਆਂ ਹਨ। ਜਦੋਂ ਪ੍ਰਮੇਸ਼ਰ ਨਾਲੋਂ ਟੁੱਟਦੇ ਹਾਂ ਤਾਂ ਸਾਡੀ ਹਾਲਤ ਭਾਵ ਜੀਵ ਦੀ ਹਾਲਤ ਕੁਝ ਹੋਰ ਹੁੰਦੀ ਹੈ। ਜਦੋਂ ਉਸ ਨਾਲ ਜੁੜਦੇ ਹਾਂ ਤਾਂ ਹਾਲਤ ਕੁਝ ਹੋਰ ਦੀ ਹੋਰ ਬਣ ਜਾਂਦੀ ਹੈ। ਜਦੋਂ ਸਮਰੱਥ ਗੁਰੂ ਦੀ ਬਖਸ਼ੀ ਹੋਈ ਸੰਗਤ ਵਿਚ ਜੁੜਦੇ ਹਾਂ ਤਾਂ ਫਿਰ ਸੀਤਲਤਾ ਦਾ ਵਾਤਾਵਰਣ ਬਣਦਾ ਹੈ। ਆਉ! ਬਾਰਹ ਮਾਹਾ ਸੱਚੇ ਪਾਤਸ਼ਾਹ ਨੇ ਜੀਵ ਦੇ ਅੰਦਰ ਦੀਆਂ ਰੁੱਤਾਂ ਨੂੰ ਦਿਖਾਉਣ ਤੇ ਸਮਝਾਉਣ ਲਈ ਬਖਸ਼ਿਸ਼ ਕੀਤੇ ਹਨ। ਇਸ ਦੀ ਵਿਚਾਰ, ਉਨ੍ਹਾਂ ਵਲੋਂ ਬਖਸ਼ੀ ਮਤਿ ਅਨੁਸਾਰ ਕਰੀਏ ਜੀ।

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥**
**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥**
**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥**
**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥**
**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥**
**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥**
**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ੨ ॥**

*ਅੰਗ - ੧੩੩*

ਨਿਰੰਕਾਰ ਰੂਪ, ਨਿਰੰਕਾਰ ਦੇ ਦੇਸ਼ ਵਿਚੋਂ ਆਈ ਧੁਰਿ ਕੀ ਬਾਣੀ ਵਿਚੋਂ ਬਾਰਹ ਮਾਹਾ ਦੇ ਆਰੰਭਿਕ ਸ਼ਬਦ ਵਿਚ ਸੱਚੇ ਪਾਤਸ਼ਾਹ ਨੇ ਬ੍ਰਹਿਮੰਡ ਦੀਆਂ ਰੁੱਤਾਂ ਦਾ ਸਿਧਾਂਤ ਪੇਸ਼ ਕੀਤਾ ਹੈ। ਸਮੁੱਚੇ ਸਿਧਾਂਤ ਦਾ ਸਾਰ ਅੰਸ ਹੈ ਕਿ ਸੰਸਾਰ ਅਗਨ ਰੂਪ ਹੈ। ਨਿਰੰਕਾਰ ਸੀਤਲ ਸਤਾ ਹੈ। ਹੁਣ ਚੋਣ ਇਹ ਕਰਨੀ ਹੈ ਕਿ ਸੂਰਜ ਭਾਵ ਤਪਤ ਦੇ ਨੇੜੇ ਜਾਣਾ ਹੈ ਜਾਂ ਸੀਤਲਤਾ ਦੇ। ਕਿਸੇ ਰੱਬ ਦੇ ਪਿਆਰੇ ਦੇ ਕਥਨ ਅਨੁਸਾਰ ਸੰਸਾਰ ਵਲੋਂ ਪੁਟਿਆ ਇਕ ਕਦਮ, ਨਿਰੰਕਾਰ ਵੱਲ ਵਧਦਾ ਕਦਮ ਹੈ। ਭਾਵ ਇਕ ਕਦਮ ਸੰਸਾਰ ਵਲੋਂ ਪੁਟੀਏ ਦੂਜਾ ਕਦਮ ਨਿਰੰਕਾਰ ਵਲ ਹੋਵੇਗਾ। ਬੁਲ੍ਹੇਸ਼ਾਹ ਦੇ ਮੁਰਸ਼ਦ ਅਨਾਇਤ ਸ਼ਾਹ ਨੇ ਕਿਹਾ ਸੀ ਕਿ ਬੁਲਿਆ! 'ਰੱਬ ਦਾ ਕੀ ਪਾਉਣਾ, ਇਧਰੋਂ ਪੁੱਟਣਾ ਉਧਰ ਲਾਉਣਾ।' ਇਸ ਫਾਨੀ ਸੰਸਾਰ 'ਤੇ ਦੋ ਤਰ੍ਹਾਂ ਦਾ ਵਰਤਾਰਾ ਮਨੁੱਖਤਾ ਦਾ ਰਿਹਾ ਹੈ। ਇਕ ਤਾਂ ਉਹ ਜਿਹਨਾਂ ਨੇ ਇਸ ਦਿਸਦੇ ਸੰਸਾਰ ਨੂੰ ਹੀ ਅਨੰਦਮਈ ਹੋਣ ਦਾ ਭਰਮ ਪਾਲਿਆ ਹੈ। ਇਹ ਧਾਰਨਾ ਪੱਕੀ ਕਰ ਲਈ ਕਿ 'ਇਹ ਜਗ ਮਿੱਠਾ, ਅਗਲਾ ਕਿਨ ਡਿੱਠਾ, ਖਾਓ ਪੀਓ ਐਸ਼ ਕਰੋ। ਇਸ ਸੰਸਾਰ ਦੀ ਅੱਗ ਵਿਚ ਲੁਭਾਇਮਾਨ ਹੋ ਕੇ ਸਾਰਾ ਜੀਵਨ ਖਤਮ ਕਰ ਲਿਆ। ਭਾਵ ਪਰਮਾਰਥ ਤਿਆਗ ਦਿਤਾ। ਦੂਸਰੇ ਉਹ ਹਨ ਜਿਨ੍ਹਾਂ ਨੇ ਇਸ ਦੁਨੀਆਂ ਦੇ ਪਦਾਰਥ ਤਿਆਗ ਦਿਤੇ। ਘਰ-ਬਾਰ ਛੱਡ ਕੇ ਜੰਗਲਾਂ ਬੀਆਬਾਨਾਂ ਵਿਚ ਵਾਸਾ ਕਰ ਲਿਆ। ਦੋਨੋਂ ਰਸਤੇ ਪਰਮਾਰਥ ਤੋਂ ਦੂਰ ਹਨ।

ਸੱਚੇ ਪਾਤਸ਼ਾਹ ਨੇ ਸਾਨੂੰ ਸੰਸਾਰ ਵਿਚ ਰਹਿ ਕੇ, ਸੰਸਾਰੀ ਨਾ ਬਣਨ ਦਾ ਰਸਤਾ ਦਰਸਾਇਆ ਹੈ-

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*

*ਅੰਗ - ੯੩੮*

ਮੂਲ ਰੂਪ ਵਿਚ ਰੁੱਤਾਂ ਦੋ ਹੀ ਹਨ ਪਰ

ਵਿਸਥਾਰਕਿ ਤੌਰ 'ਤੇ ਸੰਪੂਰਨ ਰੂਪ ਵਿਚ ਛੇ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਰੁੱਤਾਂ ਅਨੁਸਾਰ ਵਾਤਾਵਰਣ ਵਿਚ ਕਿਵੇਂ ਤਬਦੀਲੀ ਆਉਂਦੀ ਹੈ? ਇਹ ਰੁੱਤਾਂ ਸਾਡੇ ਅਨੁਸਾਰੀ ਕਿਵੇਂ ਬਣ ਸਕਦੀਆਂ ਹਨ। ਸਾਡੇ ਅਨੁਸਾਰੀ ਬਣਨਾ ਹੀ ਬਾਰਹ-ਮਾਹਾ ਦੀ ਆਰੰਭਤਾ ਹੈ। ਇਨ੍ਹਾਂ ਰੁੱਤਾਂ ਵਿਚ ਸਭ ਤੋਂ ਮਨ ਪਸੰਦ ਰੁੱਤ ਬਸੰਤ ਰੁੱਤ ਮੰਨੀ ਗਈ ਹੈ। ਜਦੋਂ ਨਾ ਸਰਦੀ 'ਤੇ ਨਾ ਹੀ ਗਰਮੀ ਸਤਾਉਂਦੀ ਹੈ। ਇਹ ਗਰਮੀ ਤੇ ਸਰਦੀ ਦੋਨਾਂ ਦਾ ਸੁਮੇਲ ਮੰਨੀ ਜਾਂਦੀ ਹੈ। ਇਸੇ ਰੁੱਤ ਵਿਚ ਬਨਸਪਤੀ ਮਉਲਦੀ ਹੈ। ਦਰਖਤ ਹਰੇ ਭਰੇ ਹੁੰਦੇ ਹਨ। ਕਰੂੰਬਲਾਂ ਫੁਟਦੀਆਂ ਹਨ। ਪੰਛੀਆਂ ਦੀ ਚਿਹਚਿਹਾਟ ਵਧਦੀ ਹੈ। ਕੋਇਲ ਅੰਬਾਂ 'ਤੇ ਕੂਕਦੀ ਹੈ।

ਭਾਵ -

*ਆਪਿ ਬਸੰਤੁ ਜਗਤੁ ਸਭੁ ਵਾੜੀ ॥*
*ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥ ਅੰਗ - ੧੧੭੭*

*ਆਜੁ ਹਮਾਰੈ ਗ੍ਰਿਹਿ ਬਸੰਤ ॥*
*ਗੁਨ ਗਾਏ ਪ੍ਰਭ ਤੁਮ੍ ਬੇਅੰਤ ॥ ਅੰਗ - ੧੧੮੦*

ਜਦੋਂ ਮਨੁੱਖ ਨਾਮ ਨਾਲ ਜੁੜ ਗਿਆ ਤਾਂ ਉਸ ਦੇ ਮਨ ਦੀ ਰੁੱਤ ਵੀ ਬਦਲ ਜਾਂਦੀ ਹੈ ਭਾਵ ਕਿ ਬਸੰਤ ਰੁੱਤ ਦਾ ਆਗਮਨ ਹੋ ਜਾਂਦਾ ਹੈ।

*ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥*
*ਅੰਗ - ੪੫੨*

ਬਸੰਤ ਦੀ ਭਲੀ ਰੁੱਤ ਚੇਤ ਦੇ ਮਹੀਨੇ ਵਿਚ ਆਉਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰਹ ਮਾਹਾ ਦੋ ਰੂਪਾਂ ਵਿਚ ਸਾਨੂੰ ਬਖਸ਼ਿਸ਼ ਕੀਤਾ ਹੈ। ਇਕ ਤੁਖਾਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਰਾਹੀਂ ਬਖਸ਼ਿਸ਼ ਹੋਇਆ। ਦੂਸਰਾ ਮਾਝ ਰਾਗ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਪਾਤਸ਼ਾਹ ਰਾਹੀਂ ਬਖਸ਼ਿਸ਼ ਹੋਇਆ। ਦੋਨਾਂ ਦਾ ਆਰੰਭ 'ਚੇਤਿ' ਤੋਂ ਹੀ ਹੁੰਦਾ ਹੈ।

ਚੇਤਿ ਬਸੰਤ ਦਾ ਪ੍ਰਤੀਕ ਹੈ। ਚੇਤਿ ਤੋਂ ਪਹਿਲਾਂ ਫਲਗੁਣਿ ਲੰਘਿਆ ਹੈ। ਫੱਗਣ ਤੇ ਚੇਤਿ ਦੋਨੋਂ ਬਸੰਤ ਦਾ ਪ੍ਰਤੀਕ ਹਨ।

ਸੰਸਾਰ ਤਪਤ ਦਾ ਪ੍ਰਤੀਕ ਹੈ। ਮਹਾਰਾਜ ਸਾਡੇ ਅੰਦਰ ਦੇ ਬਾਰਹ ਮਾਹਾ ਦਾ ਚਿਤਰਣ ਕਰ ਰਹੇ ਹਨ। ਅੰਦਰਲੀ ਬਦਲਦੀ ਅਵਸਥਾ ਦਾ ਨਕਸ਼ਾ ਖਿੱਚ ਰਹੇ ਹਨ। ਕਿਵੇਂ ਪਹਿਲਾਂ ਜੀਵ ਮਾਤਾ ਦੇ ਪੇਟ ਵਿਚ ਅਗਨਿ ਸਹਿਨ ਕਰ ਰਿਹਾ ਹੁੰਦਾ ਹੈ -

*ਮਾਤ ਗਰਭ ਮਹਿ ਆਪਨ ਸਿਮਰਨੁ ਦੇ*
*ਤਹ ਤੁਮ ਰਾਖਨਹਾਰੇ ॥*
*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ ॥ ਅੰਗ - ੬੧੩*

ਉਥੇ ਜਠਰਾ ਅਗਨ ਤਪਾ ਰਹੀ ਸੀ ਪਰ ਅਕਾਲ ਪੁਰਖ ਨੇ ਉਥੇ ਵੀ ਤਰਸ ਖਾ ਕੇ ਆਪਣੇ ਨਾਮ ਦੀ ਸੀਤਲਤਾ ਬਖਸ਼ੀ। ਜੇ ਸਿਮਰਨ ਨਾ ਉਥੇ ਹੁੰਦਾ ਤਾਂ ਬਚਣਾ ਮੁਸ਼ਕਿਲ ਸੀ। ਬਾਹਰ ਆਉਂਦੇ ਸਾਰ ਵੀ ਮਾਇਆ ਰੂਪੀ ਤਪਤ ਦਾ ਸਾਮ੍ਹਣਾ ਕਰਨਾ ਪਿਆ।

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥ ਅੰਗ- ੯੨੧*

ਹੁਣ ਸੰਸਾਰ ਵੀ ਅਗਨਿ ਰੂਪ ਹੈ ਪਰ ਕੀ ਇਸ ਨੂੰ ਤਿਆਗਣ 'ਚ ਭਲਾਈ ਹੈ? ਨਹੀਂ, ਇਸ ਦੇ ਵਿਚ ਰਹਿ ਕੇ, ਨਾਮ ਨਾਲ ਜੁੜ ਕੇ, ਸੀਤਲਤਾ ਪ੍ਰਾਪਤ ਕਰਨੀ, ਆਪਣੇ ਅੰਦਰ ਬਸੰਤ ਪੈਦਾ ਕਰਨੀ ਹੈ। ਭਾਵ -

*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ ॥ ਅੰਗ - ੯੨੧*

ਬਸੰਤ ਰੁੱਤ ਸਰਦੀ ਤੇ ਗਰਮੀ ਦਾ ਸੁਮੇਲ ਹੈ। ਜਿਥੇ ਦੋਨਾਂ ਦਾ ਸੁਮੇਲ ਹੋਵੇ ਉਹ ਚੇਤਿ ਮਹੀਨਾ ਹੈ।

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥

ਹੁਣ ਤਪਤ ਤੋਂ ਛੁਟਕਾਰਾ ਹੋ ਕੇ ਸੀਤਲਤਾ ਰੂਪੀ ਅਨੰਦ ਵਰਤ ਗਿਆ।

*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ ॥ ਅੰਗ - ੬੧੩*

ਉਸ ਪ੍ਰਮੇਸ਼ਰ ਦੀ ਅਰਾਧਣਾ ਨਾਲ ਅਨੰਦ ਵਿਗਸ ਗਿਆ। ਆਨੰਦ ਦਾ ਵਾਤਾਵਰਣ ਸਿਰਜਿਆ ਗਿਆ। ਦੁਨਿਆਵੀ ਆਨੰਦ ਫਿੱਕੇ ਹਨ, ਸੁਖਮਈ ਭਾਸਦੇ ਹਨ ਪਰ ਦੁਖਦਾਇਕ ਹੋ ਨਿਬੜਦੇ ਹਨ। ਪਰ ਸਤਿਗੁਰੂ ਵਲੋਂ ਬਖਸ਼ਿਸ਼ ਆਨੰਦ ਸਦੀਵੀ ਹੈ।

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*
*ਅੰਗ - ੯੧੭*

ਭਾਵ –

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*

*ਅੰਗ – ੯੧੭*

ਪਰ ਇਸ ਆਨੰਦ ਦੀ ਪ੍ਰਾਪਤੀ ਵਾਸਤੇ ਇਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸੰਤ ਜਨਾਂ ਕੋਲ ਜਾਣਾ ਪੈਣਾ ਹੈ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ – ੫੨੦*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*

*ਅੰਗ – ੩੨੦*

*ਜਨ ਕੈ ਸੰਗਿ ਚਿਤਿ ਆਵੈ ਨਾਉ ॥ ਅੰਗ – ੨੯੫*

ਜੁੜੇ ਹੋਏ ਹੀ, ਜੋੜਨ ਦੇ ਸਮਰੱਥ ਹਨ, ਮਿਲੇ ਹੋਏ ਹੀ ਮੇਲਣ ਦੇ ਸਮਰੱਥ ਹਨ। ਲੱਖਾਂ ਬੁਝੇ ਦੀਵੇ ਇਕ ਦੀਵਾ ਨਹੀਂ ਜਗਾ ਸਕਦੇ ਪਰ ਇਕ ਜਗਦਾ ਦੀਵਾ ਲੱਖਾਂ ਬੁਝਿਆਂ ਨੂੰ ਜਗਾ ਸਕਦਾ ਹੈ।

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥

ਜਿਨ੍ਹਾਂ ਨੇ ਸੰਤਾਂ ਦੀ ਸੰਗਤਿ ਵਿਚ ਮਿਲ ਕੇ, ਰੱਬ ਦੇ ਪਿਆਰਿਆਂ ਦੀ ਸੰਗਤ ਦੇ ਮਿਲਾਪ ਨਾਲ ਉਸ ਨੂੰ ਪਾ ਲਿਆ ਭਾਵ ਪ੍ਰਾਪਤ ਕਰ ਲਿਆ। ਉਨ੍ਹਾਂ ਦਾ ਆਉਣਾ ਸਫਲਾ ਹੋ ਗਿਆ –

ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥

ਪ੍ਰਮੇਸ਼ਰ ਦੇ ਪਿਆਰ ਵਾਲੇ ਹੀ ਇਸ ਮਾਤ ਲੋਕ 'ਤੇ ਆਏ ਪ੍ਰਵਾਨ ਹਨ।

ਭਾਵ –

*ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਅੰਗ – ੨੫੨*

ਉਸ ਪ੍ਰਮੇਸ਼ਰ ਦੀ ਯਾਦ ਤੋਂ ਬਿਨਾਂ ਲੰਘਿਆ ਇਕ-ਇਕ ਛਿਨ ਬੇਅਰਥ ਹੈ।

*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥*

ਉਨ੍ਹਾਂ ਦਾ ਨਾਮ ਤੋਂ ਬਿਨਾਂ ਇਸ ਸੰਸਾਰ 'ਤੇ ਆਉਣਾ, ਨਾ-ਆਉਣਾ ਇਕ ਬਰਾਬਰ ਹੈ –

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥ ਅੰਗ – ੪੫੦*

ਉਹ ਪ੍ਰਭੂ ਜ਼ਰੇ-ਜ਼ਰੇ ਵਿਚ ਸਮਾਇਆ ਹੈ ਕਿਉਂਕਿ ਉਹ ਕਰਤਾ ਹੁੰਦਾ ਹੋਇਆ ਅਕਾਲ ਪੁਰਖ ਵੀ ਹੈ। ਉਹ ਆਪਣੀ ਰਚੀ ਸ੍ਰਿਸ਼ਟੀ ਵਿਚ ਵਿਦਮਾਨ ਹੈ-

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ – ੪੬੩*

ਜਲਾਂ ਥਲਾਂ ਅਤੇ ਵਣਾਂ ਵਿਚ ਭਾਵ ਹਰ ਥਾਂ ਉਸ ਦਾ ਵਾਸਾ ਹੈ –

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥

ਪਰ ਜੀਵ ਜੇਕਰ ਉਸ ਸਾਰੇ ਪਰੀਪੂਰਨ ਪ੍ਰਮਾਤਮਾ ਨੂੰ ਭੁੱਲ ਕੇ ਸਮਾਂ ਗੁਜ਼ਾਰਦਾ ਹੈ ਤਾਂ ਇਸ ਤੋਂ ਵੱਡਾ ਦੁੱਖ ਹੋਰ ਕੋਈ ਨਹੀਂ ਹੈ –

ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥

ਭਾਵ –

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*

*ਅੰਗ – ੧੩੫*

*ਹਰਿ ਬਿਸਰਤ ਸਦਾ ਖੁਆਰੀ ॥ ਅੰਗ – ੭੧੧*

ਜੋ ਪ੍ਰਭੂ ਨੂੰ ਰਾਸ ਆ ਗਏ ਭਾਵ ਭਾਅ ਗਏ ਉਨ੍ਹਾਂ ਦੇ ਭਾਗ, ਮਣਾ ਢੇਰ ਸਾਰੇ ਵੱਡੇ ਹਨ।

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*

*ਅੰਗ – ੭੪੯*

*ਵਡੈ ਭਾਗਿ ਭੇਟੇ ਗੁਰਦੇਵਾ ॥ ਅੰਗ – ੬੯੩*

ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥

ਜਦੋਂ ਐਸੀ ਸੋਝੀ ਦੀ ਬਖਸ਼ਿਸ਼ ਹੁੰਦੀ ਹੈ ਤਾਂ ਅੰਦਰੋਂ ਅਰਦਾਸ ਆਪ ਮੁਹਾਰੇ ਨਿਕਲਦੀ ਹੈ –

ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥

ਮਨ ਅੰਦਰ ਇਕ ਤਾਂਘ ਹੈ ਕਿ ਦੁਨੀਆਂ ਦੀ ਤਪਸ਼ ਵਿਚ ਬਸੰਤ ਪ੍ਰਾਪਤ ਹੋ ਜਾਵੇ। ਦੁਨਿਆਵੀ ਬੰਦੇ ਨੂੰ ਪਿਆਸ ਤੇ ਭੁੱਖ ਹੋਰ ਹੁੰਦੀ ਹੈ। ਪਰ ਪਰਮਾਰਥੀ ਲਈ ਭੁੱਖ ਤੇ ਪਿਆਸ ਹੋਰ ਹੈ। ਸੰਸਾਰੀ ਨੂੰ ਭੁੱਖ ਪਦਾਰਥਾਂ ਦੀ ਹੈ ਤੇ ਪਿਆਸ ਪਰਾਏ ਰੂਪ ਦੇਖਣ ਦੀ ਹੈ। ਪਰਮਾਰਥੀ ਨੂੰ ਭੁੱਖ ਨਾਮ ਦੀ ਹੈ

*ਸਾਚੇ ਨਾਮ ਕੀ ਲਾਗੈ ਭੂਖ ॥ ਅੰਗ – ੯*

*(ਬਾਕੀ ਪੰਨਾ 24 'ਤੇ)*

# ਮੰਝ ਪਿਆਰਾ ਗੁਰੂ ਨੂੰ.......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਕੋਈ ਨਾਉਂ ਨਾ ਜਾਣੈ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਹੈ।*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ ੧ ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ*
*ਸਗਲੇ ਜੀਅ ਤੁਮ੍ਾਰੇ ॥ ੧ ॥ ਰਹਾਉ ॥*
*ਤੇਰੀ ਟੇਕ ਤੇਰਾ ਆਧਾਰਾ*
*ਹਾਥ ਦੇਇ ਤੂੰ ਰਾਖਹਿ ॥*
*ਜਿਸੁ ਜਨ ਊਪਰਿ ਤੇਰੀ ਕਿਰਪਾ*
*ਤਿਸ ਕਉ ਬਿਪੁ ਨ ਕੋਊ ਭਾਖੈ ॥ ੨ ॥*
*ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ*
*ਨਾਮੁ ਮਿਲੈ ਰੰਗੁ ਮਾਣੀ ॥ ੩ ॥*
*ਤੁਧੁ ਆਗੈ ਅਰਦਾਸਿ ਹਮਾਰੀ*
*ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ ॥ ੪ ॥ ੧੦ ॥ ੪੯ ॥*
*ਅੰਗ - ੩੮੩*

*ਧਾਰਨਾ - ਕਿਤੇ ਡੋਲ ਨਾ ਜਾਈਂ ਓ ਮਨਾਂ ਮੇਰਿਆਂ,*
*ਦੁਖਾਂ ਦੇ ਪਹਾੜ ਵੇਖ ਕੇ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ ਸਤਿਨਾਮੁ ਸ੍ਰੀ ਵਾਹਿਗੁਰੂ। ਅੱਜ ਆਪ ਸੱਤਵੇਂ ਦੀਵਾਨ ਦੇ ਅੰਦਰ ਲਗਾਤਾਰ ਲੜੀ ਬੰਨ੍ਹਵੀਂ ਇਕ ਗੁਰਸਿੱਖ ਦੀ ਗਾਥਾ ਸੁਣ ਰਹੇ ਹੋਂ। ਜਿਸ ਦਾ ਜੀਵਨ, ਸਾਡੇ ਵਾਸਤੇ, ਜੋ ਲੰਘ ਚੁੱਕੇ ਸਾਡੇ ਬਜ਼ੁਰਗ ਉਨ੍ਹਾਂ ਵਾਸਤੇ, ਜਿਹੜੇ ਸੰਸਾਰ 'ਤੇ ਅਜੇ ਆਉਣੇ ਨੇ ਉਹਨਾਂ ਵਾਸਤੇ, ਇਕ ਬਹੁਤ ਵੱਡੇ ਚਾਨਣ ਮੁਨਾਰੇ ਦਾ ਕੰਮ ਕਰਦੈ ਕਿਉਂਕਿ ਸਮਾਂ ਬਦਲਦਾ ਹੈ, ਸਮੇਂ ਦੀਆਂ ਸੋਚਾਂ ਬਦਲਦੀਆਂ ਨੇ, ਸਮੇਂ ਦੀਆਂ ਕੀਮਤਾਂ ਬਦਲਦੀਆਂ ਨੇ। ਕੋਈ ਸਮਾਂ ਸੀ, ਪੰਜ ਹਜ਼ਾਰ ਸਾਲ ਪਹਿਲਾਂ, ਜਦੋਂ ਕੋਈ ਬਚਨ ਕੀਤਾ ਜਾਂਦਾ ਸੀ, ਚਾਹੇ ਠੀਕ ਕਰ ਲਿਆ, ਚਾਹੇ ਗਲਤ ਕਰ ਲਿਆ, ਉਹਨੂੰ ਨਿਭਾਉਣ ਵਾਸਤੇ ਚਾਹੇ ਜਾਨ ਦੇਣੀ ਪਵੇ, ਜਾਨ ਦਿੰਦੇ ਸੀ। ਅੱਜ ਸਮਾਂ ਆ ਗਿਆ ਕਿ ਜੇ ਸਾਡੇ ਤੋਂ ਗਲਤ ਬਚਨ ਕੀਤਾ ਗਿਆ, ਉਹਦੇ ਉਤੇ ਪਹਿਰਾ ਨਾ ਦਿਓ, ਉਹਦੇ ਤੋਂ ਮੁਨਕਰ ਹੋ ਜਾਣਾ ਠੀਕ ਹੁੰਦੈ। ਕਿਉਂਕਿ ਕੀਮਤਾਂ ਬਦਲ ਜਾਂਦੀਆਂ ਨੇ ਸਮੇਂ ਦੇ ਨਾਲ। ਜਦੋਂ ਪਹਿਲੀ ਕਲਚਰ ਦੀਆਂ ਕੀਮਤਾਂ ਬਦਲਣੀਆਂ ਸ਼ੁਰੂ ਹੋ ਜਾਣ, ਸਮਝ ਲਓ, ਕੌਮ ਦਾ ਪਤਨ ਹੋਣ ਲਗ ਗਿਆ। ਇਹ ਆਪਣੀ ਮੌਲਕਿਤਾ ਤੋਂ ਬਹੁਤ ਥੱਲੇ ਆ ਗਈ। ਇਸੇ ਤਰ੍ਹਾਂ ਜੋ ਗੁਰੂ ਮਹਾਰਾਜ ਦੇ ਸਮੇਂ, ਜੀਵਨ ਬਤੀਤ ਕੀਤੇ ਗੁਰਸਿੱਖਾਂ ਨੇ, ਜਿਸ ਤਰ੍ਹਾਂ ਦੇ ਨਾਲ ਰਹੇ ਮਹਾਰਾਜ ਦੇ ਨਾਲ, ਜਿਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਉਹਨਾਂ ਨੂੰ ਰੱਖਿਆ, ਉਹਨਾਂ ਨੂੰ ਜਦੋਂ ਅਸੀਂ ਅੱਜ ਦੇਖਦੇ ਹਾਂ ਤਾਂ ਸਾਨੂੰ ਇਸ ਤਰ੍ਹਾਂ ਲਗਦੈ ਕਿ ਮਹਾਰਾਜ ਬਹੁਤ ਜ਼ਿਆਦਾ ਸਖ਼ਤ ਕਸਵੱਟੀ ਲਾਉਂਦੇ ਸੀ। ਅੱਜ ਦਾ ਸਿੱਖ ਕੋਈ ਨਹੀਂ ਹੈ, ਜਿਹੜਾ ਐਡੀ ਸਖ਼ਤ ਕਸਵੱਟੀ, ਗੁਰੂਆਂ ਦੀ, ਸਹਿ ਜਾਵੇ। ਕੋਈ ਵਿਰਲਾ-ਵਿਰਲਾ ਪੁਰਸ਼ ਹੈ। ਪਰ ਇਹ ਚਾਨਣ ਮੁਨਾਰੇ ਨੇ ਸਾਡੇ ਵਾਸਤੇ ਕਿ ਜੇ ਸਿੱਖੀ ਕਮਾਉਣੀ ਹੈ ਤਾਂ ਇਸ ਤਰ੍ਹਾਂ ਦਾ ਸਿੱਖ ਬਣੋ, ਜਿਸ ਤਰ੍ਹਾਂ ਦੀ ਸਿੱਖੀ ਕਮਾਈ ਤੋਂ ਗੁਰੂ ਪ੍ਰਸੰਨ ਹੋਵੇ ਤੇ ਉਹ ਪ੍ਰਵਾਨ ਹੋਵੇ। ਉਹ ਸੁਖਾਲੀ ਚੀਜ਼ ਨਹੀਂ ਹੁੰਦੀ। ਬਹੁਤ ਔਖੀ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਜਿਉਂਦੇ ਮਰ ਜਾਵਣਾ,*
*ਸਿੱਖੀ ਕਮਾਉਣੀ ਔਖੀ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- ੧੪੧੨*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਕਿਉਂਕਿ ਆਹ ਸੰਸਾਰ ਵਲੋਂ ਮਰਨ ਦੇ ਨਾਲ ਦਰਗਾਹ ਦੇ ਵਿਚ ਜ਼ਿੰਦਗੀ ਪ੍ਰਾਪਤ ਹੁੰਦੀ, ਜੋ ਸਦਾ ਦੀ ਜ਼ਿੰਦਗੀ ਹੈ। ਮਹਾਰਾਜ ਕਹਿੰਦੇ, ਇਹ ਕੋਈ ਸੁਖਾਲੀ ਚੀਜ਼ ਨਹੀਂ ਹੈ। ਪਹਿਲਾਂ ਗੱਲ ਸਮਝੋ, ਫੇਰ ਸਿੱਖੀ ਧਾਰਨ ਕਰੋ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਇਹ ਗੱਲ ਸਾਰੀ ਸੰਗਤ ਨੂੰ ਸਾਫ ਕਰੀ, ਕਹਿਣ ਲੱਗੇ, ਪ੍ਰੇਮੀਓ! ਦੇਖਣ ਨੂੰ ਤਾਂ ਬਹੁਤ ਸਿੱਖ ਨੇ। ਬੜੀ ਗਿਣਤੀ ਹੈ ਇਹਨਾਂ ਦੀ, ਪਰ ਹੈਨ ਵਿਰਲੇ-ਵਿਰਲੇ। ਸਾਰੇ ਨਹੀਂ ਹਨ।

ਪਾਤਸ਼ਾਹ! ਇਹ ਫੇਰ ਬਾਕੀ ਦੇ ਕਿਹੜੀ ਗਿਣਤੀ 'ਚ ਆਉਂਦੇ ਨੇ?

ਮਹਾਰਾਜ ਕਹਿੰਦੇ, ਇਕ ਤਾਂ ਹੈਗੇ ਦੇਖਾ-ਦੇਖੀ ਦੇ, ਇਹ ਸਮਝ ਲਓ 40% ਹੋਣੇ ਨੇ। ਦੂਸਰੇ ਹੈਗੇ ਭੇਖ ਦੇ। ਇਹ 30% ਹੋਣੇ ਨੇ। ਤੀਸਰੇ ਹੈਗੇ ਹਿਰਸ ਦੇ ਇਹਨਾਂ ਨੂੰ 20% ਲਾ ਲਓ। ਇਹਨਾਂ ਤਿੰਨਾਂ ਨੂੰ 90% ਨੂੰ ਇਕ ਬਰੈਕਟ ਵਿਚ ਬੰਦ ਕਰ ਲਓ ਕਿਉਂਕਿ ਇਹ ਤਿੰਨੋਂ ਇਕੋ ਜਿਹੇ ਨੇ। ਇਹਨਾਂ 'ਚ ਬਹੁਤਾ ਫਰਕ ਨਹੀਂ ਹੈ।

ਫੇਰ ਮਹਾਰਾਜ! ਬਾਕੀ ਦੋ ਕੌਣ ਹੋਏ?

ਕਹਿੰਦੇ, ਦੋ ਦੇ ਵਿਚ ਇਕ ਆਇਆ ਕਰਦੈ ਹੈ ਸਿਦਕੀ ਸਿੱਖ/ਸਿਦਕ ਦੀ ਸਿੱਖੀ ਜਿਹੜੀ ਹੁੰਦੀ ਹੈ, ਉਹਦਾ ਸਭ ਕੁਝ ਚਲਿਆ ਜਾਵੇ, ਕੁਝ ਵੀ ਨਾ ਬਚੇ, ਸਰੀਰ ਵੀ ਨਾ ਬਚੇ। ਉਹ ਇਕ ਚੀਜ਼ ਬਚਾਉਂਦਾ ਹੈ ਕਿ ਜੇ ਸਭ ਕੁਝ ਜਾ ਕੇ, ਮੇਰਾ ਸਰੀਰ ਜਾ ਕੇ, ਮੇਰਾ ਘਰ-ਬਾਰ ਜਾ ਕੇ, ਪਰਿਵਾਰ ਜਾ ਕੇ ਜੇ ਮੇਰਾ ਸਿਦਕ ਬਚਿਆ ਰਹੇ ਤਾਂ ਮੈਂ ਸਭ ਕੁਝ ਜਿੱਤ ਲਿਆ ਤੇ ਉਹਦੇ ਮਨ ਦੀ ਭਾਵਨਾ ਬਹੁਤ ਉੱਚੀ ਹੋਇਆ ਕਰਦੀ ਹੈ -

*ਧਾਰਨਾ - ਸਿਰ ਜਾਵੇ ਤਾਂ ਜਾਵੇ,*
*ਮੇਰਾ ਸਿੱਖੀ ਸਿਦਕ ਨਾ ਜਾਵੇ।*

ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ ਕਿ ਜੋ ਸਿਦਕ ਦੇ ਸਿੱਖ ਹੁੰਦੇ ਨੇ, ਉਹਨਾਂ ਵਾਸਤੇ ਦੇਹ ਅਧਿਆਸ ਕੋਈ ਚੀਜ਼ ਨਹੀਂ ਹੁੰਦੀ। ਗੁਰੂ ਪ੍ਰਸੰਨ ਹੋਣਾ ਚਾਹੀਦਾ ਹੈ ਸਭ ਕੁਝ ਦੇਣ ਤੋਂ ਬਾਅਦ। ਕਹਿੰਦੇ, ਇਹ ਤੇ ਦੂਸਰੇ ਭਾਵਨੀ ਦੇ ਸਿੱਖ। ਭਾਵਨੀ ਦੇ ਜੋ ਸਿੱਖ ਹੁੰਦੇ ਨੇ ਉਹ ਗੁਰੂ ਨੂੰ ਸਾਖਸ਼ਾਤ ਪ੍ਰਮੇਸ਼ਰ ਜਾਣਦੇ ਨੇ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - ੪੪੨*

ਸੋ ਇਸ ਤਰ੍ਹਾਂ ਦੇ ਨਾਲ ਸਿੱਖੀ ਦਾ ਦਰਜਾ ਘੱਟ-ਵੱਧ ਹੋਇਆ ਕਰਦੈ। ਦੋ ਜਿਹੜੇ ਪਿਛਲੇ ਨੇ ਇਹ ਤਾਂ ਹੈਗੇ ਪ੍ਰਵਾਨ, ਜਿਹੜੇ ਪਹਿਲੇ ਨੇ ਇਹ ਕੱਚੇ ਹੋਇਆ ਕਰਦੇ ਨੇ -

*ਝੜਿ ਝੜਿ ਪਵਦੇ ਕਚੇ ਬਿਰਹੀ*
*ਜਿਨ੍ਾ ਕਾਰਿ ਨ ਆਈ ॥* *ਅੰਗ- ੧੪੨੫*

ਇਹ ਝੜ ਜਾਇਆ ਕਰਦੇ ਨੇ। ਔਖ-ਸੌਖ ਆ ਜਾਏ ਸਾਥ ਛੱਡ ਜਾਇਆ ਕਰਦੇ ਨੇ। ਸੋ ਇਹ ਜੋ ਗੁਰਸਿੱਖ ਸੀ ਭਾਈ ਮੰਝ, ਜਿਸ ਦਾ ਆਪਾਂ ਕਈ ਦਿਨਾਂ ਤੋਂ ਜ਼ਿਕਰ ਕਰ ਰਹੇ ਹਾਂ, ਗੁਰੂ ਮਹਾਰਾਜ ਨੇ ਜਦੋਂ ਦੇਖਿਆ ਕਿ ਇਹਦਾ ਹੁਣ ਚੌਥੇ ਪਦ ਦੇ ਵਿਚ ਨਿਵਾਸ ਹੋ ਗਿਆ ਤਾਂ ਆਪ ਨੇ ਇਹ ਦੇਖ ਕੇ ਕਿ ਹੁਣ ਇਹਦਾ ਜੀਵਨ ਪੱਕਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਨਾਲ ਇਕ ਪਹਿਲਵਾਨ ਹੋਵੇ, ਉਹ ਖਾੜੇ ਦੇ ਵਿਚ ਡੰਡ ਬੈਠਕਾਂ ਕੱਢਦੈ। ਜ਼ੋਰ ਕਰਦੈ ਪਰ ਉਹਦੇ ਜ਼ੋਰ ਦਾ ਪਤਾ ਉਦੋਂ ਲਗਦੈ ਜਦੋਂ ਉਹ ਕਿਸੇ ਖਾੜੇ ਦੇ ਅੰਦਰ ਜਾ ਕੇ ਦੂਸਰਿਆਂ ਨਾਲ ਘੁਲਦੈ। ਆਪਣੇ ਖਾੜੇ ਵਿਚ ਤਾਂ ਉਹ ਸਭ ਤੋਂ ਤਕੜਾ ਹੈ, ਬੇਗਾਨੇ ਖਾੜੇ ਵਿਚ ਜਾ ਕੇ ਪਤਾ ਲਗਦੈ ਕਿ ਇਹ ਕਿੰਨਾਂ ਕੁ ਸਟੈਂਡ ਕਰ ਸਕਦੈ, ਕਿੰਨਾ ਇਹਦਾ ਸਟੈਮਿਨਾ ਹੈ। ਕਿੰਨਾ ਕੁ ਇਹ ਲੜ ਸਕਦੈ ਦੂਸਰਿਆਂ ਨਾਲ। ਸੋ ਇਸੇ ਤਰ੍ਹਾਂ ਇਹ ਗ੍ਰਿਹਸਤ ਦਾ ਖਾੜਾ ਹੈ, ਸੰਸਾਰ 'ਚ ਰਹਿਣਾ। ਇਸ ਖਾੜੇ 'ਚ ਆ ਕੇ ਵੱਡੇ-ਵੱਡੇ ਡੋਲ ਜਾਂਦੇ ਨੇ ਕਿਉਂਕਿ ਇਥੇ ਹਰ ਰੋਜ਼ ਮਾਇਆ ਨਾਲ ਵਾਹ ਪੈਂਦਾ ਹੈ। illusion, ignorance ਨਾਲ ਵਾਹ ਪੈਂਦੈ। ਸੋ ਇਸ ਗੁਰਸਿੱਖ ਨੂੰ ਪੂਰਾ ਕਰਨ ਵਾਸਤੇ ਮਹਾਰਾਜ ਨੇ ਇਸ ਨੂੰ ਕਸਵੱਟੀ ਦਾ ਤਾਅ ਲਾ ਦਿਤਾ। ਜਿਵੇਂ ਸ਼ੁੱਧ ਹੋਏ-ਹੋਏ ਸੋਨੇ ਨੂੰ ਫੇਰ ਤਾਅ ਲਾਉਂਦੇ ਨੇ ਤਾਂ ਕਿ ਜੋ ਮੈਲ ਮਾੜੀ-ਮੋਟੀ ਰਹਿੰਦੀ ਹੈ, ਉਹ ਵੀ ਨਿਕਲ ਜਾਵੇ। ਅਵਸਥਾ ਤਾਂ ਇਹਦੀ ਹੋ ਗਈ ਸੀ ਚੌਥੇ ਪਦ ਦੀ। ਨਿਜ ਘਰ ਦੇ ਵਿਚ ਵਾਸਾ ਹੋ ਗਿਆ ਸੀ ਪਰ ਅਜੇ ਮਾਇਆ ਨਾਲ ਘੁਲਣਾ ਬਾਕੀ ਰਹਿੰਦਾ ਸੀ। ਕਿਉਂਕਿ ਗਿਆਨ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਤਾਂ ਗਿਆਨ ਹੁੰਦੈ, ਸਮਾਧੀ ਦੇ ਵਿਚ ਗਿਆਨ ਪ੍ਰਾਪਤ ਹੋ ਜਾਂਦੈ। ਪੂਰਨ ਗਿਆਨ ਹੋ ਜਾਂਦੈ, ਕੋਈ ਕਸਰ ਨਹੀਂ ਰਹਿੰਦੀ, ਪਰ ਜਦੋਂ ਪ੍ਰਵਿਰਤੀ ਵਿਚ ਓਹੀ ਰੂਹ ਆਉਂਦੀ ਹੈ, ਉਸ

ਵੇਲੇ ਵਿਖਸ਼ੇਪਤਾ ਦਾ ਅਸਰ ਉਹਦੇ ਉਤੇ ਹੋਣਾ ਸ਼ੁਰੂ ਹੋ ਜਾਂਦੈ। ਜਿਹਨੂੰ ਤਾਂ ਪੂਰਨ ਗਿਆਨ ਹੈ, ਦ੍ਰਿੜ੍ਹ ਗਿਆਨ ਹੋਇਆ ਹੋਇਐ, ਉਹਦੇ ਉਤੇ ਤਾਂ ਨਹੀਂ ਅਸਰ ਹੁੰਦਾ। ਜਿਹਦਾ ਗਿਆਨ ਅਜੇ ਕੱਚਾ ਹੈ, ਉਹ ਹੌਲੀ-ਹੌਲੀ ਸਿਥਲ ਹੋ ਜਾਇਆ ਕਰਦੈ, ਢਿੱਲਾ ਪੈ ਜਾਇਆ ਕਰਦੈ। ਅਗਿਆਨੀਆਂ ਦੀ ਪੰਗਤੀ 'ਚ ਆ ਕੇ ਖੜ੍ਹਾ ਹੋ ਜਾਇਆ ਕਰਦੈ। ਜਦੋਂ ਫੇਰ ਉਹਨੂੰ ਸੰਗਤ ਹੋ ਜਾਂਦੀ ਹੈ, ਮੁੜ ਕੇ ਫੇਰ ਉਥੇ ਚਲਿਆ ਜਾਂਦੈ। ਜਿਵੇਂ ਦਰਖ਼ਤ ਦੀ ਟਾਹਣੀ ਹੈ, ਹੱਥ ਪਾ ਕੇ ਇਹਨੂੰ ਹੇਠਾਂ ਨੂੰ ਖਿੱਚ ਲਓ। ਖਿੱਚੀ ਹੋਈ ਹੇਠਾਂ ਝੁਕ ਜਾਏਗੀ ਪਰ ਜਦੋਂ ਛੱਡਾਂਗੇ, ਮੁੜ ਕੇ ਫੇਰ ਉਥੇ ਚਲੀ ਜਾਏਗੀ। ਇਸੇ ਤਰ੍ਹਾਂ ਨਾਲ ਜੋ ਗ੍ਰਿਹਸਤੀ ਹੁੰਦੈ, ਜਿਹਨੇ ਕਰਮ ਖੇਤਰ ਵਿਚ ਆਉਣੈ ਉਹਦੇ ਵਾਸਤੇ ਮੁਸ਼ਕਲਾਂ ਬਹੁਤ ਪੈਣੀਆਂ ਨੇ। ਜ਼ਿੰਮੇਵਾਰੀਆਂ ਬਹੁਤ ਨੇ ਤੇ ਉਹ ਸਾਰੀਆਂ ਜ਼ਿੰਮੇਵਾਰੀਆਂ ਸੁਖਾਵੀਆਂ ਨਹੀਂ ਹੁੰਦੀਆਂ, ਅਣਸੁਖਾਵੀਆਂ ਵੀ ਹੁੰਦੀਆਂ ਨੇ। ਤੰਗੀ ਕਰਨ ਵਾਲੀਆਂ ਵੀ ਹੁੰਦੀਆਂ, ਦਿਲ ਤੋੜਨ ਵਾਲੀਆਂ ਵੀ ਹੁੰਦੀਆਂ ਨੇ, ਨਿਰਾਦਰ ਵਾਲੀਆਂ ਵੀ ਹੁੰਦੀਆਂ ਨੇ, ਨਾ-ਖੁਸ਼ੀ, ਗਮੀ ਦੇਣ ਵਾਲੀਆਂ ਵੀ ਹੁੰਦੀਆਂ ਨੇ। ਉਹ ਸੱਟਾਂ ਪੈਂਦੀਆਂ ਨੇ, ਸੱਟਾਂ ਦੇ ਵਿਚ ਕਿੰਨਾਂ ਕੁ ਥਿਰ ਰਹਿ ਸਕਦੈ। ਝਟਕਾ ਸਭ ਨੂੰ ਪੈਂਦੈ, ਇਕ ਉਹ ਨੇ ਜਿਹੜੇ ਫੇਰ ਆਪਣੇ ਥਾਂ ਖੜ੍ਹੇ ਹੋ ਜਾਂਦੇ ਨੇ, ਇਕ ਉਹ ਨੇ ਜਿਹੜੇ ਗਿਰ ਜਾਂਦੇ ਨੇ ਤੇ ਗਿਰੇ ਹੀ ਰਹਿੰਦੇ ਨੇ। ਸੋ ਐਨਾ ਫਰਕ ਹੋਇਆ ਕਰਦੈ ਪਰਵਿਰਤੀ ਦਾ ਤੇ ਨਿਰਵਿਰਤੀ ਦਾ।

ਸੋ ਮਹਾਰਾਜ ਜੀ ਨੇ ਪ੍ਰਵਿਰਤੀ 'ਚ ਭੇਜ ਦਿਤਾ ਕਿ ਭਾਈ ਮੰਝ! ਜਾਹ ਹੁਣ, ਜਾ ਕੇ ਆਪਣੇ ਘਰ ਰਹਿ, ਜਿੰਨਾਂ ਚਿਰ ਅਸੀਂ ਨਹੀਂ ਬੁਲਾਉਂਦੇ, ਓਨਾਂ ਚਿਰ ਨਹੀਂ ਆਉਣਾ। ਦੂਜੀ ਗੱਲ ਇਹ ਹੈ ਕਿ ਅਸੀਂ ਅਜੇ ਵੀ ਤੈਨੂੰ ਸਲਾਹ ਦਿੰਦੇ ਹਾਂ ਕਿ ਤੂੰ ਆਪਣੇ ਭਾਈਚਾਰੇ 'ਚ ਰਲ ਜਾਹ।

ਮਹਾਰਾਜ ਨੇ ਪਹਿਲਾਂ ਹੀ ਦਸ ਦਿਤਾ ਸੀ ਕਿ ਤੇਰੀ ਜ਼ਮੀਨ ਜਾਇਦਾਦ, ਸਭ ਖੋਹ ਲੈਣਗੇ। ਵਿਚਾਰ ਲੈ ਇਹ ਗੱਲ।

ਭਾਈ ਮੰਝ ਕਹਿਣ ਲੱਗਿਆ, ਪਾਤਸ਼ਾਹ! ਆਪ ਦੀ ਕ੍ਰਿਪਾ ਚਾਹੀਦੀ ਹੈ, ਵਿਚਾਰਿਆ ਗਿਆ। ਮੇਰਾ ਸਿਰ ਵੀ ਚਲਿਆ ਜਾਵੇ, ਮੇਰਾ ਤਨ ਵੀ ਚਲਿਆ ਜਾਵੇ, ਧਨ ਵੀ ਚਲਿਆ ਜਾਵੇ, ਹੋਰ ਵੀ ਜੋ ਜਾਣੈ ਚਲਿਆ ਜਾਵੇ, ਬਸ ਮੇਰੀ ਤੁਹਾਡੇ ਨਾਲ ਬਣੀ ਰਹਿਣੀ ਚਾਹੀਦੀ ਹੈ, ਤੁਹਾਡੇ ਨਾਲੋਂ ਨਾ ਟੁੱਟੇ।

ਸੋ ਇਸ ਤਰ੍ਹਾਂ ਦੇ ਨਾਲ ਘਰ ਆ ਗਿਆ, ਸ਼ਰੀਕਾਂ ਨੇ ਉਸ ਵੇਲੇ ਤਾਅਨੇ-ਮਿਹਣੇ, ਬਹੁਤ ਕੁਬੋਲ ਬੋਲਣੇ ਸ਼ੁਰੂ ਕਰ ਦਿਤੇ। ਥੋੜ੍ਹੇ ਦਿਨਾਂ 'ਚ ਇਹਦੇ ਪਸ਼ੂ ਮਰਨੇ ਸ਼ੁਰੂ ਹੋ ਗਏ। ਅੱਜ ਮੱਝ ਮਰ ਗਈ, ਦੂਜੀ ਮੱਝ ਮਰ ਗਈ। ਤੀਜੀ ਮਰ ਗਈ, ਬੈਲ ਮਰ ਗਏ, ਕਿੰਨੀਆਂ ਹੀ ਜੋੜੀਆਂ ਸੀ, ਅਖੀਰ ਪਿੰਡ ਨੇ ਫੈਸਲਾ ਕਰਿਆ ਕਿ ਇਹਨੂੰ ਇਕੱਠੇ ਹੋ ਕੇ ਸਮਝਾਈਏ, ਕਹਿਣ ਲੱਗੇ, ਭਾਈ ਤੀਰਥ! ਕੀ ਖੱਟ ਲਿਆ ਤੂੰ ਗੁਰੂ ਕੋਲੋਂ? ਜੇ ਗੁਰੂ ਤਾਕਤ ਵਾਲਾ ਹੋਵੇ ਤਾਂ ਤੇਰੀਆਂ ਮੱਝਾਂ ਗਾਈਆਂ ਨਾ ਬਚਾਵੇ? ਦੇਖ, ਤੇਰੇ 'ਤੇ ਪੀਰ ਵਾਰ ਕਰ ਰਿਹੈ। ਤੇਰੇ ਪਸ਼ੂ ਜਾ ਰਹੇ ਨੇ ਤੇ ਅਸੀਂ ਤੈਨੂੰ ਸਮਝਾਉਣ ਆਏ ਹਾਂ ਕਿ ਤੂੰ ਅਜੇ ਵੀ ਅਕਲ ਕਰ ਤੇ ਪਿਉ-ਪੁਰਖੀ ਜੋ ਰਸਤਾ ਹੈ, ਉਹਨੂੰ ਛੱਡ ਨਾ, ਉਹਦੇ ਵਿਚ ਹੀ ਆ ਜਾ। ਆਪਾਂ ਨੇ ਕੀ ਲੈਣੈ ਸਿੱਖੀ ਤੋਂ। ਕੀ ਸਿੱਖੀ ਦੇ ਦੇਏਗੀ। ਕਹਿਣ ਲੱਗਿਆ, ਭੋਲਿਓ! ਤੁਹਾਡੀਆਂ ਤਾਂ ਅੱਖਾਂ ਅੰਨ੍ਹੀਆਂ ਹੋਈਆਂ-ਹੋਈਆਂ ਨੇ, ਤੁਹਾਨੂੰ ਤਾਂ ਆਹ ਜਗ ਦਿਸਦਾ ਹੈ ਅਗਲਾ ਦਿਸਦਾ ਹੀ ਨਹੀਂ। ਦੂਜਾ ਤੁਹਾਨੂੰ ਆਪਣੇ ਅੰਦਰ ਬਾਰੇ ਨਹੀਂ ਪਤਾ ਅੰਦਰ ਕੀ ਹੈ? ਸਾਰਿਆਂ ਦੇ ਅੰਦਰ ਪ੍ਰਭੂ ਦਾ ਵਾਸਾ ਹੈ ਕੋਈ ਗੱਲ ਨਹੀਂ ਇਹ ਮੇਰੇ ਗੁਰੂ ਦੀ ਕੋਈ ਖੇਡ ਹੋ ਰਹੀ ਹੈ। ਤੁਸੀਂ ਨਾ ਇਸ ਗੱਲ 'ਤੇ ਫਿਕਰ ਕਰੋ। ਮੈਂ ਤਾਂ ਗੁਰੂ ਦੀ ਸ਼ਰਨ ਵਿਚ ਚਲਿਆ ਗਿਆ ਤੇ ਮੈਨੂੰ ਜੋ ਕੁਛ ਹੋਣਾ ਹੈ, ਹੋਵੇ। ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਹੈ। ਮੈਨੂੰ ਇਹ ਪਤਾ ਹੈ ਕਿ ਮੈਂ ਗੁਰੂ ਦੀ ਸ਼ਰਨ ਵਿਚ ਗਿਆ ਹਾਂ, ਬਿਲਕੁਲ ਠੀਕ ਕੰਮ ਕੀਤਾ ਹੈ।

ਬਹੁਤ ਸਾਰੇ ਪ੍ਰੇਮੀ ਮੇਰੇ ਕੋਲ ਆਉਂਦੇ ਨੇ। ਇਕ ਪ੍ਰੇਮੀ ਆਇਆ, ਕਹਿੰਦਾ ਜੀ, ਮੈਂ ਸਿੱਖੀ ਧਾਰਨ ਕਰ ਲਈ, ਤੁਹਾਡੇ ਕਹਿਣ 'ਤੇ। ਇੰਗਲੈਂਡ ਦੀ ਬਾਤ ਹੈ। ਕਹਿੰਦਾ, ਮੇਰਾ ਪੀਰ ਹੁਣ ਖਹਿੜਾ ਹੀ ਨਹੀਂ ਛੱਡਦਾ, ਮੈਨੂੰ ਚਿੱਠੀ ਵੀ ਆਈ ਹੈ ਉਹਦੀ। ਮੈਂ ਉਹਨੂੰ ਕਿਹਾ ਸੀ ਕਿ ਤੂੰ ਜ਼ਰੂਰ ਸਿੱਖ ਬਣਨਾ ਹੈਂ, ਤੈਨੂੰ ਕੀ ਲੋੜ ਹੈ ਸਿੱਖ ਬਣਨ ਦੀ। ਤੇਰਾ ਪੀਰ ਹੈਗਾ, ਉਹਦੇ ਨਾਲ ਮੌਜਾਂ ਕਰ। ਕਹਿੰਦਾ, ਜੀ, ਦੁਖੀ ਬਹੁਤ ਕਰਦੈ। ਮੈਂ ਕਿਹਾ, ਦੁਖੀ ਬਹੁਤ ਕਰਦੈ ਫੇਰ ਗੁਰੂ ਦੀ ਓਟ ਲੈ-ਲੈ। ਵਿਚ-ਵਿਚਾਲੇ ਮਨ ਸੀ, ਪੂਰੀ ਤਰ੍ਹਾਂ ਨਾਲ ਨਹੀਂ ਸੀ ਆਇਆ।

ਜਦੋਂ ਪੂਰੀ ਤਰ੍ਹਾਂ ਨਾਲ ਨਾ ਆਵੇ, ਦੁਬਿਧਾ ਬਣੀ ਰਹੇ ਆਦਮੀ ਦੇ ਮਨ ਵਿਚ, ਫੇਰ ਨਹੀਂ ਕੋਈ ਗੱਲ ਬਣਦੀ। ਕਈ ਬੀਬੀਆਂ ਮੈਨੂੰ ਦਸਦੀਆਂ ਹੁੰਦੀਆਂ ਨੇ ਕਿ ਜੀ ਮੈਨੂੰ ਇਸ ਤਰ੍ਹਾਂ ਕਹਿੰਦੇ ਨੇ ਕਿ ਜਿਹੜਾ ਤੇਰਾ ਸਿਰ ਦੁਖਦੈ, ਇਹ ਤੂੰ ਹੁਣ ਫਲਾਣੇ ਥਾਂ ਜਾ ਕੇ ਮੱਥਾ ਨਹੀਂ ਟੇਕਿਆ ਤਾਂ ਦੁਖਦੈ। ਤੂੰ ਜਾ ਕੇ ਉਥੇ ਮੱਥਾ ਟੇਕ ਕੇ ਆ, ਫੇਰ ਤੇਰਾ ਠੀਕ ਹੋ ਜਾਊ।

ਕਹਿੰਦੀ, ਬਾਬਾ ਜੀ! ਮੱਥਾ ਟੇਕ ਆਵਾਂ?

ਮੈਂ ਕਿਹਾ, ਟੇਕ ਆ, ਮੈਂ ਤੈਨੂੰ ਕਦੋਂ ਹਟਾਉਂਦਾਂ ਪਰ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਾ ਮੱਥਾ ਟੇਕੀਂ ਆ ਕੇ। ਤੇਰੇ ਮਨ ਵਿਚ ਵਿਸ਼ਵਾਸ਼ ਹੀ ਨਹੀਂ ਹੈ, ਜਦੋਂ ਇਹਨੂੰ ਮੱਥਾ ਟੇਕ ਦਿਤਾ ਫੇਰ ਬਾਕੀ ਮੱਥੇ ਇਹਦੇ ਵਿਚ ਆ ਗਏ। ਜਦੋਂ ਇਕ ਨੂੰ ਸਭ ਤੋਂ ਵੱਡਾ ਮਨ ਲਿਆ ਸਾਰੇ ਹੀ ਉਹਦੇ ਵਿਚ ਆ ਗਏ। ਇਹ faith Shake ਹੋਣ ਵਾਲੀ ਗੱਲ ਹੁੰਦੀ ਹੈ। ਇਹ ਜਿਹੜਾ ਇਸ ਤਰ੍ਹਾਂ ਦਾ ਭਰੋਸਾ ਹੁੰਦੈ, ਮੈਂ ਬੇਨਤੀ ਕਰੀ ਸੀ ਕਿ ਕੋਈ ਵੀ ਨਹੀਂ ਬਹੁੜਿਆ ਕਰਦਾ ਉਸ ਮਾਮਲੇ ਦੇ ਵਿਚ।

ਸੋ ਭਾਈ ਮੰਝ ਕਹਿਣ ਲੱਗਿਆ, ਜੋ ਕੁਝ ਮੈਂ ਕਰਨਾ ਸੀ ਕਰ ਲਿਆ। ਪਸ਼ੂ ਮਰ ਜਾਣ, ਬੱਚੇ ਮਰ ਜਾਣ, ਮੈਂ ਮਰ ਜਾਵਾਂ, ਕੁਛ ਹੋ ਜਾਵੇ, ਮੈਂ ਜੋ ਕੀਤੈ ਬਿਲਕੁਲ ਠੀਕ ਕੀਤੈ। ਸੋ ਉਸ ਵੇਲੇ ਉਹਨਾਂ ਨੇ ਸਲਾਹ ਕਰੀ ਕਿ ਇਹ ਤਾਂ ਸਾਰੇ ਪਿੰਡ ਨੂੰ ਡੋਬੂਗਾ। ਹੋਵੇ ਨਾ ਤਾਂ ਇਸ ਉਪਰ ਸਖਤੀ ਕਰਕੇ ਇਹ ਨੂੰ ਇਥੋਂ ਭਜਾ ਦੇਈਏ। ਉਹਦੇ ਬਾਕੀ ਬਚਦੇ ਪਸ਼ੂ ਸੀ ਉਹ ਖੋਹ ਲਏ, ਕਿੱਲ੍ਹਿਆਂ ਤੋਂ ਖੋਲ੍ਹ ਲਏ। ਜ਼ਮੀਨ ਦੇ ਵਿਚ ਆਪਣੇ ਹੱਲ ਚਲਾ ਲਏ। ਘਰਵਾਲੀ ਕਹਿੰਦੀ ਹੈ ਕਿ ਆਪਣੀ ਫਲਾਣੀ ਜ਼ਮੀਨ, ਫਲਾਣਾ ਖੇਤ ਵੀ ਵਾਹ ਲਿਆ। ਵੱਡਾ ਚੌਧਰੀ ਸੀ ਪਰ ਕੋਈ ਸਾਥ ਨਹੀਂ ਦਿੰਦਾ। ਉਹ ਤਾਂ ਕਹਿੰਦੇ ਨੇ ਕਿ ਘਰ ਉਤੇ ਵੀ ਕਬਜ਼ਾ ਕਰ ਲੈਣੈ। ਕਹਿੰਦਾ, ਕੋਈ ਨਾ, ਮੇਰੇ ਗੁਰੂ ਨੂੰ ਜਿਵੇਂ ਭਾਉਂਦੈ, ਉਵੇਂ ਹੀ ਹੋਣੈ। ਤੂੰ ਭਰੋਸਾ ਰੱਖ, ਤੂੰ ਨਾ ਡੋਲ।

ਸੋ ਉਸ ਵੇਲੇ ਉਹਨਾਂ ਨੇ ਸਲਾਹ ਕਰਕੇ, ਘਰ 'ਤੇ ਵੀ ਕਬਜ਼ਾ ਕਰ ਲਿਆ ਤੇ ਜਿਹੜੀ ਇਹਦੇ ਕੋਲ ਸਰਦਾਰੀ ਸੀ, ਚੌਧਰੀ ਸੀ, ਪਿੰਡਾਂ ਦੇ ਮਾਮਲੇ ਉਗਰਾਹਿਆ ਕਰਦਾ ਸੀ ਤੇ ਫੇਰ ਸਰਕਾਰੀ ਖਜ਼ਾਨੇ 'ਚ ਭਰਿਆ ਕਰਦਾ ਸੀ। ਉਹ ਸਰਦਾਰੀ ਵੀ ਇਸ ਤੋਂ ਖੋਹ ਲਈ। ਖੋਹ ਕੇ ਇਸ ਨੂੰ ਇਥੇ ਨਹੀਂ ਟਿਕਣ ਦਿਤਾ, ਪਿੰਡ ਦੀ ਜੂਹ ਤੋਂ ਬਾਹਰ ਕੱਢ ਦਿਤਾ। ਜੂਹ ਤੋਂ ਕੱਢਣ ਵਾਸਤੇ ਬਹੁਤ ਸਾਰੇ ਬੰਦੇ ਲਾਠੀਆਂ ਲੈ ਕੇ ਨਾਲ ਆਏ ਕਿ ਅਸੀਂ ਆਪਣੀ ਜੂਹ ਵਿਚ ਨਹੀਂ ਟਿਕਣ ਦੇਣਾ, ਬਾਹਰ ਕੱਢ ਦੇਣੈ। ਉਸ ਵੇਲੇ ਐਸੀ ਹਾਲਤ ਦੇ ਵਿਚ ਦੇਖਦੇ ਨੇ ਕਿ ਐਹ ਸਾਰੇ ਹੀ ਅੱਖਾਂ ਫੇਰ ਗਏ, ਜਿਨ੍ਹਾਂ 'ਤੇ ਉਪਕਾਰ ਕਰਦਾ ਰਿਹਾ ਹਾਂ। ਜਿਨ੍ਹਾਂ ਦੇ ਮਾਲੀਏ ਵੀ ਮੈਂ ਆਪਣੀ ਜੇਬ ਵਿਚੋਂ ਦਿੰਦਾ ਰਿਹਾ ਹਾਂ। ਲੜਕੀਆਂ ਦੀਆਂ ਸ਼ਾਦੀਆਂ ਦਾ ਵੀ ਆਪਣੀ ਜੇਬ ਵਿਚੋਂ ਖਰਚਾ ਦਿਤਾ ਹੈ ਤੇ ਹੋਰ ਅਨੇਕਾਂ ਤਰ੍ਹਾਂ ਨਾਲ ਮਦਦ ਕੀਤੀ। ਹੈ। ਭਾਈ, ਭਤੀਜੇ, ਰਿਸ਼ਤੇਦਾਰ ਇਹ ਸਾਰੇ ਹੀ ਅੱਖਾਂ ਫੇਰ ਗਏ। ਸੋ ਇਹ ਇਕ ਅਵਸਥਾ ਹੁੰਦੀ ਹੈ –

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥*

*ਅੰਗ – ੭੦*

ਸੋ ਇਸ ਤਰ੍ਹਾਂ ਦੇ ਨਾਲ ਭਾਈ ਮੰਝ ਡੋਲਦੇ ਨਹੀਂ ਹੈਗੇ। ਗੁਰੂ ਮਹਾਰਾਜ 'ਤੇ ਪੂਰਾ ਭਰੋਸਾ ਹੈ ਤੇ ਜਦੋਂ ਆਪਣੇ ਪਿੰਡ ਦੀ ਜੂਹ ਤੋਂ ਬਾਹਰ ਨਿਕਲ ਆਏ, ਬੱਚੀ ਵਲ ਦੇਖਿਆ, ਘਰਵਾਲੀ ਵਲ ਦੇਖਿਆ, ਬੜੇ ਅਫਸੋਸ ਵਿਚ ਨੇ ਦੋਨੋਂ, ਮੁੜ-ਮੁੜ ਕੇ ਪਿੰਡ ਵਲ ਨੂੰ ਦੇਖਦੀਆਂ ਨੇ। ਕਹਿੰਦੇ, ਕੀ ਦੇਖਦੇ ਹੋਂ ਤੁਸੀਂ? ਕਹਿੰਦੀ, ਆਹ ਪਿੰਡ 'ਚ ਆਪਾਂ ਆ ਨਹੀਂ ਸਕਣਾ। ਕਹਿੰਦੇ, ਐਸ ਤਰ੍ਹਾਂ ਨਾ ਕਹੋ, ਕੀ ਪਤਾ ਮੇਰੇ ਸਤਿਗੁਰੂ ਦਾ ਕੀ ਭਾਣਾ ਵਰਤ ਜਾਵੇ। ਇਥੇ ਆਈਏ ਜਾਂ ਕਿਤੇ ਹੋਰ ਆਈਏ। ਇਹ ਸਾਰਾ ਸੰਸਾਰ ਆਪਣਾ ਹੀ ਹੈ, ਤੁਸੀਂ ਇਸ ਗੱਲ ਦੀ ਚਿੰਤਾ ਨਾ ਕਰੋ। ਡੋਲੋ ਨਾ –

*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥*

*ਅੰਗ – ੭੨੪*

ਕਹਿਣ ਲੱਗੀ, ਅੱਜ ਤਾਂ ਰੋਟੀ ਖਾ ਆਏ ਸੀ ਸਵੇਰੇ, ਕਲੇਸ਼ ਵਿਚ ਖਾਧੀ ਹੈ, ਦੋ-ਦੋ ਬੁਰਕੀਆਂ ਅੰਦਰ ਗਈਆਂ ਨੇ। ਹੁਣ ਦੁਪਹਿਰਾ ਹੋਣ ਵਾਲਾ ਹੈ, ਸ਼ਾਮ ਹੋਣ ਵਾਲੀ ਹੈ, ਪੱਲੇ ਕੋਈ ਪੈਸਾ ਨਹੀਂ ਹੈ। ਕੋਈ ਜਾਣ ਪਛਾਣ ਨਹੀਂ ਹੈ। ਕੀ ਕਰਾਂਗੇ ਜਾ ਕੇ, ਲੋਕਾਂ ਅੱਗੇ ਹੱਥ ਅੱਡਾਂਗੇ। ਘਰ-ਘਰ ਮੰਗਦੇ ਫਿਰਾਂਗੇ? ਲੋਕ ਮਜਾਕ ਕਰਨਗੇ, ਮਖੌਲ ਕਰਨਗੇ।

ਕਹਿੰਦੇ, ਨਾ ਇਹ ਗੱਲ ਨਾ ਕਰੋ, ਜਿਸ

ਵਾਹਿਗੁਰੂ ਨੇ ਸਾਨੂੰ ਸਰੀਰ ਦਿਤੇ ਨੇ, ਉਹ ਰੋਜ਼ੀ ਵੀ ਦੇਏਗਾ –

*ਧਾਰਨਾ – ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,*
*ਤੈਨੂੰ ਕਿਉਂ ਨਾ ਦੇਵੇ ਬੰਦਿਆ।*
*ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥*
*ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥*
*ਅੰਗ – ੪੮੮*

ਕਹਿੰਦੇ, ਪੱਥਰ ਦੇ ਅੰਦਰ ਕੀੜਾ ਰਹਿੰਦੈ। ਸਾਹ ਲੈਣ ਨੂੰ ਵੀ ਰਸਤਾ ਨਹੀਂ ਹੈ। ਜਦੋਂ ਪੱਥਰ ਭੰਨਿਆ ਜਾਂਦੈ ਤਾਂ ਹੈਰਾਨ ਹੁੰਦੈ ਕਿ ਇਹਨੂੰ ਰਿਜ਼ਕ ਕਿੱਥੋਂ ਮਿਲਦੈ।

ਇਕ ਵਾਰੀ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਤੁਰੇ ਜਾਂਦੇ ਨੇ, ਉਥੇ ਪੱਥਰ ਕੁੱਟ ਰਹੇ ਨੇ ਮਜ਼ਦੂਰ, ਵੱਡੇ-ਵੱਡੇ ਪੱਥਰ ਤੋੜ ਰਹੇ ਨੇ ਜਦੋਂ ਕੋਲ ਆਏ। ਇਕ ਮਜ਼ਦੂਰ ਦੌੜ ਕੇ ਆਇਆ ਕਹਿਣ ਲੱਗਿਆ, ਬਾਬਾ ਜੀ! ਇਕ ਚੀਜ਼ ਦਿਖਾਉਣੀ ਹੈ ਤੁਹਾਨੂੰ। ਬਾਬਾ ਜੀ ਉਥੇ ਚਲੇ ਗਏ, ਕਹਿਣ ਲੱਗਿਆ, ਦੇਖੋ, ਆਹ ਅਸੀਂ ਵੱਡੇ ਪੱਥਰ ਦੇ ਦੋ ਹਿੱਸੇ ਕਰੇ ਨੇ। ਇਹਨੂੰ ਨਾ ਤੇੜ ਆਈ ਹੋਈ ਸੀ, ਨਾ ਕਿਤੋਂ ਫੁੱਟਿਆ ਹੋਇਆ ਸੀ, ਨਾ ਇਹਦੇ 'ਚ ਕੋਈ ਗਲੀ ਸੀ। ਆਹ ਦੇਖੋ, ਕੀੜਾ ਕਿੱਥੋਂ ਨਿਕਲ ਆਇਆ ਇਹਦੇ ਵਿਚੋਂ, ਕਿਵੇਂ ਜਿਉਂਦਾ ਰਿਹਾ, ਹਵਾ ਇਹਨੂੰ ਨਹੀਂ ਮਿਲਦੀ, ਸਾਹ ਇਹ ਨਹੀਂ ਲੈਂਦਾ, ਇਹ ਕਿਸ ਤਰ੍ਹਾਂ ਜਿਉਂਦਾ ਰਿਹਾ, ਕੀ ਖਾਂਦਾ ਰਿਹਾ?

ਉਥੇ ਜਿਵੇਂ ਚੀਨੀ ਦੇ ਦਾਣੇ ਹੁੰਦੇ ਨੇ ਇਸ ਤਰ੍ਹਾਂ ਪੱਥਰ ਕੋਲ ਪਿਆ ਸੀ। ਇਕ ਸਿੰਘ ਨੂੰ ਕਹਿਣ ਲੱਗੇ ਕਿ ਆਹ ਦਾਣਾ ਜਿਹਾ ਚੁੱਕ ਕੇ ਦੇਖ ਕਿ ਕੌੜਾ ਹੈ ਕਿ ਮਿੱਠਾ ਹੈ? ਜਦੋਂ ਉਹਨੇ ਮੂੰਹ ਵਿਚ ਪਾਇਆ ਤਾਂ ਉਹ ਕਹਿੰਦਾ, ਮਹਾਰਾਜ! ਇਹ ਤਾਂ ਗੁੜ ਜਿੰਨਾਂ ਮਿੱਠਾ ਹੈ।

ਕਹਿੰਦੇ, ਦੇਖ ਲਓ, ਪੱਥਰ ਦੇ ਵਿਚ ਪ੍ਰਮੇਸ਼ਰ ਨੇ ਕੀੜਾ ਪੈਦਾ ਕਰਿਆ ਹੈ। ਕੋਈ ਖੇਤੀ ਨਹੀਂ, ਪੱਤੀ ਨਹੀਂ, ਕੋਈ ਇਹਨੂੰ ਦਾਣੇ ਨਹੀਂ ਪਾਉਂਦਾ, ਰਿਜ਼ਕ ਇਹਦਾ ਇਥੇ ਹੀ ਬਣਾ ਦਿਤਾ।

***'ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥ ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥'*** ਤੂੰ ਕਿਉਂ ਡਰਦਾ ਹੈਂ? ਇਹ ਤਾਂ ਸਾਰਿਆਂ ਦਾ ਦਾਤਾ ਹੈ –

*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ॥ ਅੰਗ– ੨*

ਗੁਰੂ ਦਸਵੇਂ ਪਾਤਸ਼ਾਹ ਦਾ ਦਰਬਾਰ ਲੱਗਿਆ ਹੋਇਐ। ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹੈ। ਕੀਰਤਨ ਦੀ ਸਮਾਪਤੀ ਤੋਂ ਪਿੱਛੋਂ ਇਕ ਪ੍ਰੇਮੀ ਅਰਦਾਸ ਤੋਂ ਪਹਿਲਾਂ ਹੀ ਉੱਠ ਕੇ ਤੁਰਨ ਲੱਗਿਆ। ਮਹਾਰਾਜ ਕਹਿੰਦੇ, ਆਹ ਪ੍ਰੇਮੀ ਨੂੰ ਰੋਕ ਲਓ। ਦੀਵਾਨ ਦੀ ਸਮਾਪਤੀ ਹੋਈ, ਕਹਿਣ ਲੱਗੇ, ਪ੍ਰੇਮੀਆ! ਅਸੀਂ ਕਈ ਵਾਰੀ ਤੈਨੂੰ ਦੇਖਿਆ ਹੈ ਤੂੰ ਦੀਵਾਨ ਦੀ ਸਮਾਪਤੀ ਵੀ ਨਹੀਂ ਹੋਣ ਦਿੰਦਾ। ਉਸ ਤੋਂ ਪਹਿਲਾਂ ਹੀ ਤੁਰ ਜਾਂਦੈਂ। ਕੀ ਗੱਲ ਹੈ?

ਕਹਿਣ ਲੱਗਿਆ, ਮਹਾਰਾਜ! ਮੇਰਾ ਪਿੰਡ ਦੂਰ ਹੈ। ਗਰੀਬ ਆਦਮੀ ਹਾਂ, ਜੋ ਰੋਜ਼ ਕਮਾਉਂਦੇ ਹਾਂ, ਰੋਜ਼ ਖਾਂਦੇ ਹਾਂ। ਇਕ ਦਿਨ ਦਾ ਮੈਂ ਮਹੀਨੇ ਵਿਚ ਜੋੜਦਾ ਹੁੰਦਾ ਹਾਂ। ਉਹ ਮੈਂ ਚੱਲ ਕੇ ਆਪ ਦੇ ਵਲ ਨੂੰ ਆਇਆ ਹਾਂ। ਅੱਜ ਦੇ ਦਿਨ ਦਾ ਜਿਹੜਾ ਮੈਂ ਹੁਣ ਵਾਪਸ ਜਾਣੈ। ਇਹਦਾ ਖਾਣ ਵਾਸਤੇ ਪ੍ਰਬੰਧ ਅੱਜ ਸਾਡੇ ਘਰ ਹੈਗਾ, ਕੱਲ੍ਹ ਦਾ ਨਹੀਂ ਹੈਗਾ। ਇਸ ਕਰਕੇ ਮਹਾਰਾਜ ਮੈਂ ਛੇਤੀ ਚਲਿਆ ਜਾਂਦਾ ਹਾਂ ਕਿ ਜਾ ਕੇ ਜੋ ਸਮਾਂ ਮੈਨੂੰ ਘੰਟਾ-ਦੋ ਘੰਟੇ ਮਿਲਣ ਮੈਂ ਮਾੜਾ ਮੋਟਾ ਕੰਮ ਕਰਾਂ ਤੇ ਉਹਦੀ ਮਜੂਰੀ ਲੈ ਕੇ ਕੁਝ ਮੇਰੇ ਪੱਲੇ ਖਾਣ ਨੂੰ ਹੋਵੇ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਇਕ ਗੱਲ ਦੱਸ। ਬਾਣੀ ਪੜ੍ਹਦਾ ਹੁੰਦੈ?

ਕਹਿੰਦਾ, ਸੱਚੇ ਪਾਤਸ਼ਾਹ! ਬਾਣੀ ਦੇ ਤਾਂ ਤੁਹਾਡੀ ਕ੍ਰਿਪਾ ਦੇ ਨਾਲ ਮੈਨੂੰ ਅਰਥ ਵੀ ਆਉਂਦੇ ਨੇ। ਇਕੱਲਾ ਪੜ੍ਹਦਾ ਹੀ ਨਹੀਂ।

ਕਹਿੰਦੇ, ਫੇਰ ਬਾਣੀ ਵਿਚਾਰਦਾ ਵੀ ਹੁੰਦੈ?

ਜਿੰਨੀ ਕੁ ਬੁੱਧੀ ਮਹਾਰਾਜ ਆਪ ਨੇ ਬਖਸ਼ੀ ਹੈ, ਮੈਂ ਬਾਣੀ ਵਿਚਾਰਦਾ ਹਾਂ, ਕਥਾ ਵੀ ਮੈਂ ਕਰਦਾ ਹਾਂ। ਦੋ-ਚਾਰ ਪ੍ਰੇਮੀਆਂ ਨੂੰ ਮੈਂ ਬਾਣੀ ਦੇ ਅਰਥ ਵੀ ਦਸਦਾ ਰਹਿੰਦਾ ਹਾਂ।

ਮਹਾਰਾਜ ਕਹਿੰਦੇ, ਕਦੇ ਅਰਥ ਕਰਿਐ –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ – ੧੦*

ਕਹਿਣ ਲੱਗੇ, ਇਹਦੀ ਵਿਚਾਰ ਕਦੇ ਕਰੀ ਹੈ?

ਕਹਿੰਦਾ, ਮਹਾਰਾਜ! ਮੈਂ ਅਰਥ ਤਾਂ ਜਾਣਦਾ ਹਾਂ, ਪਰ ਵਿਚਾਰ ਨਹੀਂ ਕਦੇ ਕਰੀ। ਪਰ ਫੇਰ ਵੀ ਜੇ ਹੱਥ ਪੈਰ ਨਾ ਮਾਰੀਏ ਤਾਂ ਰਿਜ਼ਕ ਕਿੱਥੋਂ ਆਏਗਾ?

ਕਹਿੰਦੇ, ਪ੍ਰੇਮੀਆਂ! ਤੂੰ ਰਾਜ਼ਕ ਨਹੀਂ ਹੈਂ। ਰਾਜ਼ਕ ਵਾਹਿਗੁਰੂ ਹੈ, ਸਭ ਨੂੰ ਦਿੰਦਾ ਹੈ। ਜਿਹੜਾ ਕੁਛ ਵੀ ਨਹੀਂ ਕਰ ਸਕਦਾ, ਉਹਨੂੰ ਵੀ ਦਿੰਦਾ ਹੈ। ਜੇ ਤੈਨੂੰ ਕੁਛ ਹੋ ਜਾਵੇ, ਫੇਰ ਕੀ ਹੋਵੇ?

ਕਹਿੰਦਾ, ਮਹਾਰਾਜ! ਫੇਰ ਤਾਂ ਮੇਰਾ ਪਰਿਵਾਰ ਭੁੱਖਾ ਮਰ ਜਾਏਗਾ।

ਮਹਾਰਾਜ ਨੇ ਦੇਖਿਆ ਕਿ ਸ਼ਰਧਾ ਨਹੀਂ ਹੈ। ਬਾਣੀ ਪੜ੍ਹਦੈ, ਅੰਦਰੋਂ ਭਰੋਸੇ ਤੋਂ ਹੀਣਾ ਹੈ ਇਹ ਪੁਰਸ਼। ਆਪ ਨੇ ਇਕ ਚਿੱਠੀ ਲਿਖ ਦਿਤੀ ਕਿ ਇਹ ਚਿੱਠੀ ਸਾਡੀ, ਬੁੱਧੂਸ਼ਾਹ ਕੋਲ ਦੀ ਲੰਘਣੈ ਤੂੰ, ਜਾਂਦਾ-ਜਾਂਦਾ ਉਥੇ ਦੇ ਦੇਵੀਂ। ਲਿਫਾਫੇ 'ਚ ਬੰਦ ਕਰ ਕੇ, ਉਹਦੇ ਵਿਚ ਲਿਖ ਦਿਤਾ ਕਿ ਤੁਸੀਂ ਇਸ ਸਿੱਖ ਨੂੰ ਨੌਂ ਮਹੀਨੇ ਨਹੀਂ ਜਾਣ ਦੇਣਾ, ਕੁਛ ਕਹੀ ਜਾਵੇ ਚਾਹੇ।

ਸੋ ਜਦੋਂ ਇਸ ਨੇ ਚਿੱਠੀ ਦਿਤੀ। ਪੀਰ ਬੁੱਧੂਸ਼ਾਹ ਨੇ ਪੜ੍ਹ ਕੇ ਸੁਣਾਈ। ਕਹਿਣ ਲੱਗੇ, ਪ੍ਰੇਮੀਆਂ! ਫਾਰਸੀ 'ਚ ਲਿਖੀ ਹੋਈ ਚਿੱਠੀ ਹੈ ਤੇ ਇਹਦੇ ਵਿਚ ਗੁਰੂ ਮਹਾਰਾਜ ਨੇ ਲਿਖਿਆ ਹੈ ਕਿ ਇਸ ਸਿੱਖ ਨੂੰ ਨੌਂ ਮਹੀਨੇ ਨਹੀਂ ਜਾਣ ਦੇਣਾ। ਜੇ ਜਾਂਦੈ ਤਾਂ ਇਹਨੂੰ ਕੈਦ ਕਰ ਲਿਓ।

ਕਹਿੰਦਾ, ਆਹ ਕਿਹੜੀ ਗੱਲ ਹੋਈ ਫੇਰ ਤਾਂ ਗੁਰੂ ਸਾਹਿਬ ਮੇਰੇ ਪਰਿਵਾਰ ਨੂੰ ਮਾਰਨ 'ਤੇ ਹੀ ਤੁਲ ਗਏ। ਇਹ ਕੰਮ ਥੋੜ੍ਹਾ ਹੁੰਦੈ ਗੁਰੂਆਂ ਦਾ ਕਿ ਪਰਿਵਾਰ ਹੀ ਮਾਰ ਦਿਓ। ਮੇਰਾ ਪਰਿਵਾਰ ਭੁੱਖਾ ਮਰ ਜਾਊ। ਰੋਣ ਲੱਗ ਗਿਆ, ਉਹ ਕਹਿੰਦਾ, ਓ ਪ੍ਰੇਮੀਆਂ! ਰੋ ਚਾਹੇ ਹੱਸ, ਮੈਂ ਤੈਨੂੰ ਜਾਣ ਨਹੀਂ ਦੇਣਾ ਤੇ ਮੈਨੂੰ, ਤੈਨੂੰ ਕੈਦ ਕਰਨਾ ਪਵੇਗਾ।

ਸੋ ਅਖੀਰ ਦੋ-ਚਾਰ ਦਿਨ ਬਹੁਤ ਕੁੜ੍ਹਦਾ ਰਿਹਾ। ਪਤਾ ਲਗ ਗਿਆ ਕਿ ਮੈਂ ਜਾ ਨਹੀਂ ਸਕਦਾ।

ਉਸ ਤੋਂ ਬਾਅਦ ਉਹ ਕਹਿਣ ਲੱਗਿਆ ਕਿ ਕਿਉਂ ਖਪਦੈਂ, ਤੂੰ ਬਾਣੀ ਪੜ੍ਹ ਗੁਰੂ ਦੀ। ਕੋਈ ਕੌਤਕ ਹੈ ਇਹਦੇ ਵਿਚ ਵੀ ਮਹਾਰਾਜ ਜੀ ਦਾ। ਸਤਿਗੁਰ ਸਭ ਕੁਝ ਜਾਣਦੈ -

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥*
*ਸੇਵਕ ਕਉ ਗੁਰੁ ਸਦਾ ਦਇਆਲ ॥* *ਅੰਗ - ੨੮੬*

ਕਹਿੰਦੇ, ਗੁਰੂ ਵੀ ਕਦੇ ਕ੍ਰੋਪ ਹੁੰਦੈ, ਕਿਉਂ ਪੁੱਠੀ ਮੱਤ ਆਈ ਹੈ ਤੇਰੀ? ਗੁਰੂ ਨੂੰ ਕੋਸਦੈਂ, ਤਰਕ ਕਰਦੈਂ ਗੁਰੂ 'ਤੇ। ਤਰਕ ਕੀਤੀ ਹੋਈ, ਤੇਰੀ ਰੂਹਾਨੀਅਤ ਸਭ ਖਤਮ ਹੋ ਜਾਏਗੀ, ਜ਼ੀਰੋ 'ਤੇ ਚਲਿਆ ਜਾਏਂਗਾ। ਮਹਾਂਪੁਰਸ਼ਾਂ ਉਪਰ ਤਰਕ ਕਰ ਲਵੇ, ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਕੇ, ਸਾਧਾਰਣ ਦੁਨੀਆਂਦਾਰ ਬੰਦਾ ਬਣ ਜਾਏਗਾ, ਚੰਗੀ ਕਮਾਈ ਵਾਲਾ ਵੀ।

ਸੋ ਹੌਲੀ-ਹੌਲੀ ਨੌਂ ਮਹੀਨੇ ਉਹਨੂੰ ਉਥੇ ਹੀ ਰਹਿਣਾ ਪਿਆ। ਏਧਰਲੇ ਪਾਸੇ ਜਦੋਂ ਇਕ-ਦੋ ਦਿਨ ਇਹ ਨਾ ਆਇਆ, ਤਾਂ ਪਿੰਡ ਵਾਲਿਆਂ ਨੇ ਸੋਚਿਆ ਕਿ ਸਿੱਖ ਤਾਂ ਗੁਰੂ ਦੀ ਸੇਵਾ ਵਿਚ ਲਗ ਗਿਆ। ਸਾਡਾ ਹੁਣ ਇਹ ਫਰਜ਼ ਬਣਦੈ ਕਿ ਕਿਤੇ ਇਹ ਪਰਿਵਾਰ ਭੁੱਖਾ ਨਾ ਰਹਿ ਜਾਵੇ। ਪਿੰਡ ਵਾਲਿਆਂ ਨੇ ਕਣਕ ਦੀਆਂ ਬੋਰੀਆਂ ਇਕੱਠੀਆਂ ਕਰਕੇ ਦੇ ਦਿਤੀਆਂ। ਲੈ ਬੀਬੀ! ਆਟਾ ਪੀਹ ਲਿਆ ਕਰ ਤੇ ਸਾਡੇ ਖੇਤਾਂ 'ਚੋਂ ਸਾਗ, ਸਬਜ਼ੀ ਜੋ ਲਿਆਉਣੀ ਹੈ ਲਿਆ, ਤੈਨੂੰ ਕੋਈ ਨਹੀਂ ਰੋਕਦਾ। ਗੰਨੇ ਲਿਆ, ਸਬਜ਼ੀਆਂ ਲੈ ਆ, ਸਾਗ ਤੋੜ ਲਿਆ। ਬਹੁਤ ਧੰਨਵਾਦ ਕੀਤਾ ਉਸ ਨੇ।

ਦੋ ਚਾਰ ਮਹੀਨੇ ਜਦੋਂ ਲੰਘ ਗਏ ਤਾਂ ਲੜਕੀ ਵੀ ਜਵਾਨ ਹੈ। ਬੱਚੇ ਨੇ ਛੋਟੇ-ਛੋਟੇ, ਬੇਬੇ ਕਹਿਣ ਲੱਗੀ ਕਿ ਕਿੰਨਾਂ ਕੁ ਚਿਰ ਆਪਾਂ ਦਾਨ 'ਤੇ ਪਲਾਂਗੇ, ਕਿਉਂ ਨਾ ਆਪਾਂ ਮਿਹਨਤ ਕਰੀਏ। ਆਪਣੇ ਪਿੰਡ ਦੇ ਜੋ ਵੱਡੇ ਸਰਦਾਰ ਨੇ, ਚੌਧਰੀ ਨੇ, ਉਹ ਦੇ ਵਿਆਹ ਹੈ, ਆਪਾਂ ਦੋਵੇਂ ਉਥੇ ਚੱਲ ਕੇ ਨੌਕਰੀ ਕਰ ਲਈਏ। ਦੋਵੇਂ ਚਲੀਆਂ ਗਈਆਂ, ਉਹਨੇ ਦੋਵੇਂ ਰੱਖ ਲਈਆਂ। ਕਹਿਣ ਲੱਗੀ, ਲਓ ਭਾਈ, ਐਨਾ ਪੀਹਣ ਬਣਾਉਣੈ, ਐਨੀਆਂ ਦਾਲਾਂ ਦੇ ਵਿਚੋਂ ਚੁਗ-ਚੁਗ ਕੇ ਦਾਲ ਰੱਖਣੀ ਹੈ। ਪੋਚੇ ਦੇਣੇ ਨੇ, ਘਰ ਦੀ ਸਫਾਈ ਕਰਨੀ ਹੈ। ਸਾਰਾ ਕੰਮ ਸਮਝਾ ਦਿਤਾ।

ਉਹਨਾਂ ਨੇ ਕਿਹਾ ਕਿ ਪਹਿਲਾਂ ਘਰ ਨੂੰ ਸਾਫ ਕਰੀਏ। ਵਿਆਹ ਦੇ ਨੇੜੇ ਆ ਕੇ ਇਕ ਵਾਰੀ ਫੇਰ ਪਾਂਡੂ ਫੇਰ ਦੇਵਾਂਗੇ। ਸੋ ਮਿੱਟੀ ਪੁੱਟਣ ਵਾਸਤੇ ਜਦੋਂ ਮਠਆਨਿਆਂ 'ਚ ਗਈਆਂ। ਉਥੇ ਜਾ ਕੇ ਲੜਕੀ ਕਹੀ ਚਲਾਉਂਦੀ ਹੈ ਤੇ ਥੋੜ੍ਹੀਆਂ-ਥੋੜ੍ਹੀਆਂ ਰੋੜ੍ਹੀਆਂ ਸਖ਼ਤ ਮਿੱਟੀ ਨਾਲੋਂ ਲਹਿੰਦੀਆਂ ਨੇ। ਮਾਂ ਜਿਹੜੀ ਹੈ ਉਹ ਉਂਜਲਾਂ ਦੇ ਨਾਲ ਭਰੀ ਜਾਂਦੀ ਹੈ। ਅਚਾਨਕ ਖੜਕਾ ਹੋਇਆ, ਕਹਿਣ ਲੱਗੀ ਬੇਬੇ! ਕਿਸੇ ਚੀਜ਼ 'ਚ ਲੱਗੀ ਹੈ ਕਹੀ। ਹੌਲੀ-ਹੌਲੀ ਪੁੱਟੀ ਤਾਂ ਇਕ

ਗਾਗਰ ਨਿਕਲ ਆਈ। ਸਾਰੀ ਮੋਹਰਾਂ ਦੀ ਭਰੀ ਹੋਈ। ਬੜੀ ਖੁਸ਼ੀ ਹੋਈ। ਸਿੱਧੀਆਂ ਸੀ ਉਹ। ਚੌਧਰੀ ਦੇ ਘਰ ਲੈ ਆਈਆਂ। ਕਹਿਣ ਲੱਗੀਆਂ, ਬੀਬੀ ਜੀ! ਮਹਾਰਾਜ ਦੀ ਦੇਖੋ ਕਿੱਡੀ ਕ੍ਰਿਪਾ ਹੋ ਗਈ, ਆਹ ਗਾਗਰ ਮਿਲ ਗਈ, ਸਾਨੂੰ ਹੁਣ ਇਸ ਤਰ੍ਹਾਂ ਨਹੀਂ ਪਤਾ ਕਿ ਕੀ ਕਰੀਏ? ਉਹ ਕਹਿੰਦੀ ਕਿ ਬੀਬੀ! ਤੁਹਾਡੇ ਤੋਂ ਕੋਈ ਇਸ ਤਰ੍ਹਾਂ ਖੋਹ ਲਏਗਾ। ਈਮਾਨਦਾਰ ਸੀ। ਉਹਨੇ ਕਿਹਾ ਇਹਨੂੰ ਮੈਂ ਖਰਚਾਂਗੀ। ਉਹਨੇ 8-9 ਖੂਹ ਲੈ ਦਿਤੇ, ਘਰ ਪਾਉਣਾ ਸ਼ੁਰੂ ਕਰ ਦਿਤਾ। ਦੋ ਮੰਜ਼ਲਾ ਘਰ, ਨੌਕਰ ਚਾਕਰ ਲਾ ਦਿਤੇ, ਦੁੱਧ ਦੇਣ ਵਾਲੇ ਪਸ਼ੂ। ਸਭ ਕੁਝ ਲੈ ਕੇ ਅਮੀਰੀ ਠਾਠ ਬਣਾ ਦਿਤਾ। ਪਿੰਡ ਦੇ ਵਿਚ ਬਰਾਬਰ ਦੀ ਹੋ ਗਈ ਉਹਦੇ।

ਇਧਰਲੇ ਪਾਸੇ ਨੌਂ ਮਹੀਨੇ ਜਦੋਂ ਹੋਏ, ਬੁੱਧੂਸ਼ਾਹ ਕਹਿਣ ਲੱਗਿਆ, ਭਾਈ! ਹੁਣ ਕੀ ਵਿਚਾਰ ਹੈ? ਕਹਿੰਦਾ, ਹੁਣ ਵਿਚਾਰ ਕਾਹਦੀ ਹੈ, ਹੁਣ ਤਾਂ ਗੁਰੂ ਕੋਲ ਹੀ ਜਾਣਾ ਪੈਣੈ।

ਕਹਿੰਦਾ, ਕਿਉਂ?

ਕਹਿੰਦਾ, ਪਰਿਵਾਰ ਤਾਂ ਵਿਚਾਰਾ ਮਰ ਗਿਆ ਹੋਣਾ।

ਉਹ ਕਹਿੰਦੇ, ਇਕ ਵਾਰ ਜਾ ਕੇ ਪਰਿਵਾਰ ਦੀ ਖਬਰ ਲੈ ਆ, ਮੇਰਾ ਦਿਲ ਕਹਿੰਦਾ ਹੈ ਕਿ ਉਹ ਸਾਰੇ ਸਹੀ ਨੇ। ਜਾਹ, ਤੂੰ ਦੇਖ ਆ। ਕਹੇ ਕਹਾਏ ਤੇ ਜਦੋਂ ਉਹ ਪਿੰਡ ਵਲ ਨੂੰ ਆਇਆ। ਦੂਰੋਂ ਹੀ ਦਿਲ ਧੱਕ-ਧੱਕ ਕਰਦਾ ਹੈ ਕਿ ਕੋਈ ਇਸ ਤਰ੍ਹਾਂ ਨਾ ਕਹਿ ਦੇਵੇ, ਤੇਰੇ ਤਾਂ ਬਾਲ-ਬੱਚੇ ਸਭ ਮਰ ਗਏ। ਗੱਲ ਨਹੀਂ ਕਿਸੇ ਨਾਲ ਕਰਦਾ। ਹੁੰਦੇ-ਹੁੰਦੇ ਜਦੋਂ ਆਪਣੇ ਮਕਾਨ ਦੇ ਨੇੜੇ ਪਹੁੰਚਿਆ ਤਾਂ ਹੈਰਾਨ ਹੋ ਗਿਆ ਕਿ ਮੇਰਾ ਤਾਂ ਮਕਾਨ ਢਾਹ ਦਿਤਾ, ਇਹ ਤਾਂ ਪੱਕਾ ਮਕਾਨ ਦੋ ਮੰਜ਼ਲਾ ਬਨਿਆ ਪਿਐ ਕਿਸੇ ਦਾ। ਨੌਕਰ ਘੁੰਮ ਰਹੇ ਨੇ, ਪਸ਼ੂ ਬੰਨ੍ਹੇ ਹੋਏ ਨੇ, ਖੁਰਲੀਆਂ ਬਣੀਆਂ ਹੋਈਆਂ ਨੇ ਤੇ ਇਹ ਮੇਰਾ ਘਰ ਦੱਬ ਲਿਆ ਕਿਸੇ ਨੇ। ਨੇੜੇ ਆਇਆ ਤਾਂ ਦੇਖਦੈ ਕਿ ਇਹਦਾ ਬੱਚਾ ਖੇਲ੍ਹਦਾ ਫਿਰਦੈ। ਉਹਨੂੰ ਪਛਾਣ ਲਿਆ ਇਹਨੇ, ਉਸ ਬੱਚੇ ਨੇ ਵੀ ਪਛਾਣ ਲਿਆ ਕਿ ਬਾਪੂ ਆ ਗਿਆ। ਉਹ ਬੱਚਾ ਨੱਠ ਕੇ ਅੰਦਰ ਚਲਿਆ ਗਿਆ, ਇਹ ਵੀ ਕਾਹਲੀ-ਕਾਹਲੀ ਉਹਦੇ ਪਿੱਛੇ ਚਲਿਆ ਗਿਆ ਕਿ ਮੈਂ ਬੱਚੇ ਨੂੰ ਪੁੱਛਾਂ। ਬੱਚਾ ਪੌੜੀਆਂ ਚੜ੍ਹ ਗਿਆ, ਇਹ ਵੀ ਪੌੜੀਆਂ ਚੜ੍ਹ ਗਿਆ। ਉਹ ਨੱਠ ਕੇ ਚੁਬਾਰੇ ਦੇ ਅੰਦਰ ਜਾ ਵੜਿਆ। ਇਹ ਦਰਵਾਜ਼ੇ ਕੋਲ ਜਾ ਪਹੁੰਚਿਆ। ਉੱਚੀ ਦੇ ਕੇ ਬੱਚਾ ਕਹਿਣ ਲੱਗਿਆ, ਬੇਬੇ! ਬੇਬੇ! ਬਾਪੂ ਆ ਗਿਆ, ਹੁਣ ਆਪਾਂ ਫੇਰ ਭੁੱਖੇ ਮਰਾਂਗੇ। ਗੱਲ ਸੁਣ ਲਈ ਇਹਨੇ ਸਾਰੀ।

ਬੀਬੀ ਉੱਠੀ, ਸਤਿਕਾਰ ਕਰਿਆ। ਕਹਿੰਦੀ, ਤੂੰ ਕਿਉਂ ਆ ਗਿਆ। ਤੂੰ ਗੁਰੂ ਸਾਹਿਬ ਦੀ ਸੇਵਾ ਕਰਨੀ ਸੀ। ਦੇਖ, ਤੇਰੀ ਸੇਵਾ ਦੇ ਵਿਚ ਕਿੰਨੀ ਬਰਕਤ ਪਈ ਹੈ ਤੇ ਤੇਰੇ ਜਾਣ ਤੋਂ ਬਾਅਦ ਇਸ ਤਰ੍ਹਾਂ ਹੋਇਆ। ਸਾਰਾ ਹਾਲ ਸੁਣਾਇਆ।

ਕਹਿੰਦਾ, ਮੈਂ ਤਾਂ ਨਹੀਂ ਸੇਵਾ ਕਰੀ। ਬਾਣੀ ਤਾਂ ਮੈਂ ਪੜ੍ਹਦਾ ਸੀ, ਅਰਥ ਵੀ ਕਰਦਾ ਸੀ, ਪਰ ਅੰਦਰੋਂ ਮੈਂ ਨਾਸਤਕ ਸੀ, ਮੰਨਦਾ ਨਹੀਂ ਸੀਗਾ। ਬਹੁਤ ਵਾਰੀ ਮੈਂ ਪੜ੍ਹਿਆ ਸੀ - ***'ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥'*** ਇਹ ਗੱਲ ਸੰਤ ਤਾਂ ਅਜ਼ਮਾਅ ਕੇ ਦੇਖਦੇ ਨੇ ਆਪਣੇ ਉਤੇ। ਤਕਰੀਬਨ ਸਾਰੇ ਹੀ ਸੰਤਾਂ ਨੇ ਅਜ਼ਮਾਈਆਂ ਨੇ ਇਹ ਗੱਲਾਂ। ਚਾਹੇ ਕੋਈ ਮਹਾਤਮਾ ਹੈ। ਸਾਰਿਆਂ ਦੇ ਜੀਵਨ ਮੈਂ ਪੜ੍ਹੇ ਨੇ। ਕਿੰਨਾਂ ਹੀ ਲੁਕ ਕੇ, ਛਿਪ ਕੇ ਬੈਠੇ ਨੇ, ਪ੍ਰਸ਼ਾਦੇ ਦੀ ਚਿੰਤਾ ਵਾਹਿਗੁਰੂ ਨੂੰ ਹੈ। ਉਹਨੇ ਦੇਣਾ ਹੀ ਦੇਣਾ ਹੈ। ਇਸ ਤਰ੍ਹਾਂ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਚਿੰਤਾ ਕਰੀਂ ਨਾ ਕਦੇ ਵੀ ਮਨਾਂ ਮੇਰਿਆ,*
*ਚਿੰਤਾ ਤੇਰੀ ਰੱਬ ਕਰਦੈ।*
*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥*
*ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥*
*ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥*
*ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥*
*ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥*
*ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥*

*ਅੰਗ - ੯੫੫*

ਕਹਿਣ ਲੱਗੇ, ਤੁਹਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ। ਇਹ ਚਿੰਤਾ ਤਾਂ ਵਾਹਿਗੁਰੂ ਜੀ ਕਰਦੇ ਨੇ। ਸੋ ਆਪ ਭਜਨ ਕਰਦੇ ਨੇ, ਕਹਿੰਦੇ ਆਪਣਾ ਕੰਮ ਹੈ, ਉਹਨੂੰ ਯਾਦ ਰੱਖਣਾ ਕਿਉਂਕਿ ਮੇਰੇ ਸਤਿਗੁਰੂ ਜੀ ਬਾਰ-ਬਾਰ ਫੁਰਮਾਨ ਕਰਦੇ ਨੇ ਕਿ -

*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ ॥* *ਅੰਗ - ੨*

ਰੋਟੀ ਤਾਂ ਉਹਨੇ ਦੇਣੀ ਹੈ, ਬਾਕੀ ਸਾਰੇ ਕੰਮ ਉਹਦੇ ਕਰੇ ਕਰਾਏ ਪਏ ਨੇ, ਸਾਨੂੰ ਤਾਂ ਜੇ ਚਿੰਤਾ ਚਾਹੀਦੀ ਹੈ ਤਾਂ ਇਹ ਚਾਹੀਦੀ ਹੈ ਕਿ ਸਾਡਾ ਭਜਨ ਨਾ ਟੁੱਟ ਜਾਵੇ, ਭਜਨ ਦਾ ਸਮਾਂ ਨਾ ਸਾਡਾ ਜਾਂਦਾ ਰਹੇ। ਇਸ ਤਰ੍ਹਾਂ ਪਰਿਵਾਰ ਨੂੰ ਦਿਲਾਸਾ ਦਿੰਦੇ ਹੋਏ, ਆਪ ਤੁਰੇ ਜਾ ਰਹੇ ਨੇ ਤੇ ਘਰਵਾਲੀ ਕਹਿਣ ਲੱਗੀ ਕਿ ਬਹੁਤ ਬੁਰੀ ਹੋਈ ਸਾਡੇ ਨਾਲ। ਹੋਣੀ ਨਹੀਂ ਸੀ ਚਾਹੀਦੀ ਸਾਡੇ ਨਾਲ। ਬੜੇ ਸੋਹਣੇ ਘਰ 'ਚ ਰਹਿੰਦੇ ਸੀ, ਰੋਟੀ ਦਾ ਸਾਰਾ ਪ੍ਰਬੰਧ ਹੋਇਆ-ਹੋਇਆ ਸੀ।

ਭਾਈ ਮੰਞ ਨੇ ਕਿਹਾ ਕਿ ਫੇਰ ਤੁਸੀਂ ਕਮਜ਼ੋਰੀ ਦੀ ਬਾਤ ਕਰਦੇ ਹੋਂ?

ਸਾਧਸੰਗਤ ਜੀ! ਧਾਰਮਿਕ ਜਗਤ ਦੇ ਅੰਦਰ ਐਨੀਆਂ ਮਿਸਾਲਾਂ ਨੇ ਕਿ ਪ੍ਰਮੇਸ਼ਰ ਨੂੰ ਫਿਕਰ ਹੋਇਆ ਕਰਦੈ। ਜੇ ਕੋਈ ਨਾ ਹੋਵੇ ਤਾਂ ਪ੍ਰਸ਼ਾਦਾ ਦੇਣ ਵੀ ਆਪ ਚਲਿਆ ਜਾਂਦੈ।

ਐਸੀ ਮਿਸਾਲ ਆਉਂਦੀ ਹੈ ਇਕ ਮਾਈ ਦਾਸ ਦੀ। ਉਹ ਸੱਤ ਦਿਨ ਦਾ ਦੁਆਰਕਾ ਨੂੰ ਜਾਂਦਾ ਹੋਇਆ, ਗੁਰੂ ਤੀਸਰੇ ਪਾਤਸ਼ਾਹ ਪਾਸੋਂ ਗਿਆ ਸੀ, ਕ੍ਰਿਸ਼ਨ ਭਗਤ ਸੀਗਾ। ਜਦੋਂ ਸੱਤ ਦਿਨ ਉਥੇ ਝੜੀ ਲੱਗੀ, ਇਕ ਦਰਖ਼ਤ ਦੀ ਖੋਲ੍ਹ 'ਚ ਬੈਠਾ ਰਿਹਾ। ਪਿਆਰਾ ਸੀ ਪ੍ਰਮੇਸ਼ਰ ਦਾ। ਜਦੋਂ ਚਾਰ ਦਿਨ ਹੋਏ, ਉਥੇ ਪ੍ਰਸ਼ਾਦਾ ਲੈ ਕੇ ਆਏ ਪੱਕਿਆ ਹੋਇਆ। ਉਹ ਕਹਿੰਦਾ, ਮੈਂ ਤਾਂ ਜਾਤ ਵਰਣ ਜਾਣੇ ਬਿਨਾਂ ਖਾਂਦਾ ਨਹੀਂ ਹੁੰਦਾ। ਵਾਪਸ ਚਲੇ ਗਏ, ਦੂਜੀ ਵਾਰ ਪੱਕਾ ਭੋਜਨ ਲੈ ਕੇ ਆਏ। ਤੀਜੀ ਵਾਰ ਫੇਰ ਕੱਚਾ ਭੋਜਨ ਲਿਆਂਦਾ, ਫਲ ਆਦਿਕ ਕਿ ਆਹ ਖਾ ਲੈ। ਯਾਨਿ ਤਿੰਨੋਂ ਦਿਨ ਭਗਵਾਨ ਪ੍ਰਸ਼ਾਦਾ ਲੈ-ਲੈ ਕੇ ਜਾਂਦੇ ਰਹੇ।

ਸੰਤ ਮਸਤੂਆਣੇ ਵਾਲੇ, ਆਪ ਹਜ਼ੂਰ ਸਾਹਿਬ ਗਏ ਹੋਏ। ਉਥੇ ਆਪ ਨੇ ਬੈਠ ਕੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕਰਿਆ ਸੀ। ਸਵਾ ਲੱਖ ਗਿਣ ਕੇ ਦੇਖ ਲਿਓ, ਕਿੰਨੀ ਦੇਰ 'ਚ ਹੋ ਸਕਦੈ। ਸਵੇਰੇ ਅੰਮ੍ਰਿਤ ਵੇਲੇ ਤੋਂ ਲਗਦੇ ਹੁੰਦੇ ਸੀ, ਸਵਾ ਲੱਖ ਕਰਕੇ ਫੇਰ ਵਾਪਸ ਆਏ ਸੀ ਏਧਰ। ਸੋ ਆਪ ਜੀ ਗਹਿਮਾ-ਗਹਿਮੀ ਤੋਂ ਬਚਣ ਵਾਸਤੇ ਚਾਰ ਮੀਲ ਹੇਠਾਂ ਨੂੰ ਗੋਦਾਵਰੀ ਵਲ ਨੂੰ ਚਲੇ ਗਏ। ਉਥੇ ਗਲ੍ਹ-ਗਲ੍ਹ ਪਾਣੀ ਦੇਖ ਕੇ ਵਿਚ ਬੈਠ ਗਏ। ਚੌਂਕੜਾ ਮਾਰ ਲਿਆ, ਜਿਥੇ ਗਲ ਤਕ ਪਾਣੀ ਆਉਂਦਾ ਸੀ, ਉਥੇ ਬੈਠ ਕੇ ਅਖੰਡ ਸਮਾਧੀ 'ਚ ਲੀਨ ਹੋ ਗਏ। ਨਾਮ ਦੀ ਇਕ ਐਸੀ ਅਵਸਥਾ ਹੈ ਜਦੋਂ ਨਾਮ ਧੁਨ ਰਸ ਭਰੀ ਜਾਗ ਪਵੇ, ਸੁਣਨ ਲਗ ਜਾਵੇ, ਫੇਰ ਫੁਰਨੇ ਖਤਮ ਹੋ ਜਾਂਦੇ ਨੇ। ਜਦੋਂ ਫੁਰਨਾ ਖਤਮ ਹੋ ਗਿਆ, ਨਾ ਕੋਈ ਭੁੱਖ ਰਹਿੰਦੀ ਹੈ, ਨਾ ਕੋਈ ਦੁਖ ਰਹਿੰਦਾ ਹੈ। ਸਾਰੀ ਚੀਜ਼ ਫੁਰਨੇ ਨੂੰ ਹੋਇਆ ਕਰਦੀ ਹੈ, ਦੁਖ-ਭੁੱਖ। ਸੋ ਆਪ ਨੂੰ ਬੈਠਿਆਂ ਨੂੰ ਦੋ ਦਿਨ ਹੋਏ, ਉਸ ਵੇਲੇ ਜੋ ਹੈੱਡ ਗ੍ਰੰਥੀ ਸੀ ਉਹਨਾਂ ਨੂੰ ਸੁਪਨਾ ਆਇਆ ਕਿ ਮੇਰਾ ਇਕ ਸਿੱਖ ਅਤਰ ਸਿੰਘ ਨਾਮ ਦਾ ਗੋਦਾਵਰੀ ਵਿਚ ਬੈਠਾ ਹੈ ਤੇ ਉਹਦੇ ਲਈ ਪ੍ਰਸ਼ਾਦਾ ਲੈ ਕੇ ਜਾਈਂ। ਸੁਪਨਾ ਸਮਝਿਆ ਉਸ ਨੇ, ਗਿਆ ਨਾ। ਤੀਸਰਾ ਦਿਨ ਲੰਘ ਗਿਆ। ਚੌਥੇ ਦਿਨ ਫੇਰ ਸੁਪਨਾ ਆਇਆ ਕਿ ਤੂੰ ਗਿਆ ਨਹੀਂ ਹੈਂ ਤੇ ਮੈਂ ਤੈਨੂੰ ਆਪ ਕਹਿ ਕੇ ਗਿਆ ਸੀ। ਗੁਰੂ ਸਾਹਿਬ ਦੇ ਨਾਲੇ ਦਰਸ਼ਨ ਹੋਣ, ਨਾਲੇ ਹੁਕਮ ਆਵੇ। ਘਰਵਾਲੀ ਨੂੰ ਦੱਸਿਆ, ਉਹ ਕਹਿੰਦੀ ਲੈ ਐਵੇਂ ਪ੍ਰਸ਼ਾਦੇ ਲਾਹੀ ਜਾਵਾਂਗੇ ਰੋਜ਼ ਦਾ ਹੀ ਕੰਮ ਹੈ, ਇਥੇ ਸਿੱਖਾਂ ਨੇ ਆਉਣਾ ਹੈ ਜਾਣਾ ਹੈ, ਕਿਸੇ ਨੇ ਕਿਤੇ ਬਹਿਣੈ, ਕਿਸੇ ਨੇ ਕਿਤੇ ਬਹਿਣੈ। ਆਪਾਂ ਫੇਰ ਰੋਟੀਆਂ ਢੋਣ 'ਤੇ ਹੀ ਹੋ ਗਏ। ਉਹ ਕਹਿੰਦਾ, ਮੈਨੂੰ ਸੁਪਨਾ ਆਇਆ ਹੈ। ਕਹਿੰਦੀ, ਸੁਪਨੇ ਤਾਂ ਫਜ਼ੂਲ ਚੀਜ਼ਾਂ ਹੁੰਦੀਆਂ ਨੇ। ਸੁਪਨੇ 'ਤੇ ਵੀ ਤੁਸੀਂ ਵਿਸ਼ਵਾਸ਼ ਰਖਦੇ ਹੋਂ, ਗੁਰੂ ਦੇ ਸਿੰਘ ਹੋ ਕੇ ਤੇ ਵੱਡੇ ਸੇਵਾਦਾਰ ਹੋ ਕੇ ਸੁਪਨਿਆਂ 'ਤੇ ਅਣਜਾਣ ਬੰਦਿਆਂ ਵਾਂਗ ਵਿਸ਼ਵਾਸ਼ ਰਖਦੇ ਹੋਂ? ਉਹ ਕਹਿੰਦਾ, ਮੈਨੂੰ ਪ੍ਰਤੱਖ ਵਰਗਾ ਹੀ ਸੁਪਨਾ ਆਇਐ। ਫੇਰ ਨਾ ਗਿਆ। ਪੰਜਵਾਂ ਦਿਨ ਆ ਗਿਆ। ਮਹਾਰਾਜ ਕਹਿੰਦੇ, ਸਾਨੂੰ ਤਿੰਨ ਦਿਨ ਹੋ ਗਏ ਤੈਨੂੰ ਕਹਿੰਦਿਆਂ ਨੂੰ। ਜਾਂਦਾ ਕਿਉਂ ਨਹੀਂ ਤੂੰ? ਹੁਕਮ ਨਹੀਂ ਮੰਨਦਾ। ਅਧੂਰੇ ਜਿਹੇ ਦਿਲ ਨਾਲ ਪ੍ਰਸ਼ਾਦੇ ਪਕਵਾ ਕੇ ਘਰਵਾਲੀ ਤੋਂ ਲੈ ਗਿਆ। ਉਹ ਕਹਿੰਦੀ, ਐਵੇਂ ਹੀ ਤੁਹਾਡਾ ਵਹਿਮ ਹੈ, ਤੁਹਾਡੇ ਖਿਆਲ ਵਿਚ ਗੱਲ ਵੜ ਗਈ। ਉਹੀ ਮੁੜ-ਮੁੜ ਕੇ ਦੇਹ ਅਧਿਆਸ ਹੋਣ ਨਾਲ ਖਿਆਲ ਆ ਜਾਂਦੈ ਰਾਤ ਨੂੰ, ਜਾਓ ਫਿਰ ਆਓ। ਉਹ ਸਾਢੇ ਕੁ ਤਿੰਨ ਮੀਲ ਤਕ ਗਿਆ, ਕਹਿੰਦਾ, ਕੋਈ ਨਹੀਂ ਹੈ, ਉਥੋਂ ਮੁੜ ਆਇਆ। ਛੇਵਾਂ ਦਿਨ ਹੋ ਗਿਆ, ਸੰਤ ਉਵੇਂ ਜਿਵੇਂ ਬੈਠੇ ਨੇ। ਉਹ ਕਹਿੰਦੇ, ਪ੍ਰੇਮੀਆਂ! ਤੈਨੂੰ ਕਿੰਨੀ ਵਾਰ ਕਿਹੈ, ਤੂੰ ਪ੍ਰਸ਼ਾਦਾ ਲੈ ਕੇ ਕਿਉਂ ਨਹੀਂ ਜਾਂਦਾ? ਉਹ ਛੇਵੇਂ ਦਿਨ ਜਦੋਂ ਗਿਆ, ਮਹਾਂਪੁਰਸ਼ ਉਥੋਂ ਥੋੜ੍ਹਾ ਅਗਾਂਹਾਂ ਹੋ ਗਏ, ਉਥੋਂ ਉਠ

ਕੇ। ਚਾਰ-ਸਾਢੇ ਚਾਰ ਮੀਲ ਤਕ ਘੁੰਮ ਆਇਆ, ਕਹਿੰਦਾ, ਇਥੇ ਤਾਂ ਕੋਈ ਦਿਸਦਾ ਹੀ ਨਹੀਂ ਹੈ। ਕੋਈ ਨਹੀਂ ਨਜ਼ਰ ਆਉਂਦਾ। ਸੱਤਵੇਂ ਦਿਨ ਫੇਰ ਆਇਆ, ਕਹਿੰਦੇ ਉਹ ਅੱਠਵੇਂ ਮੀਲ 'ਤੇ ਬੈਠੈ, ਪੂਰੇ ਅੱਠ ਮੀਲ ਚਲਿਆ ਜਾਹ, ਅਸੀਂ ਪਰੇਰ ਕੇ ਉਥੇ ਬਿਠਾ ਕੇ ਰੱਖਾਂਗੇ। ਉਸ ਦਿਨ ਫੇਰ ਅੱਠਵਾਂ ਦਿਨ ਹੋ ਗਿਆ। ਜਦੋਂ ਉਥੇ ਗਿਆ, ਮਹਾਂਪੁਰਸ਼ ਪਾਣੀ 'ਚ ਬੈਠੇ ਉਵੇਂ ਜਿਵੇਂ। ਪਾਠ ਕਰ ਰਹੇ ਸੀ। ਉਥੇ ਜਾ ਕੇ ਆਪ ਨੇ ਅਵਾਜ਼ ਦਿਤੀ, ਫੇਰ ਬਾਹਰ ਆਏ। ਉਸ ਵੇਲੇ ਚਰਨਾਂ 'ਤੇ ਨਮਸ਼ਕਾਰ ਕਰਕੇ ਕਹਿਣ ਲਗਿਆ, ਮਹਾਰਾਜ! ਇਸ ਤਰ੍ਹਾਂ ਨਾਲ ਵਾਰਤਾ ਬੀਤੀ ਹੈ। ਮੈਨੂੰ ਕਿੰਨੇ ਦਿਨਾਂ ਦੇ ਭੇਜ ਰਹੇ ਸੀ। ਗਲਤੀ ਮੇਰੇ ਵਿਚ ਹੈ ਕਿ ਮੈਂ ਵਿਸ਼ਵਾਸ਼ ਨਹੀਂ ਕਰਦਾ ਇਸ ਚੀਜ਼ ਦੇ ਉਤੇ। ਸੋ ਮੇਰੀ ਬੜੀ ਭਾਰੀ ਭੁੱਲ ਹੋ ਗਈ। ਅੱਠ ਦਿਨ ਦੇ ਆਪ ਨਿਰ-ਆਹਾਰ ਬੈਠੇ ਹੋਂ।

ਮਹਾਂਪੁਰਸ਼ ਕਹਿੰਦੇ, ਸਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਪਰ ਮਹਾਰਾਜ ਜੀ ਨੇ ਐਨੀ ਖੇਚਲ ਕਿਉਂ ਕਰਨੀ ਸੀ।

ਸੋ ਕਿੰਨੇ ਦਿਆਲੂ ਨੇ ਇਕ ਸਿੱਖ ਨੂੰ ਭੁੱਖਾ ਨਹੀਂ ਰਹਿਣ ਦਿਤਾ। ਸੋ ਇਸੇ ਤਰ੍ਹਾਂ ਨਾਲ ਸਾਧਸੰਗਤ ਜੀ! ਵਾਹਿਗੁਰੂ ਦਾ ਇਹ ਬਿਰਦ ਹੈ ਕਿ ਭੁੱਖਾ ਨਾ ਰਹਿਣ ਦੇਣਾ।

ਸੋ ਕਹਿਣ ਲੱਗੇ, ਇਸ ਗੱਲ ਦੀ ਤੁਸੀਂ ਚਿੰਤਾ ਨਾ ਕਰੋ। ਬਾਕੀ ਜੋ ਕੁਝ ਹੁੰਦੈ, ਇਹ ਤਾਂ ਹੋਇਆ ਹੀ ਕਰਦੈ। ਇਹ ਹੋਣਾ ਹੀ ਹੋਇਆ ਕਰਦੈ। ਵੱਡੇ-ਵੱਡੇ ਸੰਸਾਰ 'ਤੇ ਹੋਏ ਆਪਾਂ ਤਾਂ ਮਾਮੂਲੀ ਆਦਮੀ ਸੀਗੇ। ਜਿਨ੍ਹਾਂ ਨੂੰ ਯੁੱਗ ਪੁਰਸ਼ ਆਖਿਆ ਜਾਂਦੈ, ਜਿਨ੍ਹਾਂ ਦੇ ਨਾਉਂ ਹੁਣ ਤਕ ਚਲਦੇ ਨੇ। ਉਹ ਵੀ ਜਿਹੜੀ ਚੀਜ਼ ਹੋਣੀ ਹੁੰਦੀ ਹੈ, ਉਹ ਹੋਣੀ ਹੀ ਹੁੰਦੀ ਹੈ, ਲੋਕਾਂ ਨੇ ਨਾਉਂ ਹੀ ਉਹਦਾ ਹੋਣੀ ਰੱਖ ਲਿਆ। ਹੋਣੀ ਉਸ ਨੂੰ ਕਹਿੰਦੇ ਨੇ ਜੋ ਅਵੱਸ਼ ਹੋਣੀ ਹੁੰਦੀ ਹੈ ਕਿ ਵੱਡਿਆਂ-ਵੱਡਿਆਂ ਜ਼ੋਰ ਲਾਇਆ ਹੈ, ਕਿਸੇ ਤੋਂ ਟਲੀ ਤਾਂ ਹੈ ਨਹੀਂ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਕੋਈ ਹੋਣੀ ਨੂੰ ਮੋੜ ਨਾ ਸਕਿਆ,*
*ਵੱਡੇ-ਵੱਡੇ ਜ਼ੋਰ ਲਾ ਗਏ।*

ਸੰਸਾਰ ਦੇ ਅੰਦਰ ਬਹੁਤ ਵੱਡੇ-ਵੱਡੇ ਆਏ ਲੇਕਿਨ ਜੋ ਕੁਝ ਹੋਣਾ ਸੀ ਉਹਨੂੰ ਮੋੜ ਨਹੀਂ ਸਕਿਆ ਕੋਈ।

ਇਕ ਵਾਰੀ ਰਾਜਾ ਜਨਕ ਆਪਣੀ ਰਿਆਇਆ ਦਾ ਹਾਲ ਦੇਖਣ ਵਾਸਤੇ, ਬੀਰ ਯਾਤਰਾ ਕਰਦੇ ਹੋਏ ਭੇਸ ਬਦਲ ਕੇ ਥਾਂ-ਥਾਂ ਫਿਰ ਰਹੇ ਨੇ। ਇਕ ਥਾਂ ਕੀ ਦੇਖਦੇ ਨੇ ਕਿ ਇਕ ਬੀਬੀ ਮਰੀ ਪਈ ਹੈ ਤੇ ਉਹਦਾ ਛੇ ਮਹੀਨੇ ਦਾ ਬੱਚਾ ਕਦੇ ਖੱਬਾ ਦੁੱਧ ਮੂੰਹ ਵਿਚ ਪਾਉਂਦਾ ਹੈ, ਕਦੇ ਸੱਜਾ ਪਾਉਂਦੈ ਤੇ ਕਦੇ ਮਾਂ ਵਲ ਦੇਖਦਾ ਹੈ ਕਿ ਦੁੱਧ ਨਹੀਂ ਆਉਂਦਾ ਵਿਚੋਂ। ਆਲੇ-ਦੁਆਲੇ ਲੋਕ ਇਕੱਠੇ ਹੋਏ ਖੜ੍ਹੇ ਨੇ। ਸਭ ਅਫਸੋਸ ਕਰ ਰਹੇ ਨੇ ਕਿ ਇਸ ਬੱਚੇ ਨੂੰ ਕੀ ਪਤਾ ਕਿ ਇਹਦੀ ਮਾਂ ਮਰ ਗਈ। ਰਾਜਾ ਜਨਕ ਵੀ ਉਥੇ ਵਿਚ ਖੜ੍ਹ ਕੇ ਗੱਲਾਂ-ਬਾਤਾਂ ਸੁਣ ਰਿਹੈ, ਐਨੇ ਨੂੰ ਇਕ ਬੀਬੀ ਆਈ, ਉਸ ਬੀਬੀ ਦੇ ਸਿਰ ਦੇ ਉਤੇ ਗਾਗਰ ਹੈ, ਇਕ ਸਕਿੰਟ ਉਹਨੇ ਦੇਖਿਆ, ਦੇਖ ਕੇ ਉੱਚੀ-ਉੱਚੀ ਹਸ ਪਈ। ਸਾਰਿਆਂ ਦੇ ਅੱਖਾਂ ਦੇ ਵਿਚ ਹੰਝੂ ਸੀ। ਇਹ ਹੱਸੀ, ਰਾਜੇ ਜਨਕ ਦਾ ਇਕ ਦਮ ਧਿਆਨ ਖਿੱਚਿਆ ਗਿਆ। ਇਹ ਕਾਹਲੀ-ਕਾਹਲੀ ਉਥੋਂ ਚਲ ਗਈ, ਇਹ ਇਹਦੇ ਪਿੱਛੇ ਤੁਰ ਪਿਆ, ਕਾਹਲੀ-ਕਾਹਲੀ ਜਾ ਕੇ ਰਲਿਆ। ਕਹਿਣ ਲੱਗਿਆ, ਬੇਟਾ! ਕਿੱਡਾ ਭਿਆਨਕ ਦ੍ਰਿਸ਼ ਸੀ, ਸਾਰਿਆਂ ਦੇ ਦਿਲ ਦ੍ਰਵੇ ਹੋਏ ਸੀ। ਤੂੰ ਕਿਉਂ ਹੱਸੀ?

ਕਹਿਣ ਲੱਗੀ, ਮੈਂ ਹੋਣੀ ਨੂੰ ਦੇਖ ਕੇ ਹੱਸੀ ਕਿ ਇਸੇ ਤਰ੍ਹਾਂ ਹੋਣਾ ਸੀਗਾ।

ਕਹਿੰਦੇ, ਤੈਨੂੰ ਪਤਾ ਹੈ?

ਕਹਿਣ ਲੱਗੀ, ਹਾਂ, ਮੈਨੂੰ ਪਤਾ ਹੈ।

ਕਹਿੰਦੇ, ਕਿਵੇਂ?

ਕਹਿਣ ਲੱਗੀ, ਮੇਰੇ ਕੋਲ ਸਮਾਂ ਨਹੀਂ ਹੈ ਕਿ ਮੈਂ ਖੜ੍ਹ ਕੇ ਗੱਲ ਕਰਾਂ ਤੇਰੇ ਨਾਲ। ਇਸ ਕਰਕੇ ਮੈਨੂੰ ਚੁੱਪ ਰਹਿਣ ਦੇ। ਮੈਂ ਪ੍ਰਮੇਸ਼ਰ ਦਾ ਭਜਨ ਕਰਨਾ ਹੈ।

ਹੋਰ ਅਚੰਭਾ ਹੋ ਗਿਆ, ਰਾਜੇ ਜਨਕ ਨੂੰ ਕਿ ਅੱਜ ਤਕ ਤਾਂ ਮੈਨੂੰ ਕੋਈ ਮਿਲਿਆ ਨਹੀਂ ਜਿਹੜਾ ਇਹ ਗੱਲ ਕਹਿ ਦੇਵੇ ਕਿ ਮੇਰੇ ਕੋਲ ਸਮਾਂ ਨਹੀਂ।

ਕਹਿਣ ਲੱਗਿਆ, ਮੈਂ ਰਾਜਾ ਜਨਕ ਹਾਂ। ਬੀਰ ਯਾਤਰਾ ਕਰਦਾ ਫਿਰਦਾ ਹਾਂ। ਮੈਨੂੰ ਦਸ ਦੇ।

ਕਹਿਣ ਲੱਗੀ, ਰਾਜਨ! ਮੈਂ ਤੈਨੂੰ ਕਹਿ ਦਿਤਾ ਕਿ ਮੇਰੇ ਕੋਲ ਸਮਾਂ ਨਹੀਂ। ਮੇਰੇ ਕੋਲ ਬਹੁਤ ਥੋੜ੍ਹਾ ਸਮਾਂ ਹੈ। ਤੂੰ ਮੈਨੂੰ ਭਜਨ ਕਰ ਲੈਣ ਦੇ।

ਕਹਿਣ ਲੱਗਿਆ ਕਿ ਤੇਰੇ ਕੋਲ ਕਿਉਂ ਨਹੀਂ

ਸਮਾਂ? ਉਹ ਤਾਂ ਦਸ ਦੇ?

ਕਹਿਣ ਲੱਗੀ, ਮੈਂ ਹੁਣ ਇਥੋਂ ਨਦੀ 'ਚੋਂ ਇਸ਼ਨਾਨ ਕਰਕੇ, ਗਾਗਰ ਭਰ ਕੇ ਲਿਜਾਣੀ ਹੈ ਤੇ ਮੈਂ ਆਪਣੇ ਪਤੀ ਦਾ ਇਸ਼ਨਾਨ ਕਰਾਉਣੈ ਤੇ ਜਦੋਂ ਮੈਂ ਉਹਦੇ ਵਾਸਤੇ ਦੁੱਧ ਲੈਣ ਜਾਣੈ ਤਾਂ ਮੇਰੇ ਉਤੇ ਮੇਰੇ ਮਕਾਨ ਦੀ ਰਸੋਈ ਦੀ ਛੱਤ ਗਿਰ ਜਾਣੀ ਹੈ ਤੇ ਮੈਂ ਉਹਦੇ ਥੱਲੇ ਆ ਕੇ ਮਰ ਜਾਣੈ, ਸਮਾਂ ਥੋੜ੍ਹਾ ਜਿਹਾ ਰਹਿੰਦੈ। ਹੁਣ ਤੂੰ ਮੇਰਾ ਸਮਾਂ ਨਾ ਜ਼ਾਇਆ ਕਰ। ਕਿਉਂਕਿ –

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥* *ਅੰਗ – ੫੨੬*

ਸਿਆਣੇ ਬੰਦੇ ਜਦੋਂ ਅੰਤ ਸਮਾਂ ਆਉਂਦਾ ਹੈ, ਖਿਆਲ ਨੂੰ ਖਿੰਡਣ ਨਹੀਂ ਦਿਆ ਕਰਦੇ। ਬਥੇਰੇ ਕਹਿੰਦੇ ਨੇ ਕਿ ਕਾਕੇ ਨੂੰ ਬੁਲਾ ਦੇਈਏ ਜੀ, ਭਰਾ ਨੂੰ ਬੁਲਾਈਏ, ਫਲਾਣੇ ਨੂੰ ਬੁਲਾਈਏ। ਜਿਹੜਾ ਸਿਆਣਾ ਹੈ ਉਹ ਕਹਿੰਦਾ ਹੈ ਕਿ ਮੈਨੂੰ ਛੱਡ ਦਿਓ ਇਕੱਲਾ। ਬਥੇਰਾ ਖੇਲ੍ਹ, ਖੇਲ੍ਹ ਲਿਆ ਜ਼ਿੰਦਗੀ ਦੇ ਅੰਦਰ। ਹੁਣ ਨਾ ਮੈਨੂੰ ਬੁਲਾਓ। ਹੁਣ ਮੈਨੂੰ ਅੰਤ ਦੇ ਸਮੇਂ ਆਪਣੇ ਪ੍ਰਮੇਸ਼ਰ ਦੇ ਨਾਲ ਮਿਲ ਲੈਣ ਦਿਓ। ਜਿਹੜਾ ਦੁਨੀਆਂਦਾਰ ਹੈ ਉਹ ਕਹੇਗਾ ਫਲਾਣੇ ਤੋਂ ਲੈਣੇ ਨੇ ਪੈਸੇ, ਮੈਂ ਤੈਨੂੰ ਦੱਸਿਆ ਨਹੀਂ, ਫਲਾਣਾ ਅਕਾਊਂਟ ਨੰਬਰ ਮੇਰਾ ਹੀ ਹੈ, ਉਹਦੇ 'ਚੋਂ ਐਨੇ ਪੈਸੇ ਕੱਢੇ ਨੇ, ਉਹ ਨੰਬਰ 2 ਦੇ ਨੇ। ਉਹਨਾਂ ਨੂੰ ਇਸ ਤਰ੍ਹਾਂ ਕਰਨੈ, ਇਸ ਤਰ੍ਹਾਂ ਕਰਦਾ-ਕਰਦਾ ਮਰ ਜਾਂਦੈ। ਇਹਦੀ ਗਤੀ ਕੀ ਹੁੰਦੀ ਹੈ? –

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥* *ਅੰਗ – ੫੨੬*

ਸੱਪ ਬਣਦੇ ਨੇ, ਭੂਤ ਬਣਦੇ ਨੇ, ਸੂਰ ਬਣਦੇ ਨੇ, ਵੇਸਵਾਵਾਂ ਬਣਦੇ ਨੇ। ਸੋ ਹੋਰ ਹੈਰਾਨੀ ਹੋਈ ਕਿ ਬੀਬੀ ਨੂੰ ਪਤਾ ਹੈ, ਪਰ ਕਿਉਂ ਨਹੀਂ ਇਹ ਬਚਦੀ? ਕਹਿੰਦਾ, ਬੀਬਾ! ਤੂੰ ਜਾਹ ਹੀ ਨਾ।

ਕਹਿੰਦੀ, ਮੈਂ ਕਿਉਂ ਨਾ ਜਾਵਾਂ, ਮੈਂ ਪਤੀਬਰਤਾ ਇਸਤ੍ਰੀ ਹਾਂ, ਸਾਰੀ ਜ਼ਿੰਦਗੀ 'ਚ ਮੇਰੇ ਪਤੀ ਨੇ ਕਦੇ ਮੈਨੂੰ ਕੋਈ ਗੱਲ ਨਹੀਂ ਕਹੀ ਤੇ ਜੇ ਮੈਂ ਹੁਣ ਉਹਨਾਂ ਤੋਂ ਸਰਾਪ ਲੈ ਲਿਆ, ਸਮੇਂ 'ਤੇ ਨਾ ਪਹੁੰਚੀ, ਤਾਂ ਮੇਰੀ ਸਾਰੀ ਜ਼ਿੰਦਗੀ ਦੀ ਕੀਤੀ ਹੋਈ ਭਗਤੀ ਨਿਹਫਲ ਚਲੀ ਜਾਏਗੀ।

ਕਾਹਦੇ ਵਾਸਤੇ? ਜਾਨ ਬਚਾਉਣ ਵਾਸਤੇ? ਇਹ ਤਾਂ ਫੇਰ ਵੀ ਇਕ ਦਿਨ ਜਾਣਾ ਹੀ ਹੈ ਸਰੀਰ। ਸੋ ਮੈਨੂੰ ਜਾਣ ਦਿਓ। ਜੋ ਕੁਛ ਪ੍ਰਮੇਸ਼ਰ ਵਲੋਂ ਹੋ ਰਿਹੈ ਮੈਨੂੰ ਉਸੇ ਵਿਚ ਰਹਿਣ ਦਿਓ।

ਕਹਿਣ ਲੱਗਿਆ ਕਿ ਕਿਸੇ ਵੱਡੇ ਉਪਰ ਵੀ ਭਾਵੀ ਆ ਸਕਦੀ ਹੈ ਤੇ ਟਾਲੀ ਜਾ ਸਕਦੀ ਹੈ?

ਕਹਿੰਦੀ, ਨਾ, ਹੋਣੀ ਨਹੀਂ ਟਲਿਆ ਕਰਦੀ। ਕਿਸੇ 'ਤੇ ਆ ਰਹੀ ਹੈ?

ਕਹਿੰਦੀ, ਹਾਂ। ਰਾਵਣ 'ਤੇ ਆਉਣ ਵਾਲੀ ਹੈ। ਥੋੜ੍ਹੇ ਸਾਲਾਂ 'ਚ। ਕਹਿੰਦੀ, ਉਹਦੇ ਲੜਕੀ ਹੋਣੀ ਹੈ, ਉਹਦੀ ਸ਼ਾਦੀ ਉਹਦੇ ਘਰ ਦਾ ਜੋ ਸੇਵਾ ਕਰਨ ਵਾਲਾ ਹੈ, ਸਫਾਈ ਕਰਨ ਵਾਲਾ ਹੈ, ਚੰਡਾਲ, ਉਹਦਾ ਲੜਕਾ ਜੋ ਹੈ, ਉਹਦੇ ਨਾਲ ਉਹਦੀ ਲੜਕੀ ਦੀ ਸ਼ਾਦੀ ਹੋਣੀ ਹੈ। ਜਾਹ, ਉਹਨੂੰ ਕਹਿ ਦੇਣਾ ਕਿ ਹਟਾ ਲਵੇ।

ਰਾਜਾ ਜਨਕ ਚੁੱਪ ਹੋ ਗਿਆ। ਉਹਨੇ ਇਸ਼ਨਾਨ ਕਰਕੇ ਪਾਣੀ ਦੀ ਗਾਗਰ ਚੁੱਕੀ, ਜਦੋਂ ਫੇਰ ਰਸਤੇ 'ਚ ਮਿਲ ਗਿਆ, ਪਿੱਛੇ-ਪਿੱਛੇ ਜਾਂਦੈ, ਜਾ ਕੇ ਉਹਨੇ ਪਤੀ ਦਾ ਇਸ਼ਨਾਨ ਕਰਾਇਆ। ਜਦੋਂ ਅੰਦਰ ਦੁੱਧ ਵਗੈਰਾ ਲੈਣ ਗਈ, ਛੱਤ ਉਤੇ ਗਿਰ ਗਈ, ਉਥੇ ਹੀ ਵਿਚਾਰੀ ਮਰ ਗਈ। ਬੜਾ ਅਫਸੋਸ ਹੋਇਆ ਇਸ ਨੂੰ।

ਪਿੱਛੋਂ ਆਇਆ ਰਾਜੇ ਜਨਕ ਦੇ ਮਨ ਵਿਚ ਕਿ ਮੈਂ ਰਾਜਾ ਸੀ, ਮੇਰੇ ਅਖਤਿਆਰ ਵਿਚ ਸੀ, ਮੈਂ ਇਹਨੂੰ ਫੜ ਲੈਣਾ ਸੀ, ਗ੍ਰਿਫ਼ਤਾਰ ਕਰ ਲੈਣਾ ਸੀ। ਮੈਂ ਛੱਤ ਥੱਲੇ ਜਾਣ ਹੀ ਨਾ ਦਿੰਦਾ।

ਜਾਣ ਕਿਉਂ ਨਾ ਦਿੰਦਾ, ਉਹ ਬਾਤ ਹੀ ਨਹੀਂ ਹੋਇਆ ਕਰਦੀ। ਮਾੜਾ ਸਮਾਂ ਆ ਜਾਏ ਕਿਸੇ 'ਤੇ–

*ਹੋਣ ਹਾਰ ਹਿਰਦੇ ਬਸੀ ਗਈ ਸਰੀਰੋਂ ਬੁੱਧ।*

ਚੰਗੇ-ਚੰਗੇ ਬੰਦਿਆਂ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ, ਜਦੋਂ ਹੋਣਹਾਰ ਨੇ ਆਉਣਾ ਹੁੰਦੈ।

ਜਦੋਂ ਮਹਾਂਭਾਰਤ ਦਾ ਯੁੱਧ ਹੋਇਆ, ਕਿੱਡੇ ਸਿਆਣੇ ਪੁਰਸ਼ ਇਥੇ ਸਨ। ਕੋਈ ਟਾਲ ਸਕਿਆ? ਸਭ ਨੂੰ ਪਤਾ ਸੀ ਕਿ ਯੁੱਧ ਹੋਏਗਾ, ਸਭ ਦਾ ਖਾਤਮਾ ਹੋ ਜਾਏਗਾ। ਕੋਈ ਨਾ ਟਾਲ ਸਕਿਆ।

ਰਾਜਾ ਜਨਮੇਜਾ ਪੋਤਾ ਸੀ। ਮਹਾਰਾਜ ਨੇ ਇਸ

ਗੱਲ ਨੂੰ ਹੋਰ ਖੋਲ੍ਹ ਕੇ ਦਸਿਆ ਹੈ -

*ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥*
*ਤਿਨ੍ਹਿ ਕਰਿ ਜਗ ਅਠਾਰਹ ਘਾਏ*
*ਕਿਰਤੁ ਨ ਚਲੈ ਚਲਾਇਆ ॥* *ਅੰਗ - ੯੫੪*

ਇਥੇ ਮਹਾਰਾਜ 'ਕਿਰਤੁ' ਇਸੇ ਚੀਜ਼ ਨੂੰ ਕਹਿੰਦੇ ਨੇ ਕਿ ਜਿਹੜੀ ਹੋਣ ਵਾਲੀ ਗਲ ਹੈ ਉਹ ਬਦਲਿਆ ਨਹੀਂ ਕਰਦੀ। ਰਾਜੇ ਜਨਮੇਜੇ ਨੇ ਬਿਆਸ ਜੀ ਪਾਸ ਸ਼ਿਕਵਾ ਕਰਿਆ ਕਿ ਦੇਖੋ, ਤੁਹਾਡੇ ਵਰਗੇ ਤ੍ਰਿਕਾਲ ਦਰਸ਼ੀ ਮਹਾਤਮਾ ਜਿਹੜੇ ਭੂਤ, ਭਵਿੱਖਤ, ਵਰਤਮਾਨ ਦੀ ਸਭ ਗੱਲ ਜਾਣਦੇ ਨੇ। ਤੁਹਾਨੂੰ ਕੀ ਪਤਾ ਨਹੀਂ ਸੀ ਕਿ ਇਹ ਯੁੱਧ ਹੋ ਕੇ ਐਨਾ ਨੁਕਸਾਨ ਹੋਏਗਾ? ਉਹ ਕਹਿੰਦੇ, ਸਾਨੂੰ ਸਾਰਾ ਹੀ ਪਤਾ ਸੀ।

ਕਹਿੰਦਾ, ਫੇਰ ਤੁਸੀਂ ਹਟਾਇਆ ਨਾ।

ਕਹਿੰਦੇ, ਇਹ ਯੁੱਧ ਹੋਣਾ ਹੀ ਸੀ, ਹਟਾਉਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਅਵੱਸ਼ ਹੋਣਾ ਸੀ।

ਕਹਿੰਦਾ, ਕ੍ਰਿਸ਼ਨ ਮਹਾਰਾਜ ਵਰਗੇ 16 ਕਲਾਂ ਸੰਪੂਰਨ, ਉਹਨਾਂ ਨੂੰ ਵੀ ਪਤਾ ਸੀ?

ਕਹਿੰਦੇ, ਹਾਂ, ਭਗਵਾਨ ਨੂੰ ਵੀ ਪਤਾ ਸੀ।

ਭੀਸ਼ਮ ਪਿਤਾਮਾ ਤੇ ਦਰੋਣਾਚਾਰੀਆ?

ਕਹਿੰਦੇ, ਉਹਨਾਂ ਨੂੰ ਵੀ ਪਤਾ ਸੀ ਕਿ ਯੁੱਧ ਹੋਣਾ ਹੈ ਤੇ ਖਾਤਮਾ ਹੋਣਾ ਹੈ ਸਾਰਿਆਂ ਦਾ?

ਹਟਾ ਕਿਉਂ ਨਾ ਸਕੇ ਤੁਸੀਂ?

ਕਹਿੰਦੇ, ਜਨਮੇਜੇ! ਜਿਹੜੀ ਗੱਲ ਹੋਣੀ ਹੁੰਦੀ ਹੈ, ਉਹ ਹਟਿਆ ਨਹੀਂ ਕਰਦੀ। ਉਹ ਹੋ ਕੇ ਹੀ ਰਹਿੰਦੀ ਹੈ। ਕਹਿੰਦੇ, ਇਹ ਤਾਂ ਗੱਲਾਂ ਹੀ ਨੇ ਬਾਅਦ ਦੀਆਂ। ਪਿੱਛੋਂ ਇਸ ਤਰ੍ਹਾਂ ਦੀਆਂ ਗੱਲਾਂ ਦੇ ਨਾਲ ਦਿਲ ਪਰਚਾਉਣਾ ਹੋ ਜਾਇਆ ਕਰਦੈ। ਕਿਵੇਂ ਵੀ ਹੋ ਸਕਦੈ, ਜਦ ਵਸ ਵਿਚ ਗੱਲ ਹੋਵੇ। ਮੈਨੂੰ ਪਤਾ ਹੋਵੇ ਆਹ ਗੱਲ ਹੋਣੀ ਹੈ, ਮੈਂ ਬਿਲਕੁਲ ਨਹੀਂ ਹੋਣ ਦਿੰਦਾ। ਕਹਿੰਦੇ, ਲੈ ਤੇਰਾ ਅਸੀਂ ਸਾਰਾ ਭਵਿੱਖ ਦਸ ਦਿੰਦੇ ਹਾਂ। ਕਹਿੰਦੇ, ਤੂੰ ਇਕ ਘੋੜੀ ਖਰੀਦਣੀ ਹੈ। ਉਹ ਘੋੜੀ 'ਤੇ ਚੜ੍ਹ ਕੇ ਤੂੰ ਦੱਖਣ ਦਿਸ਼ਾ ਨੂੰ ਜਾਣੈ, ਉਥੇ ਰਾਹ ਭੁੱਲ ਜਾਣੈ। ਉਥੇ ਭਟਕਦੇ-ਭਟਕਦੇ ਜੰਗਲ ਦੇ ਅੰਦਰ ਤੂੰ ਇਕ ਕੁਟੀਆ ਦੇ ਸਾਮ੍ਹਣੇ ਜਾਣੈ। ਉਥੇ ਤੈਨੂੰ ਪਾਣੀ ਦੀ ਪਿਆਸ ਲੱਗੀ ਹੋਏਗੀ ਤੇ ਤੂੰ ਇਕ ਲੜਕੀ ਲੈ ਆਉਣੀ ਹੈ। ਉਹ ਲੜਕੀ ਦੀ ਜਾਤ-ਵਰਣ ਦਾ ਨਾ ਪਤਾ ਹੋਣ ਕਰਕੇ, ਤੇਰੀ ਸਾਰੀ ਰਿਆਇਆ ਨੇ ਤੇਰੇ ਖਿਲਾਫ ਹੋ ਜਾਣੈ ਤੇ ਤੂੰ ਫੇਰ ਸਿਆਣਿਆਂ ਨੂੰ ਪੁੱਛ ਕੇ ਯੱਗ ਕਰਨੈ। ਉਸ ਯੱਗ ਦੇ ਵਿਚ ਕੋਈ ਬ੍ਰਾਹਮਣ ਨਹੀਂ ਆਉਣਾ ਤੇ ਤੂੰ ਬ੍ਰਹਮਚਾਰੀ ਵਿਦਿਆਰਥੀ ਲੈ ਆਉਣੇ ਨੇ। ਉਹ ਬ੍ਰਹਮਚਾਰੀ ਆਪਣੀ ਹੀ ਗੱਲ 'ਤੇ ਹਸਦੇ ਹੋਣਗੇ, ਤੂੰ ਇਹ ਜਾਣ ਕੇ ਕਿ ਮੇਰੀ ਘਰਵਾਲੀ ਉਪਰ ਹਾਸਾ ਕਰਿਆ ਹੈ, ਉਹਨਾਂ ਨੂੰ ਤੂੰ ਮਾਰ ਦੇਣੈ। ਮਾਰਨ ਦੇ ਨਾਲ ਤੈਨੂੰ ਕੋਹੜ ਹੋ ਜਾਣੈ। ਤੇਰਾ ਸਰੀਰ ਕੋਹੜੀ ਹੋਣੈ, ਤੂੰ ਦੁਖੀ ਹੋਣੈ। ਮੈਂ ਫੇਰ ਤੇਰੇ ਕੋਲ ਆਉਣੈ। ਤੂੰ ਮੈਨੂੰ ਕਹਿਣੈ ਕਿ ਮੈਂ ਤਾਂ ਕੋਹੜੀ ਹੋ ਗਿਆ, ਮੇਰਾ ਕੋਈ ਇਲਾਜ ਕਰੋ। ਮੈਂ ਭਾਗਵਤ ਕਥਾ, ਭਗਵਾਨ ਦੀ ਕਥਾ ਤੈਨੂੰ ਸਰਵਣ ਕਰਾਉਣੀ ਹੈ, ਕਿਉਂਕਿ ਪ੍ਰਮੇਸ਼ਰ ਦੇ ਨਾਮ ਵਿਚ ਇਹ ਸ਼ਕਤੀ ਹੈ-

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ - ੨੭੪*

ਸਾਰੀਆਂ ਬਿਮਾਰੀਆਂ ਦਾ ਜੇ ਕੋਈ ਇਲਾਜ ਹੈ, ਨਾਮ ਨੂੰ ਸੁਣਨਾ, ਨਾਮ ਨੂੰ ਜਪਣਾ ਤੇ ਨਾਮ ਪੜ੍ਹਨਾ। ਕਈ ਪ੍ਰੇਮੀਆਂ ਦਾ ਇਹ ਖਿਆਲ ਹੁੰਦੈ ਕਿ ਕੀ ਇਸ ਤਰ੍ਹਾਂ ਹੋ ਜਾਂਦੈ?

ਭਗਤ ਰਾਮ ਇਕ ਗਿਆਨੀ ਹੋਏ ਨੇ। ਕੋਹੜੀ ਆ ਗਿਆ ਉਹਨਾਂ ਕੋਲ। 21 ਦਿਨ ਉਹਨਾਂ ਨੇ ਦੱਖਣੀ ਓਅੰਕਾਰ ਸੁਣਾ ਕੇ ਰਾਜ਼ੀ ਕਰ ਦਿਤਾ।

ਇਥੇ ਇਕ ਸੰਤ ਆ ਗਏ ਬੰਗਾਲੀ। ਉਹਨਾਂ ਦਾ ਸਰੀਰ ਗਲਿਆ ਪਿਆ ਸੀ, ਕੋਈ ਹੱਠ ਯੋਗ ਦੀ ਕਿਰਿਆ ਗਲਤ ਹੋ ਗਈ, ਉਹਦੇ ਨਾਲ ਉਹਨਾਂ ਦਾ ਸਰੀਰ ਗਲ ਗਿਆ। ਦੁਖੀ ਬਹੁਤ ਸੀ। ਬਾਬਾ ਜੀ ਕੋਲ ਆ ਗਏ। ਬਾਬਾ ਬਸੰਤ ਸਿੰਘ ਜੀ ਹੋਇਆ ਕਰਦੇ ਸੀ। ਉਹ ਕਹਿੰਦੇ ਕਿ ਭਾਈ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਹੋ ਰਹੇ ਨੇ। ਪਾਠੀਆਂ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਪਾਠ ਸੁਣਾ ਕੇ ਕਰਨ, ਤੂੰ ਉਹ ਧਿਆਨ ਦੇ ਨਾਲ ਸੁਣੀ ਜਾਈਂ, ਤੇਰਾ ਬਿਸਤਰਾ ਲਾ ਦਿੰਦੇ ਹਾਂ, ਬਾਣੀ ਨੂੰ ਸੁਣ ਕੇ ਇਲਾਜ ਹੋ ਜਾਇਆ ਕਰਦੈ। ਸੋ ਇਕ ਅਖੰਡਪਾਠ ਸੁਣਿਆ। ਸਰੀਰ ਦੇ ਫੋੜੇ ਜਿਹੜੇ ਸੀ ਸਾਰੇ ਸੁੱਕਣੇ ਸ਼ੁਰੂ ਹੋ ਗਏ, ਦੋ ਪਾਠ ਸੁਣੇ ਬਿਲਕੁਲ ਸੁੱਕ ਗਏ। ਤੀਸਰਾ ਅਖੰਡ ਪਾਠ ਸੁਣਿਆ ਮੁੜ ਕੇ ਚਮੜੀ ਸਹੀ ਹੋ ਗਈ। ਮੁੜ ਕੇ ਬੰਗਾਲ ਨਹੀਂ ਗਿਆ, ਇਥੇ ਹੀ ਸਿੱਖੀ ਧਾਰਨ ਕਰਕੇ, ਭਾਈ ਵੀਰ ਸਿੰਘ ਜੀ ਕੋਲ ਰਹਿੰਦਾ ਸੀ। ਸੋ ਇਸ ਤਰ੍ਹਾਂ ਦੇ ਨਾਲ ਉਹ ਕਹਿੰਦੇ, ਅਸੀਂ ਫੇਰ ਤੈਨੂੰ ਭਾਗਵਤ ਕਥਾ ਸੁਣਾਵਾਂਗੇ ਤੇ ਤੂੰ ਇਕ ਗੱਲ ਦੇ ਉਤੇ ਨਾਂਹ ਕਰਨੀ ਹੈ। ਉਹ ਗੱਲ

ਤੈਨੂੰ ਅਸੀਂ ਪਹਿਲਾਂ ਦਸ ਦੇਵਾਂਗੇ ਕਿ ਹੁਣ ਤੂੰ ਨੱਕ ਮਾਰਨੈਂ। ਤੇਰੇ ਨੱਕ 'ਤੇ ਫੇਰ ਕੋਹੜ ਰਹਿ ਜਾਣੈ, ਫੇਰ ਉਹਦੇ ਨਾਲ ਤੂੰ ਮਰ ਜਾਣੈ, ਜਾਹ ਲਾ ਲੈ ਜ਼ੋਰ।

ਇਹਨੂੰ ਮਹਾਰਾਜ ਕਹਿੰਦੇ ਨੇ -

*ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥*

*ਅੰਗ - ੧੩੪੪*

ਵਰਜ-ਵਰਜ ਕੇ ਉਹਨੂੰ ਪੜ੍ਹਾਇਆ। ਰੁਕ-ਰੁਕ ਕੇ ਕਿ ਲਿਖ ਲੈ, ਹੁਣ ਆਹ ਲਿਖ ਲੈ -

*ਤਿਨ੍ਹਿ ਕਰਿ ਜਗ ਅਠਾਰਹ ਘਾਏ*
*ਕਿਰਤੁ ਨ ਚਲੈ ਚਲਾਇਆ ॥* *ਅੰਗ - ੧੩੪੪*

ਉਹਨੇ 18 ਬ੍ਰਾਹਮਣ ਮਾਰ ਦਿਤੇ। ਨਤੀਜਾ ਕੀ ਹੋਇਆ? ਬ੍ਰਹਮ ਹੱਤਿਆ ਦੇ ਦੋਸ਼ ਨਾਲ ਇਹਨੂੰ ਕੋਹੜ ਹੋ ਗਿਆ। ਕਹਿੰਦੇ ਫੇਰ ਕੀ 'ਕਿਰਤੁ' ਹਟ ਗਿਆ? ਜੋ ਕੁਛ ਲੇਖ ਲਿਖਿਆ ਹੋਇਆ ਸੀ, ਉਹ ਬਦਲਿਆ ਨਹੀਂ ਜਾ ਸਕਦਾ। ਸੋ ਰਾਜੇ ਜਨਮੇਜੇ ਨੇ ਹੁਕਮ ਕਰ ਦਿਤਾ ਕਿ ਲੈ ਮਹਾਰਾਜ! ਮੈਂ ਹਟਾ ਕੇ ਦਿਖਾਊਂ। ਹੁਕਮ ਕਰ ਦਿਤਾ ਕਿ ਕੋਈ ਘੋੜਾ ਨਹੀਂ ਖਰੀਦਣਾ। ਨਾ ਘੋੜਾ ਖਰੀਦਾਂਗੇ, ਨਾ ਮੈਂ ਚੜ੍ਹਾਂਗਾ। ਚਾਰ ਸਾਲ ਲੰਘ ਗਏ ਜਿਹੜੀ ਉਸ ਵੇਲੇ ਔਸਤਨ ਉਮਰ ਰਸਾਲੇ ਦੀ ਸੀ ਉਹ ਸੱਤ ਸਾਲ ਸੀ, ਉਹ ਗਿਆਰ੍ਹਾਂ ਦੀ ਹੋ ਗਈ। ਰਸਾਲਾ ਜੇ ਸੱਤ ਸਾਲ ਤੋਂ ਵਧ ਜਾਵੇ ਤਾਂ ਉਹ ਲੜਾਈ 'ਚ ਹਾਰ ਜਾਇਆ ਕਰਦੈ। ਘੋੜੇ ਜਵਾਨ ਤੇ ਫੁਰਤੀਲੇ ਹੋਣੇ ਚਾਹੀਦੇ ਨੇ। ਗਿਆਰ੍ਹਾਂ ਸਾਲ ਦੀ ਔਸਤਨ ਉਮਰ ਹੋਵੇ ਵਿਚ 16 ਦੇ ਵੀ ਹੋਣਗੇ, ਵਿਚ ਛੋਟੇ ਵੀ ਹੋਣਗੇ। ਬੁੱਢੇ ਘੋੜਿਆਂ ਦਾ ਰਸਾਲਾ ਹੁੰਦੈ? ਜੋ ਬਖਸ਼ੀ ਸੀ, ਸੈਨਾਪਤੀ ਉਸ ਨੇ ਨੇ ਜਾ ਕੇ ਕਿਹਾ ਕਿ ਮਹਾਰਾਜ! ਜੇ ਕਿਤੇ ਦੁਸ਼ਮਣ ਦਾ ਹਮਲਾ ਹੋ ਗਿਆ ਤਾਂ ਜਿਹੜੀ ਆਪਣੀ ਘੋੜ ਸਵਾਰ ਫੌਜ ਹੈ ਇਹ ਤਾਂ ਹਾਰ ਜਾਏਗੀ ਕਿਉਂਕਿ ਘੋੜੇ ਫੁਰਤੀਲੇ ਨਹੀਂ ਰਹੇ। ਆਗਿਆ ਕਰੋ ਘੋੜੇ ਨਵੇਂ ਖਰੀਦੀਏ। ਘੋੜੀ ਨਹੀਂ ਖਰੀਦਾਂਗੇ। ਸੋ ਹੁਕਮ ਦੇ ਦਿਤਾ ਕਿ ਘੋੜੇ ਹੀ ਘੋੜੇ ਖਰੀਦੋ, ਘੋੜੀ ਕੋਈ ਨਹੀਂ ਖਰੀਦਣੀ। ਉਸ ਤੋਂ ਬਾਅਦ ਇਕ ਘੋੜੀ ਐਨੀ ਸੋਹਣੀ ਆਈ ਕਿ ਦੇਖ-ਦੇਖ ਭੁੱਖ ਲਹੇ। ਅਮੀਰਾਂ ਵਜ਼ੀਰਾਂ ਨੇ ਸਾਰਿਆਂ ਨੇ ਇਕੱਠੇ ਹੋ ਕੇ ਕਿਹਾ ਕਿ ਮਹਾਰਾਜ! ਆਹ ਘੋੜੀ ਭਾਰਤ ਵਰਸ਼ ਵਿਚ ਤੁਹਾਡੇ ਤੋਂ ਬਗੈਰ ਨਹੀਂ ਕਿਸੇ ਕੋਲ ਹੋਣੀ ਚਾਹੀਦੀ। ਘੋੜੀ ਤੁਸੀਂ ਖਰੀਦ ਲਓ, ਬੇਸ਼ੱਕ ਸਵਾਰੀ ਨਾ ਕਰਿਓ। ਕਹਿੰਦਾ, ਠੀਕ ਹੈ, ਖਰੀਦ ਲਓ। ਘੋੜੀ ਬਹੁਤ ਸੋਹਣੀ, ਰੋਜ਼ ਦੇਖਣ ਜਾਇਆ ਕਰੇ। ਸਾਈਸ ਜਿਹੜੇ ਲੱਗੇ ਹੋਏ ਸੀ ਕਹਿਣ ਲੱਗੇ, ਮਹਾਰਾਜ! ਘੋੜੀ ਫੇਰੀ ਨਹੀਂ ਜਾਂਦੀ, ਟਹਿਲਦੀ ਨਹੀਂ ਹੈ ਇਸ ਕਰਕੇ ਇਹਦੇ ਪੇਟ ਵਿਚ ਵਿਗਾੜ ਪੈਂਦਾ ਜਾਂਦੈ। ਪੱਠੇ ਨਹੀਂ ਚੰਗੀ ਤਰ੍ਹਾਂ ਖਾਂਦੀ। ਸੋ ਤੁਸੀਂ ਚੜ੍ਹ ਕੇ ਥੋੜ੍ਹਾ ਸੈਰ ਕਰਾ ਲਿਆਇਆ ਕਰੋ। ਦੱਖਣ ਦਿਸ਼ਾ ਨਾ ਜਾਇਓ। ਕਿਉਂਕਿ ਸਭ ਨੂੰ ਪਤਾ ਸੀ। ਸੋ ਗੱਲ ਮੰਨ ਗਿਆ ਉਹਦੇ ਉਤੇ ਚੜ੍ਹ ਕੇ ਪੂਰਬ, ਪੱਛਮ, ਉੱਤਰ ਵਲ ਫਿਰੀ ਜਾਇਆ ਕਰੇ, ਦੱਖਣ ਵਲ ਨਾ ਜਾਵੇ। ਇਕ ਦਿਨ ਐਸੀ ਦਿਸ਼ਾ ਭਰਮ ਲੱਗੀ, ਪਤਾ ਹੀ ਨਾ ਰਿਹਾ। ਬੱਦਲ ਵਗੈਰਾ ਹੋਏ-ਹੋਏ ਸੀ, ਪਤਾ ਹੀ ਨਾ ਲੱਗੇ ਸੂਰਜ ਕਿੱਧਰ ਨੂੰ ਹੈ ਤੇ ਮੈਂ ਕਿਸ ਪਾਸੇ ਨੂੰ ਜਾ ਰਿਹਾ ਹਾਂ। ਚਲਦਾ-ਚਲਦਾ ਜੰਗਲ 'ਚ ਚਲਿਆ ਗਿਆ, ਉਥੇ ਜਾ ਕੇ ਭੁੱਲ ਗਿਆ। ਜਾ ਕੇ ਉਸੇ ਤਰ੍ਹਾਂ ਕੁਟੀਆ ਦੇ ਅੰਦਰ ਚਲਿਆ ਗਿਆ, ਪਾਣੀ ਮੰਗਿਆ, ਲੜਕੀ ਦੇਖੀ, ਦੇਖਦੇ ਸਾਰ ਖਿਆਲ ਆਇਆ ਕਿ ਆਹ ਪੁਆੜੇ ਦੀ ਜੜ੍ਹ ਹੈ ਕੁੜੀ ਜਿਹੜੀ ਹੈ। ਲੇਕਿਨ ਸੋਹਣੀ-ਸੁਨੱਖੀ ਐਨੀ ਸੀ ਉਹ ਕਿ ਕਹਿਣ ਲੱਗਿਆ, ਚਲੋ ਮੈਂ ਅਗਾਂਹਾਂ ਵਾਲੀ ਗੱਲ ਨਹੀਂ ਕਰਾਂਗਾ। ਘੋੜੀ 'ਤੇ ਬਿਠਾਲ ਕੇ ਉਹਨੂੰ ਲੈ ਆਇਆ। ਰਿਆਇਆ ਦੇ ਵਿਚ ਰੌਲਾ ਪੈ ਗਿਆ ਕਿ ਰਾਜਾ ਦੇਖੋ, ਕਰਮ ਧਰਮ ਤੋਂ ਭ੍ਰਿਸ਼ਟ ਹੋਇਆ-ਹੋਇਆ ਬਗੈਰ ਸ਼ਾਦੀ ਤੋਂ ਲੜਕੀ ਲੈ ਆਇਆ। ਸੋ ਉਸਦਾ ਪਤਾ ਨਹੀਂ ਇਹਦੀ ਜਾਤ ਕੀ ਹੈ ਤੇ ਖਾਸ ਮਹਿਲਾ ਦੇ ਵਿਚ ਰੱਖ ਲਈ। ਇਕ ਤਰ੍ਹਾਂ ਦਾ ਵਿਦਰੋਹ ਹੋ ਗਿਆ, ਨਿੰਦਿਆ ਸ਼ੁਰੂ ਹੋ ਗਈ। ਇਸ ਨੇ ਕਿਹਾ ਕਿ ਯੱਗ ਕਰ ਲੈਂਦੇ ਹਾਂ, 18 ਬੰਦੇ ਮੈਂ ਕਿਉਂ ਮਾਰਾਂਗਾ ਮੈਂ ਪਾਗਲ ਹਾਂ? ਰਾਣੀ ਨੂੰ ਵੀ ਕਹਿਣ ਲੱਗਿਆ ਕਿ ਜੇ ਮੈਂ ਇਸ ਤਰ੍ਹਾਂ ਕੁਛ ਕਰਾਂ ਤਾਂ ਮੈਨੂੰ ਰੋਕ ਲਈਂ। ਲੰਗਰ ਤਿਆਰ ਹੋ ਗਿਆ, ਬ੍ਰਾਹਮਣ ਕੋਈ ਵੀ ਨਾ ਆਵੇ। ਸਕੂਲ ਦੇ ਵਿਦਿਆਰਥੀ ਜਾ ਕੇ ਲੈ ਆਇਆ। ਇਹ ਜਦੋਂ ਵਰਤਾਉਣ ਲੱਗੇ, ਇਕ ਵਾਰੀ ਦੋ ਵਾਰੀ ਆਏ। ਵਿਦਿਆਰਥੀਆਂ 'ਚ ਚਰਚਾ ਚਲ ਪਈ ਕਿ ਪਹਿਲਾਂ ਰਾਣੀ ਹੋਰ ਆਈ ਸੀ, ਹੁਣ ਹੋਰ ਆਈ ਹੈ। ਮਰਿਯਾਦਾ ਇਹ ਸੀ ਕਿ ਇਕ ਵਸਤਰ ਦੇ ਵਿਚ ਪ੍ਰਸ਼ਾਦਾ ਵਰਤਾਇਆ ਜਾਂਦਾ ਸੀ, ਯੱਗ ਦੇ ਅੰਦਰ। ਇਹ ਦੋਵੇਂ ਘੁੰਮਦੇ ਹੁੰਦੇ ਤਾਂ ਇਕ ਵਿਦਿਆਰਥੀ ਸਿਆਣਾ ਸੀ ਕਹਿਣ ਲੱਗਿਆ, ਨਹੀਂ, ਰਾਣੀ ਤਾਂ ਓਹੀ ਹੈ, ਕੱਪੜੇ ਬਦਲ ਕੇ ਆਉਂਦੀ ਹੈ। ਸੋ ਜਦੋਂ ਕੋਲ ਦੀ ਲੰਘਣ ਲੱਗੀ ਤਾਂ ਉਹਨੇ ਇਕ ਚੌਲ ਨਹੁੰ 'ਤੇ ਰੱਖ ਕੇ ਮਾਰਿਆ, ਉਹਦੇ ਪੈਰ ਨੂੰ ਜਾ ਲੱਗਿਆ।

ਇਸ ਗੱਲ ਨੂੰ ਸਿੱਧ ਕਰਨ ਵਾਸਤੇ ਕਿ ਇਹ ਓਹੀ ਹੈ। ਉਹ ਗਈ ਜਾ ਕੇ ਫੇਰ ਛੇਤੀ ਦੇ ਕੇ ਕੱਪੜਾ ਬਦਲਿਆ ਤੇ ਤੀਸਰੀ ਵਾਰ ਜਦੋਂ ਆਈ, ਜਦੋਂ ਉਹਦਾ ਪੈਰ ਦੇਖਿਆ, ਵਿਦਿਆਰਥੀ ਸਾਰੇ ਹੀ ਹੱਸ ਪਏ। ਇਧਰਲੇ ਪਾਸੇ ਕੁਦਰਤ ਐਸੀ ਹੋਈ, ਇਕ ਵਰੋਲਾ ਐਸਾ ਉਠਿਆ ਰਾਣੀ ਦੀ ਸਾੜ੍ਹੀ ਦਾ ਪੱਲਾ ਉਡ ਗਿਆ। ਰਾਜੇ ਜਨਮੇਜੇ ਨੂੰ ਇਹ ਦੇਖ ਕੇ ਐਨਾ ਕ੍ਰੋਧ ਆਇਆ, ਅੰਨਾ ਹੋ ਗਿਆ ਕ੍ਰੋਧ ਦੇ ਵਿਚ, ਕਿਸੇ ਦੀ ਗੱਲ ਨਹੀਂ ਸੁਣੀ, ਚੁੱਕ-ਚੁੱਕ ਕੇ ਵਿਦਿਆਰਥੀ ਕੜਾਹਿਆਂ 'ਚ ਸੁਟਣੇ ਸ਼ੁਰੂ ਕਰ ਦਿਤੇ। ਉਬਲਦੇ ਕੜਾਹਿਆਂ 'ਚ, ਖੀਰਾਂ 'ਚ। 18 ਮਾਰ ਦਿਤੇ। ਮਹਾਰਾਜ ਕਹਿੰਦੇ ਨੇ –

*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥* ਅੰਗ – ੯੫੪

ਕਹਿੰਦੇ, ਐਨਾ ਭੁੱਲਿਆ ਕਿ 21 ਕਤਲ ਕਰ ਦਿਤੇ ਉਹਨੇ ਤੇ ਪਾਪੀ ਬਣ ਗਿਆ। ਹੁਣ ਬ੍ਰਹਮ ਹੱਤਿਆ ਦਾ ਦੋਸ਼ ਲੱਗਿਆ ਕਿ ਕੋਹੜ ਹੋਣਾ ਹੀ ਸੀ। ਕਹਿੰਦਾ, ਚਲੋ ਆਖਰੀ ਮੌਕਾ ਮੇਰੇ ਕੋਲ ਹੈ ਕਿ ਮੈਂ ਬਿਆਸ ਜੀ ਨੂੰ ਬੇਨਤੀ ਕਰਦਾਂ। ਬਿਆਸ ਜੀ ਆ ਗਏ। ਉਹ ਕਹਿਣ ਲੱਗੇ, ਕਿਉਂ ਜਨਮੇਜੇ! ਹੋਣੀ ਨੂੰ ਟਾਲ ਲਿਆ ਤੂੰ? ਕਹਿੰਦੇ, ਇਕ ਮੌਕਾ ਰਹਿੰਦਾ ਹੈ। ਉਹ ਹੁਣ ਸਾਵਧਾਨ ਰਹੀਂ। ਸਾਰੀ ਭਾਗਵਤ ਦੀ ਕਥਾ ਸੁਣਾ ਕੇ ਇਕ ਕਹਾਣੀ ਆਉਂਦੀ ਸੀ ਉਹਦੇ ਵਿਚ ਬਲ ਦੀ, ਮੰਤਰ ਦੇ ਬਲ ਦੀ, ਉਹ ਇਹ ਸੀ ਕਿ ਭੀਮਸੈਨ ਨੇ ਹਾਥੀ ਮਾਰੇ, ਉਹ ਅਜੇ ਤਕ out of space ਵਿਚ ਫਿਰਦੇ ਨੇ। ਮੰਤਰ ਬਲ ਨਾਲ ਮਾਰੇ ਸੀ ਚੁੱਕ ਕੇ। ਉਹ ਕਹਿੰਦੇ, ਆਹ ਗੱਲ ਆ ਗਈ, ਇਹਦੇ ਉਪਰ ਤੂੰ ਨਾਂਹ ਕਹਿਣੀ ਹੈ, ਸੋ ਜਦੋਂ ਇਹ ਗੱਲ ਸੁਣਾਈ ਤਾਂ ਸੱਚਮੁੱਚ ਹੀ ਨਾਂਹ ਕਹਿ ਦਿਤੀ। ਕਹਿੰਦੇ, ਕੀ ਗੱਲ? ਕਹਿੰਦਾ, ਮੈਂ ਤੁਹਾਡੇ ਕਹਿਣ 'ਤੇ ਹਾਂ ਕਹਿ ਦਿੰਦਾ ਹਾਂ, ਪਰ ਮਨੁੱਖ 'ਚ ਐਨੀ ਤਾਕਤ ਕਿੱਥੇ ਹੈ ਕਿ ਚੁੱਕ-ਚੁੱਕ ਕੇ out of sapce 'ਚ ਮਾਰੇ। ਉਹ ਕਹਿੰਦੇ, ਚੰਗਾ। ਮੰਤਰ ਬਲ ਦੇ ਨਾਲ ਸਾਰੇ ਹੀ ਪਿੰਜਰ ਲਾਹ ਕੇ ਦਿਖਾ ਦਿਤੇ। ਕਹਿੰਦੇ, ਲੈ ਝੂਠ ਨਹੀਂ ਹੈ, ਸਹੀ ਗੱਲ ਸੀ। ਉਸ ਤਰਕ ਦੇ ਨਾਲ ਨੱਕ 'ਤੇ ਕੋਹੜ ਰਹਿ ਗਿਆ, ਤੇ ਉਸ ਕੋਹੜ ਦੇ ਨਾਲ ਮਰ ਗਿਆ ਉਹ। ਸੋ ਮਹਾਰਾਜ ਕਹਿੰਦੇ ਜੋ ਕੁਛ ਲਿਖਿਆ ਹੋਇਆ ਸੀ ਉਹ ਤਾਂ ਟਲਿਆ ਨਾ ਫੇਰ।

*(ਪੰਨਾ 11 ਦੀ ਬਾਕੀ)*

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ'ਚਲਦਾ.....।'*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*
ਅੰਗ – ੯੫੮

ਪਿਆਸ ਪ੍ਰਮੇਸ਼ਰ ਦੇ ਦਰਸ਼ਨਾਂ ਦੀ ਹੈ।

*ਦਰਸਨ ਪਿਆਸੀ ਦਿਨਸੁ ਰਾਤਿ*
*ਚਿਤਵਉ ਅਨਦਿਨੁ ਨੀਤ ॥*
*ਖੋਲ੍ਹਿ ਕਪਟ ਗੁਰਿ ਮੇਲੀਆ*
*ਨਾਨਕ ਹਰਿ ਸੰਗਿ ਮੀਤ ॥* ਅੰਗ – ੭੦੩

*ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥* ਅੰਗ – ੩੮੯

ਪਰਮਾਰਥੀ, ਬਸੰਤ ਰੁੱਤ ਦੀ ਚਾਹਤ ਕਰਦਾ ਹੋਇਆ ਦਰਸ਼ਨਾਂ ਨੂੰ ਲੋਚਦਾ ਹੈ। ਜੋ ਇਸ ਅਵਸਥਾ ਦੀ ਪ੍ਰਾਪਤੀ ਕਰਾ ਸਕਦਾ ਹੈ, ਉਸ ਦੇ ਚਰਨੀਂ ਲੱਗਿਆ ਜਾਵੇ।

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥

ਭਾਵ –

*ਜੋ ਦੀਸੈ ਗੁਰਸਿਖੜਾ*
*ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥* ਅੰਗ – ੭੬੩

*ਚਰਨ ਸਾਧ ਕੇ ਧੋਇ ਧੋਇ ਪੀਉ ॥*
*ਅਰਪਿ ਸਾਧ ਕਉ ਅਪਨਾ ਜੀਉ ॥* ਅੰਗ – ੨੮੩

ਜੋ ਤਪਸ਼ ਵਿਚ ਬਸੰਤ ਦਾ ਵਾਤਾਵਰਣ ਸਿਰਜ ਦੇਵੇ ਉਸ ਦੇ ਚਰਨੀਂ ਲੱਗਣ ਦੀ ਲੋਚਾ ਹੈ –

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ ॥* ਅੰਗ – ੫੫੮

ਇਸ ਤਰ੍ਹਾਂ ਮਿਲੇ ਹੋਇਆਂ ਦੀ ਸੰਗਤ ਵਿਚ ਮਿਲ ਕੇ ਪ੍ਰਾਪਤੀ ਸੰਭਵ ਹੈ। ਅਰਦਾਸ ਵਿਚ ਜੁੜੀਏ-

*ਸੇਈ ਪਿਆਰੇ ਮੇਲਿ*
*ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।*
*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।*

ਅਰਦਾਸ ਹੈ ਸਭਨਾਂ ਦੇ ਜੀਵਨ ਅੰਦਰ ਚੇਤਿ ਦੇ ਮਹੀਨੇ ਵਿਚ ਬਖਸ਼ਿਸ਼ ਕੀਤੇ ਅਨੰਦ ਤੇ ਖੇੜੇ ਦਾ ਵਾਤਾਵਰਣ ਬਣੇ।

ਭੁੱਲਾਂ ਚੁਕਾਂ ਦੀ ਖਿਮਾ।

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਬਿਲਾਵਲੁ ਮਹਲਾ ੫ ॥*
*ਭੂਲੇ ਮਾਰਗੁ ਜਿਨਹਿ ਬਤਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥ ੧ ॥*
*ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥*
*ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥ ੧ ॥ ਰਹਾਉ ॥*
*ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥*
*ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ ੨ ॥*
*ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥*
*ਚਰਨ ਕਮਲ ਗੁਰਿ ਆਸ੍ਰਮੁ ਦੀਆ ॥ ੩ ॥*
*ਅਗਨਿ ਸਾਗਰ ਬੂਡਤ ਸੰਸਾਰਾ ॥*
*ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥*

*ਅੰਗ - ੮੦੩*

ਅੰਮ੍ਰਿਤ ਵੇਲੇ ਤੋਂ ਆਪ ਹਰੀ ਦਾ ਜਸ ਸਰਵਣ ਕਰ ਰਹੇ ਹੋ ਜਿਸ ਦੇ ਬਾਰੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਕਲਜੁਗ ਦੇ ਅੰਦਰ ਜੀਵ ਨੂੰ ਜੋ ਬੰਧਨ ਪਏ ਹੋਏ ਨੇ ਉਨ੍ਹਾਂ ਤੋਂ ਛੁਡਾਉਣ ਲਈ ਜੋ supreme (ਸਰਵ ਉਚ, ਸ਼੍ਰੋਮਣੀ) ਸਾਧਨ ਹੈ ਉਹ ਹੈ ਅੰਮ੍ਰਿਤ ਵੇਲੇ ਉਠ ਕੇ ਸਤਿਸੰਗ ਵਿਚ ਜਾਣਾ, ਹਰੀ ਦਾ ਜਸ ਸਰਵਣ ਕਰਨਾ, ਬਾਣੀ ਨੂੰ ਸਮਝਣਾ, ਸਮਝ ਕੇ ਹਿਰਦੇ ਵਿਚ ਵਸਾਉਣਾ, ਫਿਰ ਉਸ ਦੇ ਮੁਤਾਬਿਕ ਆਪਣਾ ਜੀਵਨ ਢਾਲ ਕੇ ਆਪਣੇ ਲਕਸ਼ (ਟੀਚੇ) ਨੂੰ ਪ੍ਰਾਪਤ ਕਰਨਾ। ਪੂਰਾ ਸਤਿਗੁਰੂ ਜੇ ਮਿਲ ਜਾਵੇ ਕਿਉਂਕਿ ਇਥੇ ਪੂਰੇ ਸਤਿਗੁਰੂ ਦਾ ਜ਼ਿਕਰ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਅਧੂਰੇ ਗੁਰੂ ਵੀ ਹੁੰਦੇ ਨੇ, ਅਣਜਾਣ ਗੁਰੂ ਵੀ ਹੁੰਦੇ ਨੇ। ਜਿਹੜੇ ਆਪ ਵੀ ਡੁੱਬ ਜਾਂਦੇ ਹਨ ਤੇ ਪਿੱਛੇ ਲਗਣ ਵਾਲਿਆਂ ਨੂੰ ਵੀ ਡੋਬ ਦਿੰਦੇ ਹਨ।

*ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥*

*ਭਾਈ ਗੁਰਦਾਸ ਜੀ*

ਆਗੂ ਅੰਨ੍ਹਾ ਹੋਵੇ ਤਾਂ ਸਾਰੇ ਸਾਥ ਨੂੰ ਡਬੋ ਦਿੰਦਾ ਹੈ, ਬਿਪਤਾ ਵਿਚ ਪਾ ਦਿੰਦਾ ਹੈ। ਕਿਸੇ ਕੌਮ ਦਾ, ਕਿਸੇ ਦੇਸ਼ ਦਾ ਨੇਤਾ ਅਨੁਭਵ ਤੋਂ ਵਿਹੂਣਾ ਹੋਵੇ, ਦੇਸ਼ ਨੂੰ ਦੁੱਖ ਵਿਚ ਪਾ ਦਿੰਦਾ ਹੈ, ਯੁੱਧਾਂ-ਜੰਗਾਂ ਵਿਚ ਪਾ ਦਿੰਦਾ ਹੈ, ਲੰਘਾ ਨਹੀਂ ਸਕਦਾ ਕਿਉਂਕਿ ਉਸ ਦੇ ਕੋਲ ਅਨੁਭਵ ਨਹੀਂ ਹੁੰਦਾ। ਇਸੇ ਤਰ੍ਹਾਂ ਦੇ ਨਾਲ ਗੁਰੂ ਜੋ ਹੈ ਜਿਸ ਨੂੰ ਆਗੂ ਕਹਿੰਦੇ ਨੇ, ਧਾਰਮਿਕ ਆਗੂ, ਉਹ ਜੇ ਅਧੂਰਾ ਹੋਵੇ ਤਾਂ ਲੰਘਾ ਨਹੀਂ ਸਕਦਾ। ਜੇ ਪੂਰਾ ਸਤਿਗੁਰੂ ਮਿਲ ਜਾਵੇ, ਅਨੁਭਵੀ ਹੋਵੇ, ਜਿਸ ਦੇ ਅੰਦਰ ਗਿਆਨ ਦੇ ਨੇਤਰ ਖੁੱਲ੍ਹੇ ਹੋਣ, ਉਹ ਪਾਰ ਲੰਘਾ ਦਿੰਦਾ ਹੈ। ਉਹ ਆਪ ਪ੍ਰਭੂ ਨਾਲ ਅਭੇਦ ਹੁੰਦਾ ਹੈ। ਜੋ ਭੀ ਉਸ ਉਪਰ ਪੂਰੀ ਪ੍ਰਤੀਤ, ਸ਼ਰਧਾ ਧਾਰ ਕੇ, ਤਨ ਮਨ ਅਰਪ ਕੇ, ਪਿਛੇ ਲਗਦੇ ਹਨ, ਉਹ ਪ੍ਰਭੂ ਮਹਿਲ ਦਾ ਨਿਵਾਸ ਪ੍ਰਾਪਤ ਕਰਨ ਨੂੰ ਸਮਰੱਥ ਹੋ ਜਾਂਦੇ ਹਨ ਅਤੇ ਸ਼ਬਦ ਦੀ ਖੋਜ ਕਰਦਿਆਂ ਸੱਚਾ ਘਰ ਪ੍ਰਾਪਤ ਕਰ ਲੈਂਦੇ ਹਨ।

ਮਹਾਰਾਜ ਇਸ ਹੁਕਮਨਾਮੇ ਦੇ ਵਿਚ ਫੁਰਮਾਨ ਕਰਦੇ ਹਨ ਕਿ ਸੰਸਾਰ ਅੱਗ ਦੇ ਸਮੁੰਦਰ ਵਿਚ ਗੋਤੇ ਖਾ ਰਿਹਾ ਹੈ। ਬੜੀ ਹੀ ਅਜੀਬ ਬਾਤ ਹੈ ਕਿ ਸਾਨੂੰ ਤਾਂ ਇਹ ਬਹੁਤ ਚੰਗਾ ਲਗ ਰਿਹਾ ਹੈ ਤੇ ਮਹਾਰਾਜ ਕਹਿੰਦੇ ਨੇ ਕਿ ਅੱਗ ਦੇ ਸਮੁੰਦਰ ਵਿਚ ਗੋਤੇ ਖਾ ਰਿਹਾ ਹੈ ਸਾਡਾ ਤਾਂ ਇਥੋਂ ਨਿਕਲਣ ਨੂੰ ਜੀਅ ਨਹੀਂ ਕਰਦਾ ਕਿ ਇਸ ਦੇ ਵਿਚ ਹੀ ਰਹੀਏ। ਕੋਈ ਐਸੀ ਚੀਜ਼ ਜ਼ਰੂਰ ਹੈ ਜਿਹੜੀ ਸਾਡੀ ਸਮਝ ਵਿਚ ਨਹੀਂ ਆਉਂਦੀ। ਅਸੀਂ ਇਸ ਦੇ ਵਿਚ immune (ਜਿਸ ਤੇ ਕੋਈ ਅਸਰ ਨਾ ਹੋਵੇ) ਹੋ ਗਏ ਹਾਂ।ਸਾਨੂੰ ਮਹਿਸੂਸ ਨਹੀਂ ਹੁੰਦਾ। ਅਸੀਂ ਹਾਏ-ਹਾਏ ਕਰਦੇ ਹਾਂ। ਕੋਈ ਵੀ ਬੰਦਾ ਸੰਸਾਰ ਵਿਚ ਪੂਰਨ ਰੂਪ ਵਿਚ ਸੁਖੀ ਨਹੀਂ ਹੈ। ਮਹਾਰਾਜ ਨੇ ਤਾਂ ਫੁਰਮਾਨ ਕਰ ਦਿਤਾ ਹੈ ਕਿ-

*ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥*

*ਅੰਗ - ੯੫੪*

ਲੇਕਿਨ ਮਹਾਰਾਜ ਜੀ ਨੇ ਇਸ ਦੇ ਵਿਚ ਇਕ

ਬਚਨ ਰੱਖ ਦਿਤਾ, ਇਕ provision (ਸੂਝ) ਰੱਖ ਦਿਤੀ ਕਿ ਸੁਖੀ ਉਹ ਹੈ -

*ਮੰਨੇ ਨਾਉ ਸੋਈ ਜਿਣਿ ਜਾਇ॥ ਅੰਗ - ੯੫੪*

ਜਿਹੜਾ ਨਾਉ ਨੂੰ ਮੰਨ ਲਏ, ਵਿਆਪਕ ਨਾਮ ਦੇ ਵਿਚ ਆਪਣੀ ਬਿਰਤੀ 100% ਬਿਨਾਂ ਸ਼ੱਕ ਤੋਂ ਲਾ ਲਏ, ਕਹਿੰਦੇ ਉਹ, ਇਸ ਸੰਸਾਰ ਵਿਚੋਂ ਜਿੱਤ ਜਾਂਦਾ ਹੈ ਤੇ ਸੁਖ ਦੀ ਪ੍ਰਾਪਤੀ ਕਰ ਲੈਂਦਾ ਹੈ। ਬਾਕੀ ਜਿਹੜਾ ਕੁਝ ਹੈ ਇਸ ਤੋਂ ਬਿਨਾਂ ਸਭ ਕੁਝ, ਉਹ ਲੇਖੇ ਵਿਚ ਨਹੀਂ ਪੈਂਦਾ। ਇਹ ਗੱਲਾਂ ਸਮਝਣ ਨਾਲ ਪਤਾ ਲਗਦੀਆਂ ਨੇ ਕਿ ਮਹਾਰਾਜ ਕੀ ਬਚਨ ਕਰਦੇ ਹਨ।

ਮਹਾਤਮਾ ਬੁੱਧ ਨੇ ਤਾਂ ਫੈਸਲਾ ਕਰ ਦਿਤਾ ਕਿ ਇਹ ਸੰਸਾਰ ਦੁਖਾਂ ਦਾ ਘਰ ਹੈ। ਇਸ ਦੇ ਵਿਚੋਂ ਪ੍ਰਕ੍ਰਿਤਕ ਮੰਡਲ ਸੁਖ ਲੈਣ ਵਾਸਤੇ ਜੀਵ-ਆਤਮਾ ਨੂੰ ਇਸ ਦੇ ਵਿਚੋਂ free (ਆਜ਼ਾਦ) ਹੋਣਾ ਪੈਣਾ ਹੈ। ਵੱਡੇ-ਵੱਡੇ ਰਿਸ਼ੀਆਂ ਨੇ ਉਸ ਅਗੰਮੀ ਸੁਖ ਨੂੰ ਦੇਖ ਕੇ ਇਸ ਸੰਸਾਰ ਨੂੰ ਅੱਗ ਦਾ ਸਾਗਰ ਕਿਹਾ ਹੈ ਤੇ ਉਨ੍ਹਾਂ ਦਾ ਵੀ ਜੋ ਅਨੁਭਵ ਹੈ ਉਹ ਵੀ ਇਹੀ ਹੈ ਕਿ ਪ੍ਰਾਕ੍ਰਿਤੀ, ਮਾਇਆ ਦੇ ਵਿਚ ਜੀਵ ਫਸ ਗਿਆ ਤੇ ਜਿੰਨੀ ਦੇਰ ਤੱਕ ਇਹ free (ਆਜ਼ਾਦ) ਨਹੀਂ ਹੁੰਦਾ ਉਨੀ ਦੇਰ ਤਕ ਇਸ ਨੂੰ ਪਤਾ ਨਹੀਂ ਹੈ। ਸਾਡਾ ਹਾਲ ਉਹ ਹੋ ਗਿਆ, ਜਿਸ ਹਾਲ ਵਿਚ ਅਸੀਂ ਰਹਿ ਰਹੇ ਹਾਂ ਸਾਨੂੰ ਨਹੀਂ ਪਤਾ ਕਿ ਇਸ ਤੋਂ ਉਪਰ ਵੀ ਕੋਈ ਚੀਜ਼ ਹੁੰਦੀ ਹੈ, ਉਸੇ ਤਰ੍ਹਾਂ ਦੇ ਨਾਲ ਅਸੀਂ immune (ਜਿਸ ਤੇ ਕੋਈ ਅਸਰ ਨਾ ਹੋਵੇ) ਹੋ ਗਏ ਹਾਂ। ਹਾਏ-ਹਾਏ ਕਰਨਾ ਅਸਾਡਾ ਨਿਤ ਕਰਮ ਬਣ ਗਿਆ ਹੈ।

ਗੁਰੂ ਮਹਾਰਾਜ ਸਾਨੂੰ ਕਿਸੇ ਬਹੁਤ ਵੱਡੇ ਸੁਖ ਵਿਚ ਲੈ ਜਾਣਾ ਚਾਹੁੰਦੇ ਹਨ ਜਿਸ ਦਾ ਸਾਨੂੰ ਅਨੁਭਵ ਹੀ ਨਹੀਂ ਹੈ ਕਿ ਜੋ ਚਰਨ ਕਮਲ ਦੀ ਮੌਜ ਹੈ, ਉਸ ਦਾ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ, ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਕੋਈ ਗਿਣਤੀ-ਮਿਣਤੀ ਨਹੀਂ ਕੀਤੀ ਜਾ ਸਕਦੀ। ਉਹ ਮੌਜ ਕਹਿੰਦੇ ਨੇ ਅਨੰਦ ਜੋ ਅਨੰਦ ਚਰਨਾਂ ਨਾਲ ਜੁੜਨ ਦੇ ਨਾਲ ਹੈ ਉਸ ਦਾ ਕੋਈ ਅਨੁਮਾਨ ਨਹੀਂ ਹੈ। ਮਨੁੱਖ ਦੀ ਬੁੱਧੀ ਉਸ ਨੂੰ ਜਾਣ ਹੀ ਨਹੀਂ ਸਕਦੀ।

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਅੰਗ - ੧੩੭੦*

ਕਹਿੰਦੇ, ਕਿਹਾ ਹੀ ਨਹੀਂ ਜਾ ਸਕਦਾ -

*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*
*ਅੰਗ - ੧੩੭੦*

ਆਦਮੀ ਕੋਲ ਭਾਸ਼ਾ ਨਹੀਂ ਜਿਸ ਦੇ ਨਾਲ ਇਹ ਦਸ ਸਕੇ। ਹਾਂ, ਦੇਖ ਲਿਆ ਓਹੀ ਪ੍ਰਵਾਨ ਹੈ। ਉਸੇ ਦਾ ਅਨੁਭਵ ਬੁਝ ਲੈਂਦਾ ਹੈ। ਇਹ ਅਨੁਭਵ ਕਰ ਲਿਆ, ਜਿਸ ਨੇ ਦੇਖ ਲਿਆ।

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਜੀਵ ਦੀ ਹਾਲਤ ਦੱਸੀ ਹੈ ਕਿ ਇਹ ਕਾਮ ਵਿਚ, ਕ੍ਰੋਧ ਵਿਚ, ਲੋਭ ਵਿਚ, ਮੋਹ ਵਿਚ ਅਤੇ ਅਭਿਮਾਨ ਵਿਚ, ਆਸਾ-ਤ੍ਰਿਸ਼ਨਾ ਹੈ ਅਤੇ ਬੇਅੰਤ ਚੀਜ਼ਾਂ ਨੇ ਜਿਨ੍ਹਾਂ ਦੇ ਵਿਚ ਇਹ ਲੀਨ ਰਹਿੰਦਾ ਹੈ, ਡੁੱਬਿਆ ਰਹਿੰਦਾ ਹੈ ਹਰ ਵਕਤ, ਇਸ ਨੂੰ ਕੋਈ ਸੋਝੀ ਨਹੀਂ ਹੈ ਕਿਸੇ ਕਿਸਮ ਦੀ ਤੇ ਇਸ ਦਾ ਨਤੀਜਾ ਕੀ ਹੁੰਦਾ ਹੈ ਇਹ ਵਾਰ-ਵਾਰ ਜੰਮਦਾ ਹੈ, ਵਾਰ-ਵਾਰ ਮਰਦਾ ਹੈ। ਕਦੇ ਮਨੁੱਖ ਬਣਦਾ ਹੈ, ਬਹੁਤ ਵਾਰੀ। ਜਿਹੋ-ਜਿਹਾ ਇਸ ਨੇ ਆਪਣੇ ਆਪ ਨੂੰ ਬਣਾਇਆ ਹੈ ਉਹੋ ਜਿਹਾ ਹੀ ਇਸ ਨੂੰ ਸਿਲਿਆ-ਸਿਲਾਇਆ ਸਰੀਰ ਰੂਪੀ ਕਪੜਾ ਮਿਲ ਜਾਂਦਾ ਹੈ। ਜਿਹੋ ਜਿਹੇ ਖਿਆਲ ਹਨ ਇਸ ਦੇ, ਜਿਹੋ ਜਿਹਾ ਵਰਤ-ਵਿਹਾਰ ਇਸ ਦਾ ਹੈ, ਸੰਸਾਰ ਦੇ ਅੰਦਰ, ਇਸ ਨੂੰ, ਆਹ ਸਰੀਰ ਛੱਡਣ ਤੋਂ ਬਾਅਦ ਉਹ ਕੱਪੜਾ, ਮਿਲ ਹੀ ਜਾਣਾ ਹੈ। ਉਹ ਕਿਸ ਤਰ੍ਹਾਂ ਦਾ ਮਿਲਦਾ ਹੈ ਇਹ ਗੱਲ ਗੁਰੂ ਮਹਾਰਾਜ ਦੇ ਅੰਦਰ ਵੀ ਦਸੀ ਗਈ ਹੈ ਤੇ ਬੜੇ ਵਿਸਤਾਰ ਨਾਲ ਸ਼ਾਸਤਰਾਂ ਵਿਚ ਇਹ ਗੱਲਾਂ ਲਿਖੀਆਂ ਹੋਈਆਂ ਨੇ ਕਿ ਜੇ ਬੰਦਾ ਆਹ ਕਰਮ ਕਰੇ ਤਾਂ ਇਸ ਨੂੰ ਐਸਾ ਸਰੀਰ ਮਿਲਦਾ ਹੈ, ਜੇ ਪੁੰਨ-ਦਾਨ ਕਰੇ ਤਾਂ ਅਗਲਾ ਸਰੀਰ ਸੁੰਦਰ ਮਿਲਦਾ ਹੈ, ਬਹੁਤ ਸੋਹਣੇ ਘਰ ਦੇ ਵਿਚ ਜਨਮ ਲੈਂਦਾ ਹੈ, ਸਾਰੀਆਂ ਸਹੂਲਤਾਂ ਬਣੀਆਂ-ਬਣਾਈਆਂ ਉਸ ਦੇ ਲਈ ਹੁੰਦੀਆਂ ਨੇ। ਪੁੰਨ ਦਾਨ ਜੋ ਕਰਦਾ ਹੈ ਉਨ੍ਹਾਂ ਦਾ ਫਲ ਵੀ ਨਾਲ ਲੈ ਕੇ ਜਾਂਦਾ ਹੈ। ਜੰਮਦੇ ਦਾ ਹੀ ਸਰੀਰ ਰੋਗੀ ਹੋਏਗਾ, ਦੁਖੀ ਕਰਿਆ ਹੈ ਸੰਸਾਰ ਨੂੰ, ਲੱਤਾਂ ਤੋੜੀਆਂ ਨੇ, ਜੰਮਦੇ ਨੂੰ ਹੀ ਪੋਲੀਓ ਹੋ ਜਾਏਗਾ। ਨਿੰਦਿਆ ਕਰੀ ਹੈ ਉਸ ਦੀ ਜ਼ੁਬਾਨ ਹੀ ਨਹੀਂ ਚਲਣੀ ਅਗਲੇ ਜਨਮ ਵਿਚ, ਉਸ ਨੂੰ ਸਜ਼ਾ ਮਿਲ ਜਾਂਦੀ ਹੈ। ਨਿੰਦਿਆ ਸੁਣਦਾ ਰਿਹਾ ਹੈ ਕੰਨ ਬੋਲੇ ਹੋ ਜਾਣਗੇ, ਸਰੀਰ ਰੋਗੀ ਹੋ ਜਾਏਗਾ। ਬਹੁਤ ਵੱਡੇ ਵਿਸਤਾਰ ਦੇ ਨਾਲ ਇਹ ਬਚਨ ਸ਼ਾਸਤਰਾਂ ਵਿਚ,

ਪੁਰਾਣਾਂ ਵਿਚ ਲਿਖੇ ਹੋਏ ਨੇ।

ਗੁਰੂ ਮਹਾਰਾਜ ਵਿਸਤਾਰ ਵਿਚ ਨਹੀਂ ਦਸਦੇ ਕਿਉਂਕਿ ਜਿਹੜੀਆਂ ਸਿਆਣਿਆਂ ਨੇ ਗੱਲਾਂ ਕਹਿ ਦਿਤੀਆਂ ਨੇ ਉਨ੍ਹਾਂ ਤੇ controversy (ਬਹਿਸ, ਵਾਦ-ਵਿਵਾਦ) ਨਹੀਂ ਕਰੀ ਤੇ ਨਾ ਮਹਾਰਾਜ ਨੇ ਨਵੀਂ ਸੂਚੀ ਬਣਾਈ ਹੈ। ਉਹ ਕਹਿੰਦੇ ਠੀਕ ਹੈ ਜਿਹੋ ਜਿਹਾ ਕਿਸੇ ਦਾ ਸੁਭਾਅ ਹੈ ਉਹੋ ਜਿਹਾ ਉਸ ਨੂੰ ਅੱਗੇ ਸਰੀਰ ਮਿਲ ਜਾਣਾ ਹੈ।

ਅੰਤ ਮਤੇ ਸੋ ਗਤੇ।

ਬੰਦੇ ਬਹਾਦਰ (ਮਾਧੋ ਦਾਸ) ਨੂੰ ਗੁਰੂ ਦਸ਼ਮੇਸ਼ ਪਿਤਾ ਨੇ ਪੁਛਿਆ ਕਿ ਤੇਰੇ ਪਹਿਲੇ ਗੁਰੂ ਦਾ ਨਾਂ ਕੀ ਹੈ?

ਕਹਿੰਦਾ, "ਜੀ ਉਨ੍ਹਾਂ ਦਾ ਨਾਮ ਅਘੜ ਨਾਥ ਸੀ।"

"ਕਿਥੇ ਨੇ ਉਹ?"

ਕਹਿਣ ਲੱਗਿਆ, "ਜੀ! ਉਹ ਤਾਂ ਬੈਕੁੰਠ ਧਾਮ ਵਿਚ ਪ੍ਰਵੇਸ਼ ਕਰ ਗਏ ਕਿਉਂਕਿ ਉਹ ਬੜੇ ਜਪੀ-ਤਪੀ ਸਨ, ਬਾਲ ਬ੍ਰਹਮਚਾਰੀ ਸੀ, ਗਲਤ ਗੱਲ ਕੋਈ ਨਹੀਂ ਸੀ ਕਰਦੇ।"

ਮਹਾਰਾਜ ਮੁਸਕਰਾਉਣ ਲਗ ਪਏ।

ਮਾਧੋਦਾਸ ਨੇ ਕਿਹਾ, "ਮਹਾਰਾਜ! ਤੁਹਾਡੀ ਮੁਸਕਰਾਹਟ ਵਿਚ ਕੋਈ ਭੇਦ ਛੁਪਿਆ ਹੋਇਆ ਹੈ, ਕ੍ਰਿਪਾ ਕਰਕੇ ਖੋਲ੍ਹ ਕੇ ਦੱਸੋ।"

ਮਹਾਰਾਜ ਕਹਿੰਦੇ, "ਮਾਧੋ ਦਾਸ! ਤੇਰਾ ਤਾਂ ਗੁਰੂ ਗਿਆ ਹੀ ਨਹੀਂ, ਤੇਰੇ ਆਸ਼ਰਮ ਤੋਂ ਬਾਹਰ।"

ਕਹਿੰਦਾ, "ਮਹਾਰਾਜ! ਪਤਾ ਲਗ ਸਕਦਾ ਹੈ? ਕਿਸ ਤਰ੍ਹਾਂ ਨੇ? ਕਿਸ ਰੂਪ ਵਿਚ ਹਨ?"

ਮਹਾਰਾਜ ਕਹਿੰਦੇ, "ਓਹ ਬਿੱਲ ਤੋੜ ਕੇ ਲਿਆਓ। ਬਿੱਲ ਤੋੜ ਲਿਆਏ।

ਕਹਿੰਦੇ, "ਇਸ ਦੇ ਵਿਚ ਕੀੜਾ ਬਣਿਆ ਹੋਇਆ ਹੈ ਤੇਰੇ ਗੁਰੂ।' ਬਿੱਲ ਭੰਨਿਆ।

ਮਹਾਰਾਜ ਕਹਿੰਦੇ, "ਸੁਣਦਾ ਹੈ। ਇਹ ਕੀ ਕਹਿੰਦਾ ਹੈ?"

ਕਹਿੰਦਾ, "ਮਹਾਰਾਜ! ਮੈਨੂੰ ਇਸ ਜੀਵ ਦੀ ਗੱਲ ਸੁਣਨ ਦਾ ਗਿਆਨ ਨਹੀਂ ਹੈ, ਨਾ ਹੀ ਮੇਰੇ ਵਿਚ ਐਡੀ ਸ਼ਕਤੀ ਹੈ। ਕ੍ਰਿਪਾ ਕਰੋ।"

ਮਹਾਰਾਜ ਨੇ ਕ੍ਰਿਪਾ ਕਰ ਦਿਤੀ ਤਾਂ ਆਵਾਜ਼ ਆਈ, "ਮਾਧੋ ਦਾਸ! ਮੈਂ ਬੁਰਾ ਫਸਿਆ ਹਾਂ। ਇਹ ਆਪ ਪਰਮੇਸ਼ਰ ਰੂਪ ਪੂਰੇ ਸਤਿਗੁਰੂ ਹਨ। ਇਸ ਸਮਰੱਥ ਸਤਿਗੁਰੂ ਨੇ ਮੇਰਾ ਛੁਟਕਾਰਾ ਕਰਵਾਉਣਾ ਹੈ ਇਨ੍ਹਾਂ ਦੇ ਚਰਨ ਫੜ ਲੈ, ਇਹ ਤਾਂ ਆਪ ਹੀ ਪ੍ਰਮੇਸ਼ਰ ਹਨ। ਮਨੁੱਖ ਨਾ ਇਨ੍ਹਾਂ ਨੂੰ ਜਾਣੀਂ, ਕਿਰਿਆ ਕਰ ਰਹੇ ਹਨ, ਇਹ ਆਪਣੇ ਹਿਸਾਬ ਨਾਲ।"

ਕਹਿਣ ਲੱਗਾ, "ਮਹਾਰਾਜ! ਤੁਹਾਡਾ ਹਾਲ ਇਹ ਕਿਉਂ ਹੋਇਆ?"

ਆਖਣ ਲੱਗਿਆ, "ਜਿਸ ਵੇਲੇ ਮੈਂ ਸਰੀਰ ਛੱਡ ਰਿਹਾ ਸੀ, ਉਸ ਵੇਲੇ ਮੇਰੀ ਸੁਰਤ ਇਸ ਬਿੱਲ ਵਿਚ ਚਲੀ ਗਈ। ਬਿੱਲ ਲੱਗਿਆ ਹੋਇਆ ਸੀ, ਇਥੇ ਹੀ ਮੇਰਾ ਮੰਜਾ ਡਿਹਾ ਹੋਇਆ ਸੀ। ਮੇਰੀ ਨਿਗ੍ਹਾ ਉਤੇ ਚਲੀ ਗਈ ਉਸ ਵੇਲੇ ਫੁਰਨਾ ਆ ਗਿਆ ਕਿ ਮੈਂ ਬਿੱਲ ਨਹੀਂ ਖਾਧਾ। ਉਸ ਵੇਲੇ ਤੋਂ ਮੈਂ ਵਾਰ-ਵਾਰ ਜੰਮਦਾ, ਵਾਰ-ਵਾਰ ਮਰਦਾ, ਇਸ ਬਿੱਲ ਵਿਚ ਹੀ ਕੀੜਾ ਬਣਦਾ ਹਾਂ।"

ਇਸ ਤਰ੍ਹਾਂ ਦੇ ਕਈ ਬਚਨ ਆਉਂਦੇ ਨੇ। ਗੁਰੂ ਮਹਾਰਾਜ ਇਕ ਥਾਂ ਤੁਰੇ ਜਾਂਦੇ ਨੇ ਇਕ ਤਿੱਤਰ ਬੋਲ ਰਿਹਾ ਹੈ ਬੜੇ ਜ਼ੋਰ-ਜ਼ੋਰ ਨਾਲ, ਤਾਂ ਮਹਾਰਾਜ ਅਚਾਨਕ ਸ਼ਬਦ ਪੜ੍ਹਨ ਲੱਗ ਗਏ -

*ਭੂਮੀਆ ਭੂਮਿ ਊਪਰਿ ਨਿਤ ਲੁਝੈ ॥*
*ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥* *ਅੰਗ - ੧੮੮*

"ਸੱਚੇ ਪਾਤਸ਼ਾਹ! ਇਹ ਸ਼ਬਦ ਅਚਾਨਕ ਪੜ੍ਹਨ ਦਾ ਕੀ ਕਾਰਨ ਹੈ?" ਸਿੰਘਾਂ ਨੇ ਪ੍ਰਸ਼ਨ ਕੀਤਾ।

ਮਹਾਰਾਜ ਜੀ ਕਹਿੰਦੇ, "ਆਹ! ਤਿੱਤਰ ਆਪਾਂ ਨੂੰ ਫਿੱਕਾ ਬੋਲ ਰਿਹਾ ਹੈ।"

ਪਾਤਸ਼ਾਹ! "ਕੌਣ ਹੈ ਇਹ?"

ਕਹਿਣ ਲੱਗੇ, "ਇਥੇ ਦਾ ਰਾਜਾ ਸੀ। ਆਹ ਇਸ ਦੀ ਨਿਜ ਦੀ ਜ਼ਮੀਨ ਸੀ। ਮਰਨ ਤੋਂ ਬਾਅਦ ਇਸ ਦੀ ਸੁਰਤੀ ਇਥੇ ਰਹਿਣ ਕਰਕੇ ਵਾਰ-ਵਾਰ ਇਥੇ ਜਨਮ ਲੈ-ਲੈ ਕੇ ਜੰਮਦਾ, ਮਰਦਾ ਹੈ। ਇਸ ਦੀ ਸਿਮਰਤੀ ਕਾਇਮ ਹੈ, ਸਿਮਰਤੀ ਹੋਣ ਕਰਕੇ ਆਪਾਂ ਨੂੰ ਕਹਿ ਰਿਹਾ ਹੈ ਕਿ ਮੇਰੇ ਖੇਤਾਂ ਵਿਚੋਂ

ਨਾ ਲੰਘੋ।" ਇਹ ਖੱਬੀ ਅੱਖੋਂ ਕਾਣਾ ਹੈ। ਹੁਣ ਇਸ ਨੇ ਦਰਸ਼ਨ ਕੀਤੇ ਹਨ ਉਸ ਦਾ ਫਲ ਇਸ ਨੂੰ ਪ੍ਰਾਪਤ ਹੋਣਾ ਹੈ। ਘੇਰ ਕੇ ਫੜ੍ਹ ਲਵੋ। ਸਿੰਘਾਂ ਨੇ ਤਿੱਤਰ ਫੜ ਲਿਆ ਉਹ ਖੱਬੀ ਅੱਖੋਂ ਕਾਣਾ ਹੀ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਦੀ ਰੂਹ ਦੀ ਖਲਾਸੀ ਕਰ ਦਿਤੀ। ਉਹ ਤਿੱਤਰ ਦੀ ਰੂਹ ਬੈਕੁੰਠ ਧਾਮ ਦੀ ਨਿਵਾਸਣ ਹੋ ਗਈ।

ਸੋ ਇਸ ਤਰ੍ਹਾਂ ਦੇ ਬਹੁਤ ਦ੍ਰਿਸ਼ਟਾਂਤ ਨੇ। ਜੈਦਰਥ ਮਹਾਂਭਾਰਤ ਦੇ ਅੰਦਰ ਯੁੱਧ ਵਿਚ ਪਿੱਠ ਦੇ ਕੇ ਭੱਜ ਜਾਂਦਾ ਹੈ। ਮਰਨ ਤੋਂ ਬਾਅਦ ਬੜੀਆਂ ਜੂਨਾਂ ਵਿਚ ਘੁੰਮਦਾ ਹੋਇਆ, ਗੁਰੂ ਦਸ਼ਮੇਸ਼ ਪਿਤਾ ਦੇ ਸਮੇਂ ਇਕ ਵੱਡੇ ਸ਼ੇਰ ਦਾ ਰੂਪ ਧਾਰਿਆ ਹੋਇਆ ਹੈ, ਉਸ ਨੇ। ਪਹਾੜੀ ਰਾਜਿਆਂ ਕੋਲ ਫਰਿਆਦ ਆਉਂਦੀ ਹੈ ਕਿ ਮਹਾਰਾਜ! ਸਾਨੂੰ ਵੱਸਣ ਨਹੀਂ ਦਿੰਦਾ ਇਹ ਸ਼ੇਰ ਬਹੁਤ ਵੱਡਾ ਹੈ। ਗੁਰੂ ਦਸਵੇਂ ਪਾਤਸ਼ਾਹ ਕੋਲ ਬੇਨਤੀ ਕਰੀ ਤਾਂ ਰਾਜਿਆਂ ਸਮੇਤ ਮਹਾਰਾਜ ਜਾਂਦੇ ਨੇ – ਪਾਉਂਟੇ ਸਾਹਿਬ ਦੇ ਜੰਗਲ ਵਿਚ ਜਿਸ ਨੂੰ ਅੱਜਕੱਲ੍ਹ ਸ਼ੇਰ ਗੜ੍ਹੀ ਕਹਿੰਦੇ ਹਨ, ਓਸ ਥਾਂ ਉਥੇ ਜਾ ਕੇ ਸ਼ੇਰ ਨੂੰ ਮਾਰਦੇ ਨੇ। ਜਿਸ ਵਕਤ ਰਾਜੇ ਪੁਛਦੇ ਹਨ ਕਿ ਇਹ ਐਡਾ ਬਲਵਾਨ ਕਿਉਂ ਹੈ, ਮਹਾਰਾਜ ਕਹਿੰਦੇ, "ਇਸ ਦੀ ਹੀ ਜ਼ੁਬਾਨ ਤੋਂ ਸੁਣ ਲਓ।" ਸ਼ਕਤੀ ਦੇ ਦਿਤੀ ਰੂਹ ਨੂੰ।

ਕਹਿਣ ਲੱਗਿਆ, "ਮੈਂ ਜੈਦਰਥ ਸੀ। ਉਸ ਵੇਲੇ ਦਾ ਹੀ ਘੁੰਮਦਾ ਫਿਰਦਾ ਸੀ। ਮੇਰੇ ਪਾਪਾਂ ਦੀ ਨਵਿਰਤੀ ਇਨ੍ਹਾਂ ਨੇ ਕੀਤੀ ਹੈ ਕਿਉਂਕਿ ਮੈਂ ਉਸ ਜਨਮ ਦੇ ਅੰਦਰ 16 ਕਲਾਂ ਸੰਪੂਰਨ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਦੇ ਦਰਸ਼ਨ ਕਰੇ ਸੀ। ਜੋ ਗੁਰੂਆਂ ਦੇ ਦਰਸ਼ਨ ਕਰ ਲੈਂਦਾ ਹੈ, ਜੋ ਮਹਾਂਪੁਰਸ਼ਾਂ ਦਾ ਦਰਸ਼ਨ ਕਰ ਲੈਂਦਾ ਹੈ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ। ਮੈਨੂੰ ਅਜੇ ਫਲ ਨਹੀਂ ਸੀ ਮਿਲਿਆ, ਹੁਣ ਮੈਂ ਪੂਰਨ ਪ੍ਰਭੂ ਰੂਪ ਸਤਿਗੁਰੂ ਦੇ ਭੀ ਦਰਸ਼ਨ ਕੀਤੇ ਹਨ, ਮੇਰੇ ਕਰਮਾਂ ਦਾ ਮੈਨੂੰ ਦੰਡ ਮਿਲ ਰਿਹਾ ਸੀ ਹੁਣ ਮੈਨੂੰ ਦਰਸ਼ਨਾਂ ਦਾ ਫਲ ਇਹ ਮਿਲਿਆ ਹੈ ਕਿ ਮੈਂ ਸਰੀਰ ਛੱਡ ਦਿਤਾ ਤੇ ਮੈਨੂੰ ਉਤਮ ਗਤੀ ਪ੍ਰਾਪਤ ਹੋ ਗਈ।"

ਸੋ ਇਸ ਤਰ੍ਹਾਂ ਦੇ ਨਾਲ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਿਆ, ਈਰਖਾ, ਚੁਗਲੀ, ਆਸਾ-ਤ੍ਰਿਸ਼ਨਾ ਇਨ੍ਹਾਂ ਕਮਜ਼ੋਰੀਆਂ ਵਿਚ ਲੀਨ ਹੋਏ-ਹੋਏ ਆਪਣਾ ਸਫਰ ਕਰ ਰਹੇ ਹਾਂ ਤੇ ਸਾਨੂੰ ਆਪਣੀ ਸੁਰਤੀ ਦੇ ਮੁਤਾਬਿਕ ਜੀਵਨ ਪ੍ਰਾਪਤ ਹੋ ਕੇ ਉਹੋ ਜਿਹਾ ਸਰੀਰ ਸਾਨੂੰ ਤਿਆਰ-ਬਰ-ਤਿਆਰ ਮਿਲਦਾ ਹੈ। ਇਧਰੋਂ ਛੁਟਦਾ ਹੈ ਸਰੀਰ, ਦੂਜੇ ਪਾਸੇ ਉਸੇ ਵੇਲੇ ਤਿਆਰੀ ਸ਼ੁਰੂ ਹੁੰਦੀ ਹੈ।

ਬੇਅੰਤ ਐਸੇ ਤਜਰਬੇ ਕੀਤੇ ਗਏ ਨੇ ਜਿਨ੍ਹਾਂ ਦੇ ਅੰਦਰ ਪਿਛਲੇ ਜਨਮ ਦੀਆਂ ਗੱਲਾਂ ਅਗਲੇ ਜਨਮਾਂ ਵਿਚ ਜਾ ਕੇ ਵੀ ਯਾਦ ਰਹਿੰਦੀਆਂ ਨੇ। ਸੋ ਮਹਾਰਾਜ ਕਹਿੰਦੇ ਇਸ ਤਰ੍ਹਾਂ ਜੰਮਦਾ ਮਰਦਾ ਰਹਿੰਦਾ ਹੈ, ਇਹ ਜੀਵ। ਇਸ ਨੂੰ ਪਤਾ ਨਹੀਂ ਲਗਦਾ ਕਿ ਕੋਈ ਐਸਾ ਮਹਾਨ ਸੁਖ ਵੀ ਹੈ ਜਿਹੜਾ ਸਾਨੂੰ ਪ੍ਰਾਪਤ ਹੋ ਸਕਦਾ ਹੈ। ਜੇ ਪੂਰਾ ਗੁਰੂ ਮਿਲ ਜਾਵੇ, ਸਮਰੱਥ ਗੁਰੂ ਮਿਲ ਜਾਵੇ ਤਾਂ ਉਹ ਐਸੇ ਸੁਖ ਵਿਚ ਲੈ ਜਾਂਦਾ ਹੈ ਜੀਉਂਦੇ-ਜੀਉਂਦੇ ਨੂੰ ਹੀ, ਕਿਉਂਕਿ ਗੁਰਬਾਣੀ ਵਿਚ ਆਉਂਦਾ ਹੈ ਕਿ –

*ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥*
*ਅੰਗ – ੧੨੯੨*

ਮੁਕਤੀ ਉਹ ਹੈ, ਬੰਧਨ ਤੋਂ ਛੁਟਕਾਰਾ ਉਹ ਹੈ ਜਿਹੜਾ ਜੀਉਂਦੇ-ਜੀਉਂਦੇ ਨੂੰ ਹੀ ਪ੍ਰਾਪਤ ਹੋ ਜਾਵੇ। ਸੋ ਮਹਾਰਾਜ ਕਹਿੰਦੇ ਸਤਿਗੁਰੂ ਨੇ ਸਾਨੂੰ ਸਹੀ ਮਾਰਗ ਦਿਖਾ ਦਿਤਾ।

*ਭੂਲੇ ਮਾਰਗੁ ਜਿਨਹਿ ਬਤਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥* *ਅੰਗ – ੮੦੩*

ਵੱਡਿਆਂ ਭਾਗਾਂ ਨਾਲ ਐਸਾ ਸਤਿਗੁਰੂ ਮਿਲਿਆ ਜਿਸ ਨੇ ਭੁੱਲ ਕੱਢ ਦਿਤੀ ਕਿਉਂਕਿ ਇਸ ਅਸਲੀ ਚੀਜ਼ ਨੂੰ ਅਸੀਂ ਹਰ ਵਕਤ ਭੁੱਲੇ ਰਹਿੰਦੇ ਹਾਂ। ਇਸ ਭੁੱਲ ਕਰਕੇ ਅਸੀਂ ਅੱਗ ਦੇ ਸਮੁੰਦਰ ਵਿਚ ਤਰਦੇ (ਤੈਰਦੇ) ਰਹਿੰਦੇ ਹਾਂ। ਗੁਰੂ ਨੇ, ਸਾਨੂੰ, ਸਾਡਾ ਸਰੂਪ ਦਿਖਾ ਦਿਤਾ ਕਿ ਤੂੰ ਕੌਣ ਹੈਂ। ਨਿਸ਼ਚੇ ਵਿਚ ਕਰਾ ਦਿਤਾ, intellectually (ਬੌਧਿਕ) ਨਹੀਂ, ਬੁੱਧੀ ਨਾਲ ਨਹੀਂ ਬਲਕਿ ਸਾਨੂੰ ਸਚਮੁੱਚ ਹੀ ਦਿਖਾ ਦਿਤਾ ਤੇ ਉਸ ਦੇ ਨਾਲ ਜਿਹੜੀ ਸਾਡੀ ਭੁੱਲ ਸੀ, ਉਹ ਨਿਕਲ ਗਈ ਅਤੇ ਅਸੀਂ ਆਪਣੇ ਸਰੂਪ ਨੂੰ ਪਛਾਣ ਕੇ ਪ੍ਰਮੇਸ਼ਰ ਦਾ ਰੂਪ ਹੋ ਗਏ।

# ਗੁਰ ਕੀ ਪ੍ਰਤੀਤ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 35)*

*ਗੁਰੁ ਪਰਮੇਸਰੁ ਏਕੋ ਜਾਣੁ ॥ ਅੰਗ - ੮੬੪*

ਦੋਹਾਂ ਨੂੰ ਇਕੋ ਜਾਣੋ। ਜਿਸ ਦੇ ਮਨ ਵਿਚ ਇਸ ਤੋਂ ਘੱਟ ਸ਼ਰਧਾ ਹੈ, ਉਹ ਨਹੀਂ ਲੰਘਿਆ ਕਰਦਾ। ਗੁਰੂ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਸਾਕਾਰ ਰੂਪ ਹੈ। ਪਾਰਬ੍ਰਹਮ ਪ੍ਰਮੇਸ਼ਰ ਹੈ, ਉਹ, ਇਹਦਾ ਨਿਰਾਕਾਰ ਸਰੂਪ ਹੈ। ਚਾਰ ਨਿਸ਼ਚੇ ਹੋਇਆ ਕਰਦੇ ਨੇ। ਪਹਿਲਾ ਨਿਸ਼ਚਾ ਹੋਇਆ ਕਰਦੈ ਮੇਰਾ ਗੁਰੂ ਚੰਗਾ ਸੰਤ ਹੈ। ਲੇਕਿਨ ਉਸ ਤੋਂ ਜੇ ਚੰਗਾ ਹੋਵੇ ਤਾਂ ਸ਼ਰਧਾ ਟੁੱਟ ਕੇ ਉਹ ਉਥੇ ਚਲਿਆ ਜਾਂਦੈ। ਦੂਸਰਾ ਹੋਇਐ ਕਰਦਾ ਕਿ ਮੇਰਾ ਜੋ ਗੁਰੂ ਹੈ ਇਹ ਸਾਰੇ ਸਾਧੂਆਂ ਨਾਲੋਂ ਵੱਡਾ ਸਾਧੂ ਹੈ। ਇਹ ਵੀ ਬਹੁਤ ਸੋਹਣਾ ਨਿਸ਼ਚਾ ਹੈ। ਤੀਸਰਾ ਹੋਇਆ ਕਰਦੈ ਕਿ ਮੇਰਾ ਜਿਹੜਾ ਗੁਰੂ ਹੈ ਉਹ ਤਾਂ ਪ੍ਰਮੇਸ਼ਰ ਵਰਗੈ। ਚੌਥਾ ਨਿਸ਼ਚਾ ਹੁੰਦੈ ਕਿ ਮੇਰਾ ਗੁਰੂ ਤਾਂ ਆਪ ਹੀ ਪ੍ਰਮੇਸ਼ਰ ਹੈ। ਸੋ ਜਿਹਦੇ ਮਨ ਵਿਚ ਐਡੀ ਵੱਡੀ ਸ਼ਰਧਾ ਹੋਵੇ, ਉਹਦੇ ਤਰਨ ਵਿਚ ਕੋਈ ਦੇਰ ਨਹੀਂ ਹੋਇਆ ਕਰਦੀ। ਸੋ ਸ਼ਰਧਾ, ਭਾਵਨਾ, faith ਇਹ ਦੋਵੇਂ ਚੀਜ਼ਾਂ ਦਾ ਹੈ। ਜਿਹੜਾ faith ਹੈ ਇਹ ਜੇ ਹੋਵੇ, ਤਾਂ ਗੁਰੂ ਤੋਂ ਲਾਭ ਉਠਾ ਸਕਦਾ ਹੈ ਜੇ ਕੱਚਾ ਗੁਰੂ ਵੀ ਹੋਵੇ, ਤਾਂ ਵੀ ਲਾਭ ਉਠਾ ਲਿਆ ਕਰਦੈ। ਐਸੀਆਂ ਮਿਸਾਲਾਂ ਆਉਂਦੀਆਂ ਨੇ ਕਿ ਗੁਰੂ ਪੂਰਾ ਨਹੀਂ ਹੈ ਲੇਕਿਨ ਫਾਇਦਾ ਉਠਾ ਲਿਆ। ਧੰਨੇ ਨੂੰ ਜੋ ਮਹਾਤਮਾ ਮਿਲੇ, ਉਹ ਪੂਰੇ ਨਹੀਂ ਸੀਗੇ, ਪਰ ਧੰਨੇ ਦਾ ਵਿਸ਼ਵਾਸ਼ ਬੜਾ ਜ਼ਬਰਦਸਤ ਸੀ। ਉਹਨੇ ਤਾਂ ਇਕ ਤਰ੍ਹਾਂ ਦੇ ਨਾਲ ਆਪਣਾ ਪੈਂਡਾ ਹੀ ਛੁਡਾਇਆ ਸੀ। ਪਤਾ ਆਪ ਨੂੰ ਵੀ ਨਹੀਂ ਸੀ ਲੱਗਿਆ ਹਾਲੇ ਤਕ-

*ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।*
*ਭਾਈ ਗੁਰਦਾਸ ਜੀ*

ਲੇਕਿਨ ਉਹਦੇ ਭਰੋਸੇ ਨੇ ਕੀ ਕਰਿਆ -

*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ ਅੰਗ - ੪੮੮*

ਪ੍ਰਤੱਖ ਹੋ ਕੇ ਪ੍ਰਮੇਸ਼ਰ ਮਿਲ ਗਿਆ। ਆਖਰੀ ਸਟੇਜ ਦੇ ਉਤੇ ਜਾ ਕੇ ਜਦੋਂ ਉਹਨੇ ਧੰਨੇ ਦੀ ਮਹਿਮਾ ਸੁਣੀ ਕਿ ਇਹਦੇ ਤਾਂ ਪਸ਼ੂ ਵੀ ਚਾਰਦੇ ਨੇ। ਇਹਦੇ ਤਾਂ ਨੱਕੇ ਵੀ ਛੱਡ ਜਾਂਦੇ ਨੇ। ਕੋਈ ਪ੍ਰਭੂ ਹੀ ਛੱਡਦਾ ਹੈ ਐਸਾ ਲੋਕ ਕਹਿੰਦੇ ਨੇ। ਰੱਬ ਛੱਡਦਾ ਹੈ ਇਹਦੇ ਨੱਕੇ। ਇਹਦਾ ਸਾਰਾ ਕਾਰੋਬਾਰ ਕਰਦੈ। ਇਹ ਤਾਂ ਸਾਰਾ ਦਿਨ ਰਾਮ-ਰਾਮ ਕਰੀ ਜਾਂਦੈ। ਫੇਰ ਈਮਾਨਦਾਰ ਸੀ, ਬੜਾ ਚੰਗਾ ਸੀ। ਲਕੋਇਆ ਨਹੀਂ ਉਸ ਨੇ, ਧੰਨੇ ਕੋਲ ਚਲਿਆ ਗਿਆ। ਕਹਿੰਦਾ, ਧੰਨਿਆ! ਤੂੰ ਪ੍ਰਮੇਸ਼ਰ ਨੂੰ ਰੋਟੀ ਖਿਲਾਉਂਦੈਂ?

ਕਹਿੰਦਾ, ਰੋਜ਼ ਖਿਲਾਉਂਦਾ ਹਾਂ।

ਕਹਿੰਦਾ, ਕੋਈ ਤਕਲੀਫ਼ ਤਾਂ ਨਹੀਂ?

ਕਹਿੰਦਾ, ਪਹਿਲੇ ਦਿਨ ਆਈ ਸੀ। ਫੇਰ ਤਾਂ ਨਹੀਂ ਆਈ। ਪਹਿਲੇ ਦਿਨ ਮੰਨਿਆ ਨਹੀਂ ਸੀ ਪ੍ਰਭੂ। ਓਦਣ ਤਾਂ ਮੈਨੂੰ ਵੀ ਨਹੀਂ ਸੀ ਪਤਾ ਕਿ ਕੀ ਖਾਣੈ? ਹੁਣ ਤਾਂ ਉਹ ਮੈਨੂੰ ਕਹਿੰਦਾ, ਮਿੱਸੀਆਂ ਰੋਟੀਆਂ, ਗੰਢਿਆਂ ਦੇ ਨਾਲ ਬਹੁਤ ਸੁਆਦ ਲਗਦੀਆਂ ਨੇ। ਰੋਜ਼ ਹੀ ਖਾ ਲੈਂਦੇ ਨੇ।

ਕਹਿੰਦਾ, ਫੇਰ?

ਕਹਿੰਦਾ, ਉਹ ਕਹਿੰਦੇ, ਮੈਂ ਖਾਂਦਾ ਹਾਂ ਰੋਟੀ ਤੇਰੀ ਤੇ ਮੇਰਾ ਫਰਜ਼ ਬਣਦੈ ਕਿ ਮੈਂ ਤੇਰਾ ਕੰਮ ਵੀ ਕਰਾਂ।

ਐਸਾ ਹੀ ਮਹਾਰਾਜ ਵੀ ਕਹਿੰਦੇ ਨੇ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - ੬੩੮*

ਜਿਹਨੂੰ ਨਾਮ ਦਾ ਪਿਆਰ ਹੋਵੇ ਵਾਹਿਗੁਰੂ ਉਹਦੇ ਕੰਮ ਸਾਰੇ ਹੀ ਆਪੇ ਕਰਨੇ ਸ਼ੁਰੂ ਕਰ ਦਿੰਦੈ। ਅਚਿੰਤ ਕੰਮ ਕਰਦੈ। ਮਨ ਵਿਚ ਅਜੇ ਖਿਆਲ ਆਉਣ ਦੀ ਲੋੜ ਹੈ ਉਸੇ ਵੇਲੇ ਕੰਮ ਸ਼ੁਰੂ ਕਰ ਦਿੰਦੈ। ਆਪ ਹੀ ਕਰਦਾ ਹੈ, ਕੋਈ ਰੂਪ ਧਾਰ ਕੇ ਕਰੇ।

ਕਹਿੰਦਾ, ਹੁਣ ਕਿੱਥੇ ਨੇ ਪ੍ਰਭੂ?

ਕਹਿੰਦਾ, ਮਹਾਰਾਜ! ਤੁਸੀਂ ਮੇਰੇ ਗੁਰੂ ਹੋਂ। ਦੇਖ ਲਓ ਸਾਮ੍ਹਣੇ। ਔਹ ਜਿਹੜੀ ਗੋਰੀ ਗਊ ਹੈ ਉਹਦੇ

ਕੋਲ ਖੜ੍ਹੇ ਨੇ।

ਨੀਝ ਲਾ-ਲਾ ਦੇਖਦੈ। ਕਹਿੰਦਾ, ਧੰਨਿਆ! ਕਿਹੜੀ ਗੋਰੀ ਗਊ?

ਕਹਿੰਦਾ, ਆਹ ਸਾਮ੍ਹਣੇ ਦੇਖੋ, ਦਾਦਾ ਜੀ।

ਕਹਿਣ ਲੱਗਿਆ, ਮੈਨੂੰ ਨਹੀਂ ਦਿਸ ਰਹੇ।

ਕਹਿੰਦਾ, ਲੈ ਕੋਲ ਤਾਂ ਹੈਗੇ ਨੇੜੇ ਐਨੇ।

ਅਖੀਰ ਉਹਨੂੰ ਕਹਿਣਾ ਪਿਆ ਕਿ ਸੁਣਿਆ ਸੀ ਕਿ ਇਕ ਅੱਖ ਆਦਮੀ ਦੇ ਅੰਦਰ ਐਸੀ ਹੁੰਦੀ ਹੈ ਜੇ ਉਹ ਖੁਲ੍ਹ ਜਾਵੇ ਤਾਂ ਪ੍ਰਮੇਸ਼ਰ ਹਾਜ਼ਰਾ-ਹਜ਼ੂਰ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਅੰਗ - ੬੭੭*

ਸੋ ਪ੍ਰਮੇਸ਼ਰ ਤਾਂ ਕੋਲ ਦਿਸਣ ਲਗ ਜਾਂਦੈ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਮੈਨੂੰ ਉਹ ਅੱਖ ਨਹੀਂ ਮਿਲੀ। ਦੇਖ, ਮੇਰੀ ਮਾਰਫ਼ਤ ਤੈਨੂੰ ਪ੍ਰਮੇਸ਼ਰ ਮਿਲਿਆ ਹੈ। ਹੁਣ ਤੂੰ ਆਪਣੇ ਪ੍ਰਮੇਸ਼ਰ ਨੂੰ ਕਹਿ ਕਿ ਮੈਨੂੰ ਵੀ ਦਰਸ਼ਨ ਦੇ-ਦੇ।

ਉਸ ਵੇਲੇ ਧੰਨੇ ਨੇ ਜਾ ਕੇ ਕਿਹਾ ਕਿ ਪ੍ਰਭੂ! ਜਿਹਦੇ ਰਾਹੀਂ ਮੈਨੂੰ ਤੁਹਾਡੇ ਦਰਸ਼ਨ ਹੋਏ ਨੇ। ਮੈਂ ਤਾਂ ਅਣਜਾਣ ਬੱਚਾ ਸੀ, ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਤੁਹਾਡੀ ਭਗਤੀ ਕੀ ਹੁੰਦੀ ਹੈ। ਇਹ ਤਾਂ ਮੈਂ ਉਹਦੇ ਕੋਲ ਜਾ ਕੇ ਬੇਨਤੀ ਕਰੀ ਸੀ -

*ਬਾਮਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।*
*ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮਣੁ ਆਖਿ ਸੁਣਾਵੈ।*
*ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।*
*ਭਾਈ ਗੁਰਦਾਸ ਜੀ*

ਤੁਹਾਡੀ ਸੇਵਾ ਵਿਚ ਤਾਂ ਮੈਨੂੰ ਇਹਨਾਂ ਨੇ ਹੀ ਲਾਇਆ ਹੈ। ਇਹ ਕਹਿੰਦੇ ਮੈਨੂੰ ਦਰਸ਼ਨ ਨਹੀਂ ਹੁੰਦੇ ਪ੍ਰਭੂ ਦੇ।

ਕਹਿੰਦੇ, ਧੰਨਿਆ! ਤੇਰੇ ਅੰਦਰ ਵਿਸ਼ਵਾਸ਼ ਹੈ ਇਹਦੇ ਅੰਦਰ ਵਿਸ਼ਵਾਸ਼ ਦੀ ਘਾਟ ਹੈ। ਇਹ ਸ਼ੱਕ 'ਚ ਰਹਿੰਦਾ ਹੈ।

ਮਹਾਰਾਜ! ਰੋਜ਼ ਭੋਗ ਲਵਾਉਂਦੇ ਨੇ?

ਕਹਿੰਦੇ, ਰੋਜ਼ ਐਵੇਂ ਹੀ ਲਵਾਉਂਦੈ। ਮੂੰਹ ਨੂੰ ਲਾ ਕੇ, ਆਪੇ ਹੀ ਖਾ ਪੀ ਜਾਂਦੈ, ਇਹ ਮੈਨੂੰ ਨਹੀਂ ਲਵਾਉਂਦਾ। ਇਹਦੇ ਮਨ ਵਿਚ ਵਿਸ਼ਵਾਸ਼ ਨਹੀਂ ਹੈ। ਠੀਕ ਹੈ, ਤੇਰਾ ਗੁਰੂ ਹੈ। ਉਹਦੀ ਮਾਰਫ਼ਤ ਤੈਨੂੰ ਵੀ ਦਰਸ਼ਨ ਹੋਏ -

*ਮੰਨੈ ਤਰੈ ਤਾਰੇ ਗੁਰੁ ਸਿਖ ॥ ਅੰਗ - ੩*

ਕਿਉਂਕਿ ਉਹਦਾ ਨਿਹਚਾ ਸੀ ਉਸ ਨੇ ਆਪਣੇ ਨਾਲ, ਉਹਦਾ ਵੀ ਉਧਾਰ ਕਰ ਦਿਤਾ।

ਸੋ ਨਿਹਚਾ ਵੱਡੀ ਚੀਜ਼ ਹੁੰਦੀ ਹੈ। ਵਜ਼ੀਰ ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਨਿਹਚਾ ਵੱਡੀ ਚੀਜ਼ ਹੈ, ਭਰੋਸਾ, ਪ੍ਰਤੀਤ ਵੱਡੀ ਚੀਜ਼ ਹੈ।

ਕਹਿਣ ਲੱਗੇ, ਮੈਨੂੰ ਕਿਵੇਂ ਪਤਾ ਲੱਗੇ?

ਕਹਿੰਦੇ, ਛੇ ਮਹੀਨੇ ਦਾ ਸਮਾਂ ਦਿਓ। ਸਮਾਂ ਲੈ ਲਿਆ। ਉਸ ਤੋਂ ਬਾਅਦ ਰਾਜ ਇਕੱਠੇ ਕਰੇ, ਮਜ਼ਦੂਰਾਂ ਨੂੰ ਨਾਲ ਲਿਆ। ਜੰਗਲ 'ਚ ਚਲੇ ਗਏ। ਇਕ ਥਾਂ ਦੇਖ ਕੇ ਕਹਿਣ ਲੱਗੇ, ਦੇਖੋ ਇਥੇ ਇਕ ਵੱਡੇ ਪੀਰ ਹੋਏ ਨੇ। ਉਹਨਾਂ ਨੇ ਇਥੇ ਬੜੀ ਸਾਧਨਾ ਕਰੀ ਹੈ। ਆਪਾਂ ਮਜ਼ਾਰ ਬਣਾਉਣੈ ਇਥੇ, ਉਹਦੀਆਂ ਸੁੱਖਾਂ ਵਰ ਆਉਂਦੀਆਂ ਨੇ, ਜਿਹੜਾ ਇਥੇ ਸੁੱਖ ਲਵੇ ਉਹਦੀ ਸੁੱਖ ਪੂਰੀ ਹੋ ਜਾਂਦੀ ਹੈ। ਕਹਿਣ ਲੱਗੇ, ਨਾਉਂ ਕੀ ਹੈ? ਕਹਿਣ ਲੱਗੇ, ਪੀਰ ਦਾ ਨਾਉਂ ਬੜਾ ਇਸ ਤਰ੍ਹਾਂ ਹੀ ਹੈ, ਪੀਰਾਂ ਦੇ ਕਾਹਦੇ ਨਾਉਂ ਹੁੰਦੇ ਨੇ, ਪੀਰ ਜੁੱਤੇ ਸ਼ਾਹ ਕਹਿੰਦੇ ਸੀ, ਉਹਨੂੰ। ਨੀਂਹ ਚਿਣ ਦਿਤੀ, ਉਹਦੇ ਵਿਚ ਇਕ ਬਕਸੇ 'ਚ ਆਪਣੀ ਜੁੱਤੀ ਦਾ ਇਕ ਪੈਰ ਵਿਚ ਰੱਖ ਕੇ ਕਹਿੰਦੇ ਆਹ ਚਿਣ ਦਿਓ ਵਿਚ। ਚੁਣਵਾ ਦਿਤਾ ਤੇ ਉਸ ਤੋਂ ਬਾਅਦ ਮਜ਼ਾਰ ਬਣ ਗਿਆ। ਦੁਨੀਆਂ ਵਿਚ ਮਸ਼ਹੂਰੀ ਕਰ ਦਿਤੀ। ਦੂਰ-ਦੂਰ ਤਕ ਖਬਰਾਂ ਫੈਲਾ ਦਿਤੀਆਂ। ਵੀਰਵਾਰ ਦਾ ਮੇਲਾ ਲੱਗਣਾ ਸ਼ੁਰੂ ਹੋ ਗਿਆ, ਦੀਵੇ ਜਲਣੇ ਸ਼ੁਰੂ ਹੋ ਗਏ, ਸੁੱਖਾਂ ਵਰ ਆਉਣੀਆਂ ਸ਼ੁਰੂ ਹੋ ਗਈਆਂ। ਛੇ ਮਹੀਨੇ ਹੋ ਗਏ, ਰਾਜੇ ਦਾ ਲੜਕਾ ਬੀਮਾਰ ਹੋ ਗਿਆ। ਬੀਮਾਰ ਹੋਇਆ ਇਲਾਜ ਨਹੀਂ ਹੁੰਦਾ। ਵਜ਼ੀਰ ਕੋਲ ਆ ਕੇ ਚਿੰਤਾ ਪ੍ਰਗਟ ਕੀਤੀ। ਵਜ਼ੀਰ ਕਹਿੰਦਾ, ਲੈ ਮਾਮੂਲੀ ਗੱਲ ਹੈ ਰਾਜਨ। ਪੀਰ ਜੁੱਤੇ ਸ਼ਾਹ ਦੀ ਮਜ਼ਾਰ 'ਤੇ ਜਾ ਕੇ ਤੁਸੀਂ ਸੁੱਖਣਾ ਸੁੱਖ ਲਓ। ਪੂਰੀ ਹੋ ਜਾਏਗੀ। ਸੋ ਬਾਦਸ਼ਾਹ ਉਥੇ ਜਾਂਦਾ ਹੈ, ਬੜੀ ਸ਼ਰਧਾ ਤੇ ਭਾਵਨਾ ਦੇ ਨਾਲ, ਨੰਗੇ ਪੈਰੀਂ। ਥੋੜ੍ਹੇ ਦਿਨਾਂ 'ਚ ਬੱਚਾ ਰਾਜ਼ੀ ਹੋ ਗਿਆ। ਫੇਰ ਭੇਟਾ ਲੈ ਕੇ ਕਹਿਣ ਲੱਗਿਆ, ਮੈਂ ਜਾਣਾ ਹੈ ਤੇ ਮੈਂ ਇਹ ਸੁੱਖਿਆ ਸੀ ਕਿ ਬਹੁਤ ਵੱਡਾ ਮਜ਼ਾਰ

ਬਣਾਵਾਂਗਾ ਤੇਰਾ। ਜਿਹੜਾ ਦੁਨੀਆਂ ਦੇਖੇ। ਮੇਰਾ ਲੜਕਾ ਰਾਜ਼ੀ ਹੋ ਗਿਆ ਹੁਣ ਮੈਂ ਵੱਡਾ ਮਜ਼ਾਰ ਬਣਾਉਣਾ ਹੈ ਉਹਦੀ ਯਾਦਗਾਰ 'ਚ। ਵਜ਼ੀਰ ਪਹਿਲਾਂ ਹੀ ਚਲਿਆ ਗਿਆ, ਗੈਂਤੀਆਂ ਨਾਲ ਲੈ ਗਿਆ, ਜਾ ਕੇ ਮਜ਼ਾਰ ਢਾਹੁਣਾ ਸ਼ੁਰੂ ਕਰ ਦਿਤਾ। ਜਦੋਂ ਰਾਜਾ ਗਿਆ, ਉਸ ਵੇਲੇ ਇਹ ਢੁਆ ਰਿਹਾ ਸੀ। ਰਾਜਾ ਕਹਿੰਦਾ, ਇਹ ਕੀ ਕਰ ਰਹੇ ਹੋ, ਤੁਸੀਂ ਵਜ਼ੀਰ ਸਾਹਿਬ?

ਵਜ਼ੀਰ ਕਹਿਣ ਲੱਗਿਆ, ਰਾਜਨ! ਮੈਂ ਤੁਹਾਨੂੰ ਕਿਸੇ ਵਹਿਮ ਪ੍ਰਸਤੀ 'ਚ ਨਹੀਂ ਲਿਜਾਉਣਾ ਚਾਹੁੰਦਾ। ਮੈਂ ਤਾਂ ਕੇਵਲ ਤੁਹਾਡੇ ਸਵਾਲ ਦਾ ਜਵਾਬ ਦਿਤਾ ਸੀ। ਇਥੇ ਨਾ ਕੋਈ ਪੀਰ ਹੋਇਐ, ਨਾ ਕਿਸੇ ਦਾ ਅਸਥਾਨ ਹੈ। ਇਹ ਤਾਂ ਮੈਂ ਤੁਹਾਡਾ ਜਵਾਬ ਦੇਣ ਵਾਸਤੇ ਇਹਦੀ ਨੀਂਹ ਦੇ ਅੰਦਰ ਇਕ ਪੈਰ ਆਪਣੀ ਜੁੱਤੀ ਦਾ ਰੱਖ ਕੇ, ਇਸ ਪੀਰ ਦਾ ਨਾਂ ਆਪੇ ਹੀ ਜੁੱਤੇ ਸ਼ਾਹ ਰੱਖ ਦਿਤਾ ਸੀ। ਇਹਨਾਂ ਲੋਕਾਂ ਦੀ ਜਿਹੜੀ ਭਾਵਨਾ ਹੈ ਉਹਨਾਂ ਦੀ ਭਾਵਨਾ ਅਨੁਸਾਰ ਇਹਨਾਂ ਦੀਆਂ ਭਾਵਨਾਵਾਂ ਪੂਰੀਆਂ ਹੋਈ ਜਾਂਦੀਆਂ ਸੀ। ਥੋੜ੍ਹਾ ਇੰਤਜ਼ਾਰ ਕਰੋ। ਨੀਂਹ ਪੁੱਟੀ ਤੇ ਵਿਚੋਂ ਬਕਸਾ ਕੱਢ ਕੇ ਲੈ ਗਿਆ। ਕਹਿੰਦਾ, ਮਹਾਰਾਜ! ਆਹ ਤਾਂ ਹੈਗਾ ਮਹਾਰਾਜ ਇਕ ਪੈਰ ਪਿਆ। ਆਹ ਦੂਜਾ ਹੈ। ਕਹਿੰਦਾ, ਮੈਂ ਤਾਂ ਤੁਹਾਡੇ ਸਵਾਲ ਦਾ ਜਵਾਬ ਦਿਤਾ ਹੈ। ਉਹ ਇਹ ਹੈ ਕਿ ਜੇ ਪ੍ਰਤੀਤ ਨਾ ਹੋਵੇ ਤਾਂ ਗੁਰੂ ਕੁਛ ਨਹੀਂ ਕਰ ਸਕਦਾ। ਜੇ ਪ੍ਰਤੀਤ ਹੋਵੇ ਤਾਂ ਸਭ ਕੁਛ ਮਿਲ ਜਾਂਦੈ। ਸੋ ਮਹਾਰਾਜ ਕਹਿੰਦੇ ਨੇ -

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ - ੨੮੩*

ਪ੍ਰਤੀਤ ਦੇ ਵਿਚ ਜੇ ਕੋਈ ਚੀਜ਼ ਰੁਕਾਵਟ ਬਣਦੀ ਹੈ ਤਾਂ ਉਹ ਮਾਣ ਬਣਿਆ ਕਰਦੈ। ਜੇ ਆਦਮੀ ਦੇ ਅੰਦਰ ਮਾਣ ਹੋਵੇ, ਅਭਿਮਾਨ ਹੋਵੇ ਕਿ ਮੈਂ ਵੀ ਕੁਛ ਹੈਗਾ, ਉਹ ਪ੍ਰਤੀਤ ਨਹੀਂ ਬਣਨ ਦਿੰਦਾ। ਨਾਲ ਗੁਰੂ ਦੇ ਇਕ ਜੋਤ ਬਣਨ ਵਿਚ ਬੜੀ ਭਾਰੀ ਰੁਕਾਵਟ ਪੇਸ਼ ਆਉਂਦੀ ਹੈ, ਮਾਣ ਦੀ। ਇਹਦੀਆਂ ਬਹੁਤ ਸਾਰੀਆਂ ਮਿਸਾਲਾਂ ਨੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਾਸ ਇਕ ਬੱਚਾ ਆਇਆ, ਬੱਚਾ ਦੀਵਾਨ ਵਿਚ ਖੇਡਦਾ ਫਿਰਦੈ। ਬੜਾ ਹੀ ਸੋਹਣਾ ਸੁਨੱਖਾ ਬੱਚਾ ਹੈ, ਗੁਰੂ ਮਹਾਰਾਜ ਦਾ ਧਿਆਨ ਚਲਿਆ ਗਿਆ ਤੇ ਬੱਚਾ ਜਿਸ ਵਕਤ ਨੇੜੇ ਆਇਆ, ਉਸ ਵੇਲੇ ਇਸ਼ਾਰਾ ਕਰਕੇ ਕੋਲ ਬੁਲਾ ਲਿਆ।

ਕਹਿੰਦੇ, ਬੇਟਾ! ਤੇਰਾ ਨਾਮ ਕੀ ਹੈ?

ਕਹਿਣ ਲੱਗਿਆ, ਮਹਾਰਾਜ! ਮੇਰਾ ਨਾਮ 'ਜੋਗਾ' ਹੈ।

ਮਹਾਰਾਜ ਨੇ ਸਵਾਲ ਕਰ ਦਿਤਾ ਕਿ ਤੂੰ ਕੀਹਦੇ ਜੋਗਾ ਹੈਂ?

ਬੱਚਾ ਬੜਾ ਹੁਸ਼ਿਆਰ ਸੀ, ਕਹਿਣ ਲੱਗਿਆ, ਮਹਾਰਾਜ! ਮੈਂ ਗੁਰੂ ਜੋਗਾ ਹਾਂ।

ਮਹਾਰਾਜ ਨੇ ਨੇੜੇ ਕਰ ਲਿਆ, ਸੀਸ 'ਤੇ ਹੱਥ ਰੱਖ ਦਿਤਾ, ਕਹਿੰਦੇ, ਲੈ ਜੋਗਿਆ! ਜੇ ਤੂੰ ਗੁਰੂ ਜੋਗਾ ਹੈਂ ਤਾਂ ਗੁਰੂ ਤੇਰੇ ਜੋਗਾ ਹੈ।

ਪੰਜ-ਸੱਤ ਦਿਨ ਦਾ ਦੀਵਾਨ ਸੀ, ਮੇਲਾ ਸੀ ਇਕੱਠਾ ਹੋਇਆ-ਹੋਇਆ, ਸਮਾਪਤੀ ਹੋਈ ਤਾਂ ਮਾਂ-ਬਾਪ ਨੇ ਮਹਾਰਾਜ ਦਾ ਪਿਆਰ ਦੇਖ ਕੇ, ਬੱਚੇ ਨੂੰ ਮਹਾਰਾਜ ਦੀ ਹਜ਼ੂਰੀ 'ਚ ਛੱਡ ਦਿਤਾ। ਉਹ ਵੱਡਾ ਹੋ ਗਿਆ, ਵੱਡਾ ਹੋ ਕੇ ਬਹੁਤ ਜ਼ਬਰਦਸਤ ਜੁਆਨ ਨਿਕਲਿਆ। ਸੋਹਣਾ ਸੁਨੱਖਾ ਨਿਕਲਿਆ। ਜਦੋਂ 18 ਸਾਲ ਦਾ ਹੋ ਗਿਆ ਤਾਂ ਉਸ ਵਕਤ ਮਾਂ-ਬਾਪ ਦੁਬਾਰਾ ਆਏ।

ਕਹਿਣ ਲੱਗੇ, ਮਹਾਰਾਜ! ਬੱਚਾ ਹੁਣ ਪੜ੍ਹ ਗਿਆ, ਲਿਖ ਗਿਆ, ਗੁਰਸਿੱਖੀ ਨੂੰ ਚੰਗੀ ਤਰ੍ਹਾਂ ਸਮਝ ਲਿਆ ਇਸ ਨੇ ਤੇ ਆਪ ਜੇ ਕ੍ਰਿਪਾ ਕਰੋਂ ਤਾਂ ਹੁਣ ਅਸੀਂ ਇਹਦੀ ਸ਼ਾਦੀ ਕਰ ਦੇਈਏ।

ਮਹਾਰਾਜ ਕਹਿਣ ਲੱਗੇ, ਜੋਗਾ ਸਿੰਘ ਨੂੰ ਬੁਲਾਓ।

ਕਹਿਣ ਲੱਗੇ, ਜੋਗਾ ਸਿੰਘਾ! ਤੇਰੇ ਮਾਂ-ਬਾਪ ਇਹ ਗੱਲ ਕਹਿੰਦੇ ਨੇ, ਤੇਰੀ ਕੀ ਰਜ਼ਾ ਹੈ? ਕੀ ਚਾਹੁੰਦਾ ਹੈਂ ਤੂੰ?

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਤਾਂ ਆਪ ਦਾ ਅਨੁਸਾਰੀ ਹਾਂ, ਮਾਂ-ਬਾਪ ਦਾ ਅਨੁਸਾਰੀ ਨਹੀਂ ਹਾਂ। ਕਿਉਂਕਿ ਮੈਂ ਸਾਰੇ ਸਾਕ ਛੱਡ ਦਿਤੇ ਨੇ ਤੇ ਮੈਂ ਤਾਂ ਕੇਵਲ ਆਪ ਦੇ ਸਨਮੁੱਖ ਰਹਿੰਦਾ ਹਾਂ ਤੇ ਤੁਹਾਡੇ ਹੀ ਆਸਰੇ ਦੇ ਉਤੇ ਮੈਂ ਆਪਣਾ ਜੀਵਨ ਬਤੀਤ ਕਰ ਰਿਹਾ ਹਾਂ। ਮੈਂ ਹੋਰ ਕਿਸੇ ਦਾ ਕਿਹਾ ਨਹੀਂ ਮੰਨਣਾ, ਜੋ ਆਪ ਦੀ ਮਰਜ਼ੀ ਹੋਵੇ ਉਸ ਦੇ ਮੁਤਾਬਿਕ ਮੈਂ ਚੱਲਾਂਗਾ ਕਿਉਂਕਿ ਸਨਮੁੱਖ ਸਿੱਖ

ਜਿਹੜਾ ਹੈ ਉਹਦੀ ਨਿਸ਼ਾਨੀ ਮਹਾਰਾਜ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤੀ ਹੈ –

*ਧਾਰਨਾ – ਸਦਾ ਆਸਰੇ ਗੁਰਾਂ ਦੇ ਰਹਿੰਦਾ,*
*ਸਿੱਖ ਉਹ ਪਿਆਰਾ ਗੁਰਾਂ ਦਾ।*
*ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥*
*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥*
*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਏ ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥*
*ਅੰਗ- ੯੧੯*

ਜਿਹੜਾ ਗੁਰਾਂ ਦਾ ਪਿਆਰਾ ਸਨਮੁੱਖ ਸਿੱਖ ਕਹਾਉਂਦਾ ਹੈ, ਉਹ ਸਦਾ ਹੀ ਗੁਰੂ ਦੇ ਆਸਰੇ ਰਹਿੰਦਾ ਹੈ। ਆਪਣਾ ਤਾਣ ਨਹੀਂ ਕਿਤੇ ਵੀ ਦਿਖਾਇਆ ਕਰਦਾ। ਸਾਰੀ ਦੁਨੀਆਂ ਪ੍ਰਸੰਸਾ ਕਰੀ ਜਾਵੇ। ਉਹਦੇ ਮਨ 'ਚ ਨਹੀਂ ਆਉਂਦਾ, ਉਹ ਕਹਿੰਦੈ ਕਿ ਇਹ ਤਾਂ ਗੁਰੂ ਸਾਹਿਬ ਦੀ ਵਡਿਆਈ ਹੈ, ਮੇਰਾ ਤਾਂ ਨਾਉਂ ਹੀ ਨਹੀਂ ਕੋਈ ਜਾਣਦਾ –

*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ ॥ ਅੰਗ – ੩੮੩*

ਕਿਉਂਕਿ ਆਸਰੇ ਚਲਦਾ ਹੈ, ਗੁਰੂ ਦੇ। ਦੂਸਰਾ ਗੁਰੂ ਦੇ ਚਰਨ ਹਰ ਵਕਤ ਹਿਰਦੇ 'ਚ ਧਿਆਉਂਦਾ ਰਹਿੰਦੈ ਤੇ ਅੰਦਰ ਸੰਭਾਲਦੈ ਉਸ ਨੂੰ। ਆਪਣਾ ਆਪ ਛੱਡ ਦਿੰਦੈ। ਜਿਹਨੂੰ ਮਾਣ ਕਹਿੰਦੇ ਨੇ, ਮਾਣ ਛੱਡ ਕੇ –

*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਏ ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥*
*ਅੰਗ – ੯੨੦*

ਸੋ ਇਹ ਸਨਮੁਖ ਸਿੱਖ ਜਿਹੜਾ ਹੁੰਦੈ ਇਹ ਹਰ ਵਕਤ ਗੁਰੂ ਦੀ ਆਗਿਆ ਵਿਚ ਰਹਿੰਦੈ। ਆਪਣੇ ਮਨ ਦੀ ਮੱਤ ਨਹੀਂ ਉਹਦੇ ਕੋਲ ਹੁੰਦੀ ਕਿਉਂਕਿ ਪਹਿਲਾਂ ਹੀ ਉਸ ਨੇ ਗੁਰੂ ਦੇ ਨਾਲ ਸੰਧੀ ਪਾਈ ਹੁੰਦੀ ਹੈ। ਜਿਹੜਾ ਮਨ ਹੈ ਇਹਨੂੰ ਜੇ ਤਾਂ ਆਪਣਾ ਬਣਾ ਲਓ ਫੇਰ ਤਾਂ ਇਹ ਗੁਰੂ ਨਾਲ ਨਹੀਂ ਜੁੜਿਆ ਕਰਦਾ ਕਦੇ ਵੀ ਕਿਉਂਕਿ ਮਨ ਦੇ ਵਿਚ ਬੜੇ ਮਹਿਕਮੇ ਨੇ। ਬੜੀਆਂ ਚੀਜ਼ਾਂ ਨੇ, ਬੜੇ ਵਿਕਾਰ ਰਹਿੰਦੇ ਨੇ। ਜੀਵ ਦੀ ਤਾਕਤ ਨਹੀਂ ਕਿ ਇਹ ਮਨ ਨੂੰ ਕਾਬੂ ਕਰ ਸਕੇ, ਮਨ ਦੇ ਵਿਕਾਰਾਂ ਦੇ ਉਤੇ ਕਾਬੂ ਪਾ ਸਕੇ। ਇਹ ਤਾਂ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਮਨ ਨੂੰ ਜਿਹੜੀ ਚੀਜ਼ ਧੋਖਾ ਦੇਣ ਵਾਲੀ ਹੈ ਇਹਨੂੰ ਜੇ ਗੁਰੂ ਦੇ ਚਰਨਾਂ ਵਿਚ ਅਰਪਣ ਕਰ ਦੇਵੇ। ਉਹਦੇ ਬਾਰੇ ਐਸਾ ਫੁਰਮਾਨ ਹੈ, ਮਹਾਰਾਜ ਦਾ –

*ਧਾਰਨਾ – ਮਨ ਵੇਚ ਦੇ ਗੁਰਾਂ ਨੂੰ ਆਪਣਾ,*
*ਕਾਰਜ ਤੇਰੇ ਰਾਸ ਹੋਣਗੇ।*
*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ਅੰਗ – ੨੮੬*

ਗੁਰੂ ਦੀ ਮੱਤ ਲੈਣ ਵਾਸਤੇ ਮਨ ਨੂੰ ਵੇਚਣਾ ਪੈਂਦੈ। ਮਨ ਕਿਉਂਕਿ ਬੜਾ ਭਾਰਾ ਅੜਿੱਕਾ ਹੈ, ਜਿੰਨਾਂ ਚਿਰ ਮਨ ਜਿਉਂਦਾ ਹੈ, ਓਨੀਂ ਦੇਰ ਤਕ ਗੁਰੂ ਦੇ ਨਾਲ ਸੰਧੀ ਨਹੀਂ ਪਿਆ ਕਰਦੀ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ – ੩੪੨*

ਰਾਜਾ ਜਨਕ ਜਿਸ ਵਕਤ ਇਕ ਸੁਪਨੇ ਦੇ ਵਿਚ ਪਰੇਸ਼ਾਨ ਹੈ। ਉਸ ਵੇਲੇ ਉਹਦਾ ਜਵਾਬ ਦੇਣ ਵਾਸਤੇ ਇਕ ਛੋਟਾ ਜਿਹਾ ਬੱਚਾ, ਜਿਹਦੇ ਸਰੀਰ ਵਿਚ ਅੱਠ ਵਲ ਪੈਂਦੇ ਸੀ, ਉਹ ਆਇਆ। ਉਹਨੇ ਆ ਕੇ ਰਾਜੇ ਜਨਕ ਨੂੰ ਪੁੱਛਿਆ, ਰਾਜਨ! ਅੱਠ ਸਾਲ ਤੋਂ ਤੂੰ ਸਾਧੂ, ਮਹਾਤਮਾ, ਵਿਦਵਾਨ, ਪੰਡਤ, ਆਪਣੇ ਮਹਿਲਾਂ ਦੇ ਅੰਦਰ, ਰਾਜਧਾਨੀ 'ਚ ਘੇਰ ਕੇ ਰੱਖੇ ਹੋਏ ਨੇ। ਐਸਾ ਕਿਹੜਾ ਸਵਾਲ ਹੈ ਜਿਹਦਾ ਜਵਾਬ ਨਾ ਦੇ ਸਕਣ? ਆਪ ਸਵਾਲ ਕਰੋ, ਮੈਂ ਉਸ ਦਾ ਉੱਤਰ ਦੇਵਾਂਗਾ।

ਕਹਿਣ ਲੱਗੇ, ਮੁਨੀਰਾਜ! ਮੇਰਾ ਸਵਾਲ ਹੈ, ਇਹ ਸੱਚਾ ਕਿ ਉਹ ਸੱਚਾ?

ਜਵਾਬ ਦਿਤਾ ਕਿ ਇਹ ਵੀ ਝੂਠਾ ਤੇ ਉਹ ਵੀ ਝੂਠਾ। ਦੋਵੇਂ ਝੂਠੇ।

ਗੱਲ ਕਿਸੇ ਦੀ ਸਮਝ ਵਿਚ ਨਾ ਪਈ। ਰਾਜਾ ਜਨਕ ਵੀ ਹੈਰਾਨ ਹੋ ਗਿਆ। ਹੈਰਾਨੀ ਦੇਖ ਕੇ ਬੱਚਾ ਕਹਿਣ ਲੱਗਿਆ, ਰਾਜਨ! ਜੇ ਤੂੰ ਸਵਾਲ ਖੋਲ੍ਹ ਕੇ

ਕਰੇਂ ਤਾਂ ਮੈਂ ਖੋਲ੍ਹ ਕੇ ਜਵਾਬ ਦੇ ਦੇਵਾਂਗਾ। ਤੂੰ ਗੋਲ-ਮੋਲ ਸਵਾਲ ਕਰਿਆ ਹੈ, ਮੈਂ ਵੀ ਤੇਰੇ ਸਵਾਲ ਦਾ ਗੋਲ-ਮੋਲ ਜਵਾਬ ਦੇ ਦਿਤਾ। ਅਨੁਭਵੀ ਸੀ, ਸਾਰੀ ਗੱਲ ਜਾਣਦਾ ਸੀ। ਉਸ ਵੇਲੇ ਕਹਿਣ ਲੱਗਿਆ, ਦੇਖ! ਆਹ ਸਭਾ ਦੇ ਵਿਚ ਤੂੰ ਪ੍ਰਗਟ ਕਰਕੇ ਗੱਲ ਨਹੀਂ ਕਹਿ ਰਿਹਾ ਕਿਉਂਕਿ ਤੂੰ ਇਸ ਗੱਲ ਦੀ ਬਹੁਤ ਸ਼ਰਮ ਮੰਨ ਰਿਹੈਂ। ਉਹ ਇਹ ਸੀ ਕਿ ਤੈਨੂੰ ਇਕ ਸੁਪਨਾ ਆਇਆ ਹੈ, ਤਖ਼ਤ 'ਤੇ ਤੂੰ ਬੈਠਾ ਸੀ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥* *ਅੰਗ- ੬੫੭*

ਤੇਰਾ ਰਾਜ-ਭਾਗ ਖੋਹ ਲਿਆ। ਫੌਜਾਂ ਨੇ ਜਵਾਬ ਦੇ ਦਿਤਾ। ਲੋਕ ਵੈਰੀ ਹੋ ਗਏ। ਇੱਟਾਂ ਵੱਟੇ ਮਾਰਦੇ ਨੇ, ਤੈਨੂੰ ਕੋਈ ਚੀਜ਼ ਖਾਣ ਨੂੰ ਨਹੀਂ ਸੀ ਦਿਤੀ ਤੇ ਤਿੰਨ ਦਿਨ, ਤਿੰਨ ਰਾਤਾਂ ਤੂੰ ਜੰਗਲਾਂ 'ਚ ਰਹਿ ਕੇ ਇਸ ਰਾਜ ਦੀ ਹੱਦ ਤੋਂ ਪਾਰ ਹੋਇਆ। ਤੇਰੇ ਥਾਂ-ਥਾਂ 'ਤੇ ਜ਼ਖਮ ਹੋਏ ਸੀ, ਇਕ ਦਰਖ਼ਤ ਦੇ ਮੁੱਢ ਦੇ ਉਤੇ ਜਾ ਕੇ ਬਹਿ ਗਿਆ ਤੂੰ, ਦੂਸਰੇ ਰਾਜੇ ਦੇ ਰਾਜ ਵਿਚ। ਉਥੇ ਤੂੰ ਬਹੁਤ ਜ਼ਿਆਦਾ ਪਰੇਸ਼ਾਨ ਹੋਇਆ-ਹੋਇਆ, ਇਕ ਪ੍ਰੇਮੀ ਨੂੰ ਪੁੱਛਦੈ ਕਿ ਮੈਨੂੰ ਭੁੱਖ ਲੱਗੀ ਹੋਈ ਹੈ, ਤਿੰਨ ਦਿਨ ਹੋ ਗਏ ਮੈਨੂੰ ਖਾਧੇ ਨੂੰ ਤੇ ਮੇਰਾ ਬਹੁਤ ਬੁਰਾ ਹਾਲ ਹੋ ਗਿਆ, ਮੈਂ ਰਾਜਾ ਜਨਕ ਹਾਂ। ਉਸ ਨੇ ਸਧਾਰਣ ਤੌਰ 'ਤੇ ਤੇਰੀ ਗੱਲ ਸੁਣ ਕੇ, ਇਹ ਗੱਲ ਕਹੀ ਕਿ ਸਾਮ੍ਹਣੇ ਸ਼ੇਤਰ ਚਲਦੈ, ਉਥੇ ਪ੍ਰਸ਼ਾਦਾ ਮਿਲਦੈ, ਲੰਗਰ ਚਲਦੈ, ਹਰ ਵਕਤ। ਤੂੰ ਵੀ ਲੈ-ਲੈ ਜਾ ਕੇ, ਕਿਤੇ ਬੰਦ ਨਾ ਹੋ ਜਾਏ। ਜਲਦੀ ਜਾਹ।

ਲਾਈਨ 'ਚ ਖੜ੍ਹਾ ਹੋ ਗਿਆ, ਜਦੋਂ ਤੇਰੀ ਵਾਰੀ ਆਈ, ਤੂੰ ਉਹਨਾਂ ਤੋਂ ਮੰਗਿਆ ਕੁਛ ਖਾਣ ਨੂੰ, ਤੇਰੇ ਕੋਲ ਕੁਛ ਨਹੀਂ ਸੀ ਭਾਂਡਾ ਵਗੈਰਾ। ਉਹ ਕਹਿਣ ਲੱਗੇ ਕਿ ਜਿਹੜੀ ਚੀਜ਼ ਅਸੀਂ ਤੈਨੂੰ ਦੇਣੀ ਹੈ, ਖਿੱਚੜੀ ਬਣੀ ਹੋਈ ਹੈ, ਗਰਮ ਬਹੁਤ ਹੈ। ਪਾਉਣ ਨੂੰ ਕੋਈ ਬਰਤਨ ਲੈ ਕੇ ਆ। ਪੈਸਾ ਤੇਰੇ ਕੋਲ ਕੋਈ ਨਹੀਂ ਸੀ, ਤੂੰ ਮੰਗਣਾ ਸ਼ੁਰੂ ਕਰ ਦਿਤਾ। ਭਿਖਾਰੀ ਬਣ ਗਿਆ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥* *ਅੰਗ- ੬੫੭*

ਹੱਥ ਅੱਡ-ਅੱਡ ਕੇ ਮੰਗਦਾ ਹੈਂ, ਕੋਈ ਦਿੰਦਾ ਹੈ ਕੋਈ ਨਹੀਂ ਦਿੰਦਾ, ਕੋਈ ਤੈਨੂੰ ਡਾਂਟਾਂ ਵੀ ਪਾਉਂਦੈ। ਉਸ ਤੋਂ ਬਾਅਦ ਫਿਰਦੇ-ਫਿਰਦੇ ਕਾਫੀ ਸਮਾਂ ਲੰਘ ਗਿਆ ਤੇ ਤੈਨੂੰ ਸਿਰਫ 19 ਕੌਡੀਆਂ ਭੀਖ ਮਿਲੀ। ਉਹ ਤੂੰ ਜਾ ਕੇ ਘੁਮਿਆਰ ਨੂੰ ਦਿਤੀਆਂ ਤੇ ਉਸ ਨੇ ਇਕ ਕਸੋਰਾ ਤੈਨੂੰ 19 ਕੌਡੀਆਂ ਦੇ ਬਦਲੇ ਦੇ ਦਿਤਾ। ਉਹ ਲੈ ਕੇ ਜਦੋਂ ਤੂੰ ਲਾਈਨ ਵਿਚ ਖੜ੍ਹਾ ਹੋਇਆ। ਉਸ ਵੇਲੇ ਨੂੰ ਖਿੱਚੜੀ ਮੁੱਕ ਚੁਕੀ ਸੀ ਤੇ ਉਹਨਾਂ ਨੇ ਹੇਠਾਂ ਤੋਂ ਖੁਰਚ ਕੇ, ਜਿਹੜੀ ਜਲੀ ਹੋਈ ਸੀ, ਉਹ ਪਾ ਦਿਤੀ ਕਿਉਂਕਿ ਤੂੰ ਬਹੁਤ ਤਰਲੇ ਲਏ ਕਿ ਕੁਛ ਵੀ ਦੇ ਦਿਓ, ਮੇਰੇ ਪੇਟ ਵਿਚ ਜਾਣਾ ਚਾਹੀਦਾ ਹੈ ਤੇ ਨਾਲ ਉਹਨਾਂ ਨੇ ਕਹਿ ਦਿਤਾ ਕਿ ਉਥੋਂ ਦੋ ਚਮਚ ਘਿਉ ਦੇ ਪੁਆ ਲੈ, ਇਕੱਲੀ ਨਹੀਂ ਲੰਘਣੀ ਹੈ। ਉਹ ਲੈਣ ਵਾਸਤੇ ਜਾਂਦਾ ਹੈਂ ਤਾਂ ਇਕ ਚਮਚ ਧਰਤੀ 'ਤੇ ਹੀ ਗਿਰ ਗਿਆ। ਦੂਸਰੇ ਲਈ ਤੈਨੂੰ ਡਾਂਟ ਪਈ ਜ਼ਬਰਦਸਤ ਫੇਰ ਤੈਨੂੰ ਮਿਲਿਆ। ਜਦੋਂ ਤੂੰ ਖਾਣ ਲੱਗਿਆ, ਜਿੱਥੇ ਵੀ ਬੈਠੇਂ, ਤੈਨੂੰ ਕਹਿ ਦੇਣ, ਅੱਗੇ ਹੋ ਜਾ, ਅੱਗੇ ਚਲਿਆ ਜਾਹ ਕਿਉਂਕਿ ਤੂੰ ਬਹੁਤ ਕਰੂਪ ਹੋਇਆ-ਹੋਇਆ ਸੀ। ਵਾਲ ਤੇਰੇ ਖਿੰਡੇ ਪਏ ਸੀ, ਰੂਪੋਂ ਕਰੂਪ ਹੋਇਆ ਪਿਆ ਸੀ, ਪਰੇਸ਼ਾਨ ਸੀ। ਮੈਲਾ ਸਰੀਰ ਹੋਇਆ ਪਿਆ ਸੀ। ਜਦੋਂ ਤੂੰ ਪਰ੍ਹੇ ਚਲਿਆ ਗਿਆ। ਉਥੇ ਜਾ ਕੇ ਜਦੋਂ ਮੂੰਹ 'ਚ ਪਾਉਣ ਲੱਗਿਆ, ਇਕ ਗ੍ਰਾਹੀ ਭਰ ਕੇ, ਦੋ ਸਾਂਢ ਭਿੜਦੇ-ਭਿੜਦੇ ਆ ਗਏ, ਉਹਨਾਂ ਦੀ ਫੇਟ ਵਿਚ ਆ ਗਿਆ ਤੂੰ ਥੱਲੇ ਗਿਰ ਗਿਆ। ਉਹ ਕਸੋਰਾ ਟੁੱਟ ਗਿਆ ਤੇ ਤੈਨੂੰ ਜਾਗ ਆ ਗਈ। ਇਹ ਸੁਪਨਾ ਥੋੜ੍ਹੇ ਜਿਹੇ ਸਕਿੰਟਾਂ ਦਾ ਸੀ, ਲੇਕਿਨ ਐਨਾ ਗਹਿਰਾ ਚਲਿਆ ਗਿਆ, ਤੇ ਜਾਗ ਆਉਣ ਤੋਂ ਬਾਅਦ ਤੈਨੂੰ ਇਹ ਨਾ ਪਤਾ ਲੱਗੇ ਕਿ ਆਹ ਸੁਪਨਾ ਹੈ ਕਿ ਉਹ ਸੁਪਨਾ ਸੀ ਤੇ ਉਹਦਾ ਅਧਿਆਸ ਪੱਕ ਗਿਆ। ਤੂੰ ਨਿਰਣਾ ਨਾ ਕਰ ਸਕਿਆ।

ਦਿਮਾਗ ਦੀ ਸਥਿਤੀ ਹੁੰਦੀ ਹੈ, ਸਾਧਸੰਗਤ ਜੀ! ਅਸੀਂ ਕਹਿ ਦੇਈਏ ਕਿ ਸਾਨੂੰ ਤਾਂ ਪਤਾ ਲਗ ਜਾਂਦਾ ਹੈ ਸੁਪਨੇ ਦਾ, ਇਹ ਬਿਲਕੁਲ ਗਲਤ ਹੈ। ਜੇ ਦਿਮਾਗ ਚੱਕਰ ਖਾ ਜਾਵੇ ਕਿਸੇ ਦਾ, ਰੋਜ਼ ਹੀ ਦੇਖਦੇ ਹੋ, ਕਿਤੇ ਨਾ ਕਿਤੇ ਬੰਦੇ ਮਿਲਦੇ ਨੇ, ਉਹ ਪਹਿਲਾਂ ਚੰਗੇ ਭਲੇ ਹੁੰਦੇ ਨੇ। ਜਦੋਂ ਦਿਮਾਗ 'ਚ ਨੁਕਸ ਪੈ ਜਾਂਦੈ, ਓਹੀ ਬੰਦੇ ਇਹੋ ਜਿਹੀਆਂ ਹਰਕਤਾਂ ਕਰਨ ਲਗ ਜਾਂਦੇ ਨੇ, ਜਿਹੜੀਆਂ ਹੈਰਾਨ ਕਰ ਦਿੰਦੀਆਂ ਨੇ। ਕਿਉਂਕਿ ਮਨ ਵਿਚ ਐਸੀ ਬਾਤ ਆ ਜਾਂਦੀ ਹੈ, ਉਹਦਾ ਅਧਿਆਸ ਬਣ ਜਾਂਦੈ। ਅਧਿਆਸ ਬਣਨਾ ਹੀ ਦਿਮਾਗ ਦਾ ਹਿਲਣਾ ਕਹਿੰਦੇ ਨੇ। ਇਸੇ ਤਰ੍ਹਾਂ ਤੈਨੂੰ ਅਧਿਆਸ ਬਣ ਗਿਆ ਕਿ ਜਿਹੜਾ ਹੁਣ ਲੋਕਾਂ ਨੂੰ ਮਿਲਦਾ

ਹਾਂ, ਇਹ ਸੱਚਾ ਹੈ ਜਾਂ ਜਿਹੜਾ ਮੈਂ ਦੇਖਿਆ ਹੈ, ਉਹ ਸੱਚਾ ਹੈ? ਤੂੰ ਬਾਰ-ਬਾਰ ਜਾਂਦਾ ਹੈਂ ਦੇਖਣ ਵਾਸਤੇ ਕਿ ਆਹ ਰਸਤੇ ਮੈਂ ਗਿਆ ਸੀ। ਉਹ ਕੁਦਰਤ ਐਸੀ ਸੀ ਕਿ ਤੈਨੂੰ ਸਾਰਾ ਰਸਤਾ ਓਹੀ ਨਜ਼ਰ ਆਉਂਦਾ ਸੀ। ਇੱਟਾਂ ਵੱਟੇ ਪਏ ਵੀ ਤੈਨੂੰ ਨਜ਼ਰ ਆਉਂਦੇ ਸੀ। ਜਦੋਂ ਤੂੰ ਉਸ ਮੁੱਢ 'ਤੇ ਜਾ ਕੇ ਬਹਿੰਦਾ ਸੀ, ਉਥੇ ਖੂਨ ਲੱਗਿਆ ਹੋਇਆ ਵੀ ਨਜ਼ਰ ਆਉਂਦਾ ਸੀ। ਉਸ ਤੋਂ ਅੱਗੇ ਸ਼ੇਤਰ ਵੀ ਦੇਖਦਾ ਸੀ, ਉਵੇਂ ਜਿਵੇਂ ਸ਼ੇਤਰ ਚਲਦਾ ਸੀ। ਹੁਣ ਇਹਦਾ ਨਿਰਣਾ ਨਹੀਂ ਸੀ ਤੂੰ ਕਰ ਸਕਿਆ ਤੇ ਅੱਠ ਸਾਲ ਬੀਤ ਗਏ ਤੈਨੂੰ। ਅੱਠ ਸਾਲ ਬੀਤਣ ਤੋਂ ਬਾਅਦ, ਕਿਉਂਕਿ ਤੂੰ ਸੇਵਾ ਕਰੀ ਹੈ ਸਾਧੂ, ਮਹਾਂਪੁਰਸ਼ਾਂ ਦੀ। ਉਹਦਾ ਫਲ ਇਹ ਹੈ ਕਿ ਤੇਰਾ ਸੰਕਟ ਕੱਟਿਆ ਗਿਆ, ਹੁਣ ਅਸੀਂ ਇਹ ਕਹਿੰਦੇ ਹਾਂ ਕਿ ਇਹ ਜਿਹੜਾ ਤੂੰ ਪ੍ਰਤੱਖ ਦੇਖਦਾ ਹੈਂ ਇਹ ਵੀ ਸੁਪਨਾ ਹੈ, ਜਿਹੜਾ ਤੈਨੂੰ ਨੀਂਦ ਆਉਣ 'ਤੇ ਆਇਆ, ਉਹ ਵੀ ਸੁਪਨਾ ਹੈ। ਉਹਦੀ duration ਜਿਹੜੀ ਸੀ ਉਹ ਛੋਟੀ ਹੈ। ਇਹ ਸੁਪਨਾ, 'ਸਾਲਾਂ' ਦਾ ਹੈ, ਕਿਸੇ ਦਾ 70 ਸਾਲ ਦਾ ਹੈ, ਕਿਸੇ ਦਾ 80 ਸਾਲ ਦਾ ਹੈ। ਹੈ ਸੁਪਨਾ ਹੀ। ਜਦੋਂ ਸੰਸਾਰ ਤੋਂ ਚਲੇ ਜਾਣਾ ਹੈ, ਨਾ ਇਹਨਾਂ ਕੋਠੀਆਂ ਨਾਲ ਕੋਈ ਵਾਸਤਾ, ਨਾ ਇਹਨਾਂ ਲੋਕਾਂ ਨਾਲ, ਨਾ ਇਹਨਾਂ ਰਾਜਾਂ ਨਾਲ। ਨਾ ਪਦਵੀਆਂ ਨਾਲ, ਕਿਸੇ ਨਾਲ ਵਾਸਤਾ ਨਹੀਂ ਰਹਿੰਦਾ। ਉਹ ਜਾਗ ਆ ਜਾਂਦੀ ਹੈ ਹੋਰ ਕਿਸਮ ਦੀ, ਫੇਰ ਕਹਿੰਦਾ ਹੈ ਆਹ ਕੀ ਹੋਇਆ ਸੀ, ਮੈਂ ਇਹ ਕੀ ਗੱਲਾਂ ਕਰ ਲਈਆਂ, ਸੁਪਨੇ ਦੇ ਵਿਚ ਐਨੀਆਂ ਗੱਲਾਂ, ਐਨਾ ਕੂੜ ਕਪਟ ਕੀਤਾ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ਅੰਗ - ੬੫੬*

ਸੋ ਉਸ ਵੇਲੇ ਸੁਪਨਾ ਪ੍ਰਤੀਤ ਦਿੰਦੈ। ਇਹਦੇ ਵਿਚ ਦੁਬਾਰਾ ਦਾਖਲਾ ਨਹੀਂ ਤੇਰਾ ਹੁੰਦਾ। ਜ਼ੋਰ ਲਾ ਲੈ ਜਿੰਨਾਂ ਤੇਰਾ ਲਗਦਾ ਹੈ। ਦੁਬਾਰਾ ਨਹੀਂ ਆਏਂਗਾ, ਨਾ ਸੁਪਨੇ 'ਚ ਹੁੰਦੀ ਹੈ। ਜਿਹੜਾ ਇਕ ਵਾਰ ਸੁਪਨਾ ਦੇਖ ਲਿਆ, ਜਿਹੜਾ ਇਕ ਵਾਰੀ ਥਾਂ ਦੇਖ ਲਿਆ, ਇਕ ਵਾਰੀ ਜਿਹੜੇ ਲੋਕ ਦੇਖ ਲਏ, ਜਿਹੜੇ ਦੁਖ ਦੇਖ ਲਏ, ਦੁਬਾਰਾ ਦਾਖਲੇ ਲਈ ਆਪਾਂ ਅੱਖਾਂ ਮੀਚ-ਮੀਚ ਕੇ ਸੌਂ ਜਾਈਏ, ਬਿਲਕੁਲ ਨਹੀਂ ਹੁੰਦਾ ਦਾਖਲਾ। ਇਸੇ ਤਰ੍ਹਾਂ ਦੇ ਨਾਲ ਆਪਾਂ ਜਿਹੜਾ ਆਹ ਸੁਪਨਾ ਬਤੀਤ ਕਰ ਰਹੇ ਹਾਂ ਇਹਦੇ ਵਿਚ ਵੀ ਦੁਬਾਰਾ ਸਾਡਾ ਦਾਖਲਾ ਨਹੀਂ ਹੁੰਦਾ। ਗਏ ਸੋ ਗਏ, ਜਾਂ ਇਸ ਤਰ੍ਹਾਂ ਕਹਿ ਲਓ ਕਿ ਸਾਨੂੰ ਕੋਈ ਜਾਗ ਆ ਗਈ। ਇਹ ਖਤਮ ਹੋ ਗਈ, ਉਹ ਸ਼ੁਰੂ ਹੋ ਗਈ। ਇਹ ਕਿਉਂਕਿ ਬਹੁਤਾ ਪੱਕਾ ਹੈ, ਇਹਦਾ ਅਧਿਆਸ ਜ਼ਿਆਦਾ ਹੋਣ ਕਰਕੇ ਇਹਨੂੰ ਅਸੀਂ ਜੀਵਨ ਕਹਿੰਦੇ ਹਾਂ, ਉਹਨੂੰ ਅਸੀਂ ਰਾਤ ਦਾ ਸੁਪਨਾ ਕਹਿੰਦੇ ਹਾਂ। ਮਹਾਰਾਜ ਕਹਿੰਦੇ ਨੇ ਕਿ -

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ- ੮੦੮*

ਇਹ ਦੋਵੇਂ ਬਿਲਕੁਲ ਬਰਾਬਰ ਨੇ। ਜਿਹੜਾ ਸੁਪਨਾ ਹੁੰਦਾ ਹੈ ਉਹ ਕਦੇ ਸੱਚਾ ਨਹੀਂ ਹੁੰਦਾ, ਉਹ ਹਮੇਸ਼ਾ ਝੂਠਾ ਹੁੰਦਾ ਹੈ। ਇਸ ਕਰਕੇ ਰਾਜਨ ਅਸੀਂ ਤੈਨੂੰ ਇਹ ਕਹਿੰਦੇ ਹਾਂ ਕਿ ਇਹ ਵੀ ਝੂਠਾ, ਉਹ ਵੀ ਝੂਠਾ।

ਉਸ ਵੇਲੇ ਨਿਰਣਾ ਹੋ ਗਿਆ ਕਿ ਠੀਕ ਹੈ।

ਅਸ਼ਟਾਵਕਰ ਕਹਿਣ ਲੱਗਿਆ ਕਿ ਰਾਜਾ ਜਨਕ! ਇਹ ਤਕਲੀਫ ਤੈਨੂੰ ਤਾਂ ਹੋਈ ਹੈ ਕਿਉਂਕਿ ਤੂੰ ਨਿਗੁਰਾ ਸੀ, ਜੇ ਤੇਰਾ ਗੁਰੂ ਹੁੰਦਾ ਉਸ ਨੇ ਉਸੇ ਵੇਲੇ ਨਿਰਣਾ ਕਰ ਦੇਣਾ ਸੀ, ਤੈਨੂੰ ਐਨੀ ਤਕਲੀਫ ਨਹੀਂ ਸੀ ਹੋਣੀ।

ਉਸ ਵੇਲੇ ਰਾਜੇ ਨੇ ਮਨ ਵਿਚ ਫੈਸਲਾ ਕਰਿਆ ਕਿ ਐਨੇ ਮਹਾਂ ਧੁਰੰਦਰ ਵਿਦਵਾਨ ਇਥੇ ਇਕੱਠੇ ਹੋਏ-ਹੋਏ ਨੇ, ਕਿਉਂ ਨਾ ਮੈਂ ਹੁਣੇ ਗੁਰੂ ਧਾਰਨ ਕਰ ਲਵਾਂ। ਉਸੇ ਵੇਲੇ ਸਭਾ 'ਚ ਐਲਾਨ ਕਰ ਦਿਤਾ ਕਿ ਮੈਂ ਕੱਲ੍ਹ ਨੂੰ ਗੁਰੂ ਧਾਰਨ ਕਰਨੈ, ਤੁਹਾਡੇ ਸਾਰਿਆਂ 'ਚੋਂ। ਤੁਸੀਂ ਸਾਰੇ ਹੀ ਵੱਡੇ ਹੋਂ ਮੈਂ ਕਿਸੇ ਨੂੰ ਛੋਟਾ ਨਹੀਂ ਕਹਿੰਦਾ। ਸਾਰੇ ਹੀ ਆਦਰਯੋਗ ਹੋਂ, ਸਭ ਦਾ ਮੈਂ ਆਦਰ ਕਰਦਾ ਹਾਂ। ਪਰ ਕਿਉਂਕਿ ਮੈਂ ਗੁਰੂ ਧਾਰਨ ਕਰਨੈ। ਗੁਰੂ ਓਨੀਂ ਦੇਰ ਤਕ ਨਹੀਂ ਹੁੰਦਾ ਜਿੰਨੀ ਦੇਰ ਤਕ ਨਿਸ਼ਚਾ ਨਾ ਆਵੇ। ਨਿਸ਼ਚੇ ਵਾਸਤੇ ਮੈਂ ਇਹ ਕਲਪਨਾ ਕਰਦਾ ਹਾਂ ਕਿ ਜਿਹੜਾ ਮੈਨੂੰ ਘੋੜੇ 'ਤੇ ਇਕ ਪੈਰ ਰਕਾਬ 'ਚ ਪਾਉਣ ਤੋਂ ਬਾਅਦ, ਦੂਜਾ ਪੈਰ ਚੁੱਕ ਕੇ ਘੋੜੇ ਦੇ ਉਪਰ ਦੀ ਲੰਘਾ ਕੇ ਦੂਜੀ ਰਕਾਬ 'ਚ ਪਾਉਣ ਦਾ ਜੋ ਸਮਾਂ ਹੈ, ਚਾਹੇ ਉਹ ਦੋ ਸਕਿੰਟ ਹੈ, ਚਾਹੇ ਪੰਜ ਸਕਿੰਟ, ਉਹਦੇ ਅੰਦਰ-ਅੰਦਰ ਜਿਹੜਾ ਮੈਨੂੰ ਗਿਆਨ ਕਰਾ ਦੇਵੇ, ਉਹਨੂੰ ਮੈਂ ਗੁਰੂ ਧਾਰਨ ਕਰਨੈ।

ਹੁਣ ਸਾਰੇ ਹੀ ਚੁੱਪ ਹੋ ਗਏ। ਕੋਈ ਗੱਲ ਨਹੀਂ

ਕਰ ਰਿਹਾ। ਅਪੀਲ ਫੇਰ ਕਰੀ, ਕਹਿਣ ਲੱਗਿਆ, ਐਡੇ-ਐਡੇ ਮਹਾਂਪੁਰਸ਼ ਤੁਸੀਂ ਬੈਠੇ ਹੋਂ, ਕੀ ਭਾਰਤ ਵਰਸ਼ ਵਿਚੋਂ ਤ੍ਰਿਕਾਲ-ਦਰਸ਼ੀ ਮਹਾਂਪੁਰਸ਼ਾਂ, ਸਮਰੱਥ ਮਹਾਂਪੁਰਸ਼ਾਂ ਦਾ ਖਾਤਮਾ ਹੋ ਗਿਆ ਕਿ ਕੋਈ ਨਹੀਂ ਬੋਲ ਰਿਹਾ?

ਸਾਰੇ ਦੇਖਦੇ ਨੇ ਕਿ ਇਸ ਤਰ੍ਹਾਂ ਤਾਂ ਗੁਰੂ ਨਹੀਂ ਧਾਰਿਆ ਜਾਂਦਾ। ਟੈਸਟ ਲਏ ਜਾਂਦੇ ਨੇ ਫੇਰ ਕਿਤੇ ਜਾ ਕੇ ਅਧਿਕਾਰੀ ਬਣਦੈ। ਫੇਰ ਨਾਮ ਦਿਤਾ ਜਾਂਦਾ ਹੈ, ਇਸ ਤਰ੍ਹਾਂ ਥੋੜ੍ਹਾ ਦਿਤਾ ਜਾਂਦੈ। ਇਹ ਤਾਂ ਸ਼ਰਤ ਵੀ ਇਹਨੇ ਲਾ ਦਿਤੀ ਕਿ ਮੈਨੂੰ ਮੁਕਤੀ ਵੀ ਮਿਲ ਜਾਵੇ। ਮੁਕਤੀ ਨਹੀਂ ਹੁੰਦੀ ਜਦੋਂ ਤਕ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਚਾਰੋਂ ਹਾਲਤਾਂ 'ਚੋਂ ਨਹੀਂ ਲੰਘਦਾ ਆਦਮੀ।

ਉਸ ਵੇਲੇ ਇਹ ਬੱਚਾ ਉੱਠਿਆ, ਕਹਿਣ ਲੱਗਿਆ, ਰਾਜਨ! ਠੀਕ ਹੈ। ਚੰਦਨ ਦੀ ਚੌਂਕੀ ਵਲ ਵਧਿਆ, ਜਿਹੜੀ ਡਾਹੀ ਹੋਈ ਸੀ, ਉਹਦੇ ਉਤੇ ਜਦੋਂ ਜਾ ਕੇ ਬੈਠਨ ਲੱਗਿਆ, ਕਹਿਣ ਲੱਗਿਆ, ਮੁਨੀਸ਼ਰ! ਸ਼ਰਤ ਸੁਣ ਲਈ ਮੇਰੀ?

ਕਹਿੰਦੇ, ਹਾਂ ਸੁਣ ਲਈ।

ਕਹਿਣ ਲੱਗੇ, ਘੋੜਾ ਮੰਗਾਓ।

ਘੋੜਾ ਮੰਗਾ ਲਿਆ, ਰਾਜੇ ਜਨਕ ਦੇ ਕੋਲ ਖੜ੍ਹੇ ਹੋ ਗਏ।

ਇਸ ਨੇ ਪੈਰ ਰਕਾਬ ਵਿਚ ਪਾ ਲਿਆ, ਕਹਿੰਦੇ, ਠਹਿਰੋ ਰਾਜਨ! ਦੇਖੋ, ਤੁਹਾਨੂੰ ਗਿਆਨ ਕਰਾ ਦੇਣੈ ਅਸੀਂ। ਗਿਆਨ ਬੜੀ ਮੁਸ਼ਕਲ ਹੁੰਦੈ। ਪਹਿਲਾਂ ਕਰਮ 'ਚੋਂ ਲੰਘਣਾ ਪੈਂਦੈ। ਫੇਰ ਉਪਾਸ਼ਨਾ 'ਚੋਂ ਜਿੰਨਾਂ ਚਿਰ ਦੋ ਦਰਜੇ ਪਾਰ ਨਹੀਂ ਹੁੰਦੇ, ਗਿਆਨ ਦਾ ਅਧਿਕਾਰੀ ਹੀ ਨਹੀਂ ਹੁੰਦਾ ਬੰਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਾਂ ਸਾਰੇ ਹੀ ਸੁਣਦੇ ਨੇ। ਕੀਹਦਾ ਨਿਹਚਾ ਇਹ ਬਣਦੈ ਕਿ ਗੁਰੂ ਮੇਰੇ ਹਰ ਵਕਤ ਨਾਲ ਹੈ? ਕੋਈ ਵਿਰਲਾ ਪੁਰਸ਼ ਹੈ -

*ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ॥*
*ਅੰਗ - ੧੪੨੭*

ਜਿਹੜਾ ਵਾਹਿਗੁਰੂ ਨੂੰ ਪਛਾਣਦੈ ਕਿ ਮੇਰੇ ਨਾਲ ਰਹਿੰਦਾ ਹੈ ਹਰ ਵਕਤ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ਅੰਗ- ੬੭੭*

ਕਿਹੜਾ ਹੈ ਜਿਹੜਾ ਇਸ ਗੱਲ ਨੂੰ ਸਮਝਦਾ ਹੈ ਕਿ ਆਪੇ ਹੀ ਇਕ ਤੋਂ ਅਨੇਕ ਹੋਇਆ-ਹੋਇਆ, ਅਨੇਕ ਰੂਪਾਂ ਵਿਚ ਹੈ। ਸਾਡੀ ਤਾਂ ਦ੍ਰਿਸ਼ਟੀ ਨਹੀਂ ਖੁਲ੍ਹਦੀ ਤਾਂ ਹੀ ਤਾਂ ਸਾਨੂੰ ਮਾੜੇ ਬੰਦੇ ਵੀ ਨਜ਼ਰ ਆਉਂਦੇ ਨੇ, ਚੰਗੇ ਵੀ ਨਜ਼ਰ ਆਉਂਦੇ ਨੇ। ਮਿੱਤਰ ਵੀ ਨਜ਼ਰ ਆਉਂਦੇ ਨੇ, ਵੈਰੀ ਵੀ ਨਜ਼ਰ ਆਉਂਦੇ ਨੇ। ਆਪਣੇ ਵੀ ਨਜ਼ਰ ਆਉਂਦੇ ਨੇ, ਬੇਗਾਨੇ ਵੀ ਨਜ਼ਰ ਆਉਂਦੇ ਨੇ। ਦ੍ਰਿਸ਼ਟੀ ਤਾਂ ਖੁਲ੍ਹੀ ਨਾ, ਗੱਲ ਜਾਣ ਲਈ ਬੁੱਧੀ ਦੇ ਪੱਧਰ 'ਤੇ ਲੇਕਿਨ ਉਹਦਾ ਅਸਰ ਨਹੀਂ ਅੰਦਰ ਹੋਇਆ। ਉਹ ਕਿਉਂ ਨਹੀਂ ਹੋਇਆ? ਕਿਉਂਕਿ ਅਸੀਂ ਉਹ ਸਾਧਨਾ ਨਹੀਂ ਕਰੀ, ਤਿਆਰ ਨਹੀਂ ਆਪਣੇ ਆਪ ਨੂੰ ਕਰਿਆ, ਜਿਥੇ ਜਾ ਕੇ ਇਹ ਬਚਨ ਸਾਡੇ ਉਤੇ ਅਸਰ ਕਰ ਜਾਵੇ।

ਸੋ ਕਹਿਣ ਲੱਗੇ, ਦੇਖੋ, ਕਰਮ ਨਹੀਂ ਆਪ ਨੇ ਕਰਿਆ, ਉਪਾਸ਼ਨਾ ਨਹੀਂ ਕਰੀ, ਆਪ ਗਿਆਨ ਦੇ ਅਧਿਕਾਰੀ ਬਣੇ ਹੋਂ ਤੇ ਗਿਆਨ ਹੋ ਜਾਣੈ। ਗਿਆਨ ਹੋਣ ਤੋਂ ਬਾਅਦ ਜਦੋਂ ਦ੍ਰਿਸ਼ਟੀ ਖੁਲ੍ਹਣੀ ਹੈ, ਉਸ ਵੇਲੇ ਸਾਰੇ ਪ੍ਰਮੇਸ਼ਰ ਦੇ ਦਰਸ਼ਨ ਹੋਣੇ ਨੇ। ਕੋਈ ਪਤਾ ਨਹੀਂ ਫੇਰ ਤੁਸੀਂ ਤਖ਼ਤ 'ਤੇ ਬੈਠੋ ਜਾਂ ਜੰਗਲਾਂ ਵਿਚ ਚਲੇ ਜਾਓ। ਤੁਹਾਡੀ ਕਿਰਿਆ ਸੁਤੰਤਰ ਹੋ ਜਾਣੀ ਹੈ ਤੇ ਮੈਂ ਇਹ ਕਹਿੰਦਾ ਹਾਂ ਕਿ ਓਸ ਤੋਂ ਪਹਿਲਾਂ ਤੁਸੀਂ ਗੁਰੂ-ਦੱਛਣਾ ਦਿਓ। ਓਸ ਵੇਲੇ ਕਹਿਣ ਲੱਗਿਆ, ਹਾਂ ਮੈਂ ਇਹ ਤਾਂ ਬਚਨ ਹੀ ਭੁੱਲ ਗਿਆ ਸੀ। ਹੁਕਮ ਕਰੋ, ਗੁਰੂ ਦੱਛਣਾ ਕੀ ਚਾਹੀਦੀ ਹੈ?

ਕਹਿਣ ਲੱਗੇ, ਤਿੰਨ ਚੀਜ਼ਾਂ ਗੁਰੂ, ਦੱਛਣਾ 'ਚ ਲੈਂਦਾ ਹੁੰਦਾ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ - ੯੧੮*

ਤਿੰਨੋਂ ਚੀਜ਼ਾਂ ਗੁਰੂ ਨੂੰ ਦੇ-ਦੇ ਤੇ ਗੁਰੂ ਦਾ ਹੁਕਮ ਮੰਨ ਲੈ। ਅਖੀਰ ਦੇ ਉਤੇ ਮਹਾਰਾਜ ਜੀ ਨੇ ਇਕ ਸ਼ਬਦ ਲਿਖਿਆ ਹੈ, ਜਿਹਨੂੰ 'ਪਾਈਐ' ਕਹਿੰਦੇ ਨੇ। ਗੱਲ ਸਾਰੀ ਹੀ ਸਾਫ ਕਰ ਦਿਤੀ ਕਿ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ' ਇਹ ਤਾਂ ਸੌਂਪ ਦੇ

ਤਿੰਨੋਂ ਚੀਜ਼ਾਂ। ਹੁਣ ਅਗਾਹਾਂ ਕੀ ਹੋ ਗਿਆ, ਜਦੋਂ ਗੁਰੂ ਨੂੰ ਸਭ ਕੁਛ ਦੇ ਦਿਤਾ ਤਾਂ ਗੁਰੂ ਦੇ ਹੁਕਮ ਦੇ ਵਿਚ ਜ਼ਿੰਦਗੀ ਗੁਜ਼ਾਰਨੀ ਹੈ। ਉਹ ਕਹਿੰਦੇ ਨੇ, 'ਹੁਕਮਿ ਮੰਨਿਐ' ਹੁਣ ਅੱਗੇ ਹੁਕਮ ਮੰਨ ਫੇਰ ਨਤੀਜਾ ਕੀ ਹੋਏਗਾ? 'ਪਾਈਐ' ਪ੍ਰਮੇਸ਼ਰ ਮਿਲ ਜਾਏਗਾ ਫੇਰ।

ਕਹਿਣ ਲੱਗੇ, ਤਿੰਨ ਚੀਜ਼ਾਂ ਨਹੀਂ ਮੈਂ ਮੰਗਦਾ, ਤੂੰ ਇਸ ਤਰ੍ਹਾਂ ਕਰ, ਇਕ ਦੇ-ਦੇ। ਤਨ ਦੇ-ਦੇ, ਚਾਹੇ ਮਨ ਦੇ-ਦੇ, ਚਾਹੇ ਧਨ ਦੇ-ਦੇ।

ਕਹਿਣ ਲੱਗਿਆ, ਮਹਾਰਾਜ! ਮੈਂ ਸਲਾਹ ਕਰ ਲਵਾਂ। ਸਲਾਹ ਕਰਨ ਰਾਣੀਆਂ ਕੋਲ ਚਲਿਆ ਗਿਆ। ਰਾਣੀਆਂ ਕਹਿਣ ਲੱਗੀਆਂ ਕਿ ਦੇਖੋ, ਜੇ ਤਨ ਦੇ ਦਿਤਾ ਤਨ ਇਹਨਾਂ ਦਾ ਹੋ ਜਾਏਗਾ। ਇਹ ਚਾਹੇ ਫੇਰ ਕਹਿਣ ਕਿ ਸਾਡੇ ਚਾਹੇ ਪ੍ਰਸ਼ਾਦੇ ਪਕਾਓ, ਚਾਹੇ ਕਹਿਣ ਕੱਪੜੇ ਧੋਵੋ, ਚਾਹੇ ਤਨ ਨੂੰ ਨਾਲ ਲੈ ਜਾਣ, ਚਾਹੇ ਭੂੰਜੇ ਪਾਉਣ। ਚਾਹੇ ਠੰਢੇ ਪਾਣੀ 'ਚ ਖੜ੍ਹਾ ਦੇਣ, ਚਾਹੇ ਧੂਣੀਆਂ ਦੇ ਵਿਚ ਬਿਠਾ ਦੇਣ ਕਿਉਂਕਿ ਤਨ ਇਹਦਾ ਹੋ ਗਿਆ, ਤੁਹਾਡਾ ਤਾਂ ਰਿਹਾ ਨਾ। ਰਾਜੇ ਹਰੀਚੰਦ ਵਾਂਗਣ ਹੋਏਗੀ, ਉਹਨੂੰ ਜਾ ਕੇ ਮਜਦੂਰ ਬਣਨਾ ਪਿਆ। ਚੰਡਾਲ ਦੇ ਘਰ ਨੌਕਰੀ ਕਰਕੇ, ਮਸਾਣਾਂ ਦਾ ਪਹਿਰਾ ਦੇਣਾ ਪਿਆ। ਫੇਰ ਤਨ ਤਾਂ ਰੱਖ ਲਓ। ਜੇ ਧਨ ਦੇ ਦਿਤਾ, ਫੇਰ ਆਪਾਂ ਸਾਰੇ ਗਰੀਬ ਹੋ ਜਾਵਾਂਗੇ। ਤਨ ਆਪਣੇ ਕੋਲ ਰਹਿਣਾ ਹੀ ਨਹੀਂ, ਫੇਰ ਤਾਂ ਮਿਹਨਤ ਮਜੂਰੀ, ਘਾਹ ਖੋਤ ਕੇ ਵੇਚਿਆ ਕਰਾਂਗੇ। ਮਨ ਦੇ ਦਿਓ, ਮਹਾਰਾਜ! ਅਸੀਂ ਤਾਂ ਇਹੀ ਸਲਾਹ ਕਰਦੀਆਂ ਹਾਂ।

ਵਾਪਸ ਆ ਗਿਆ। ਸਲਾਹ ਚੰਗੀ ਠਹਿਰੀ ਕਿ ਮੇਰੇ ਕੋਲ ਰਾਜ ਵੀ ਰਹਿ ਜਾਏ, ਧਨ ਵੀ ਰਹਿ ਜਾਏ। ਫੇਰ ਮਨ ਫੜਾ ਦਿੰਦੇ ਹਾਂ ਇਨ੍ਹਾਂ ਨੂੰ। ਉਸ ਵੇਲੇ ਆ ਕੇ ਕਹਿਣ ਲੱਗੇ, ਮਹਾਰਾਜ! ਮੈਂ ਮਨ ਆਪ ਨੂੰ ਸੌਂਪਦਾ ਹਾਂ।

ਕਹਿੰਦੇ, ਚੂਲੀ ਛੱਡ ਦੇ।

ਸਾਰਿਆਂ ਦੇ ਸਾਮ੍ਹਣੇ ਉੱਚੀ ਅਵਾਜ਼ 'ਚ ਕਿਹਾ, ਸੰਤ ਜਨੋ! ਮਹਾਂਪੁਰਸ਼ੋ! ਵਿਦਵਾਨੋ! ਮੈਂ ਸਾਰੀ ਸੰਗਤ ਦੇ ਸਾਮ੍ਹਣੇ ਆਪਣੇ ਹੋਣ ਵਾਲੇ ਗੁਰੂ ਨੂੰ ਆਪਣਾ ਮਨ ਸੌਂਪਦਾ ਹਾਂ। ਮਨ ਸੌਂਪ ਦਿਤਾ। ਉਸ ਤੋਂ ਬਾਅਦ ਘੋੜੇ ਦੀ ਰਕਾਬ 'ਚ ਪੈਰ ਧਰਨ ਲੱਗਿਆ। ਕਹਿੰਦੇ, ਠਹਿਰ! ਪੈਰ ਕੱਢ ਲਿਆ, ਕਹਿੰਦਾ, ਮਹਾਰਾਜ! ਕੀ ਆਗਿਆ ਹੈ?

ਕਹਿੰਦੇ, ਆਗਿਆ? ਇਹ ਕਿਹੜੀ ਚੀਜ਼ ਹੈ ਜਿਹੜੀ ਸਰੀਰ ਨੂੰ ਹਰਕਤ ਦਿੰਦੀ ਹੈ? ਤੈਨੂੰ ਕੀਹਨੇ ਕਿਹਾ ਹੈ ਕਿ ਪੈਰ ਧਰ?

ਕਹਿੰਦਾ, ਮੇਰੇ ਮਨ ਵਿਚ ਆਈ।

ਕਹਿੰਦੇ, ਤੇਰਾ ਮਨ ਤਾਂ ਹੁਣ ਰਿਹਾ ਨਹੀਂ ਤੇਰੇ ਕੋਲ, ਹੁਣ ਤਾਂ ਮਨ ਤੂੰ ਮੈਨੂੰ ਦੇ ਦਿਤਾ। ਤੇਰਾ ਮਨ ਕਿਥੋਂ ਰਹਿ ਗਿਆ? ਫੁਰਨਾ ਤਾਂ ਤੂੰ ਮੈਨੂੰ ਦੇ ਦਿਤਾ। ਹੁਣ ਇਹ ਤਾਂ ਅਮਾਨਤ ਵਿਚ ਖਿਆਨਤ ਹੈ। ਤੂੰ ਦੋਸ਼ੀ ਹੁੰਦੈ ਇਸ ਗੱਲ ਦਾ ਕਿ ਮਨ ਮੈਨੂੰ ਦੇ ਕੇ ਫੇਰ ਇਸ ਤੋਂ ਕੰਮ ਲੈਂਦੈਂ। ਉਸ ਤੋਂ ਬਾਅਦ ਫੁਰਨਾ ਬੰਦ ਹੋ ਗਿਆ, ਅਫੁਰ ਅਵਸਥਾ 'ਚ ਹੋ ਕੇ ਖੜ੍ਹ ਗਿਆ। ਕੋਈ ਫੁਰਨਾ ਨਹੀਂ ਆਉਣ ਦਿੰਦਾ, ਚੁੱਪ ਕਰਿਆ ਖੜ੍ਹੈ। ਗਹਿਰੀ ਚੁੱਪ ਵਿਚ ਚਲਿਆ ਗਿਆ। ਜਦੋਂ ਆਪਣੇ ਫੁਰਨੇ ਬੰਦ ਹੋ ਜਾਣਗੇ, ਅਸੀਂ ਉਸ ਥਾਂ 'ਤੇ ਚਲੇ ਜਾਵਾਂਗੇ, ਜਿਹਨੂੰ ਅਫੁਰ ਮੰਡਲ ਕਹਿੰਦੇ ਨੇ। ਜਿਹਨੂੰ ਗਗਨ ਮੰਡਲ ਕਹਿੰਦੇ ਨੇ। ਜਿਹਨੂੰ ਆਤਮਕ ਮੰਡਲ ਕਹਿੰਦੇ ਨੇ ਉਥੇ ਕੁਦਰਤੀ ਸਾਡੀ ਰੁਸਵਾਈ ਹੋ ਜਾਏਗੀ, ਜਿਸ ਵਕਤ ਫੁਰਨੇ ਹਟ ਗਏ। ਫੁਰਨਾ ਹਟਣ ਦੀ ਦੇਰ ਹੈ। ਇਕ ਦਮ cosmic ਫੁਰਨਾ ਆ ਜਾਂਦੈ ਜਿਹਨੂੰ ਹੁਕਮ ਕਹਿੰਦੇ ਨੇ ਤੇ ਇਹ ਪਿੰਡੀ ਫੁਰਨਾ ਬੰਦ ਹੋ ਜਾਂਦੈ। ਉਸ ਵੇਲੇ ਫੁਰਨਾ ਆਉਂਦੈ, ਰੋਕ ਦਿੰਦੈ, ਫੁਰਨਾ ਆਉਂਦੈ ਰੋਕ ਦਿੰਦੈ। ਫੁਰਨਾ ਆਉਣ ਹੀ ਨਹੀਂ ਦਿੰਦਾ।

ਸਾਡੇ 'ਚ ਫਰਕ ਦੇਖੋ ਕਿੰਨਾ ਹੈ, ਅਸੀਂ ਪਾਠ ਕਰਦੇ ਹਾਂ, ਕਹਿੰਦੇ ਜੀ ਫੁਰਨੇ ਨਹੀਂ ਹਟਦੇ, ਬੜੇ ਮਾੜੇ-ਮਾੜੇ ਫੁਰਨੇ ਆਉਂਦੇ ਨੇ, ਬੜੇ ਬੁਰੇ ਫੁਰਨੇ ਆਉਂਦੇ ਨੇ। ਉਹ ਕਾਰਨ ਕੀ ਹੈ? ਅਸੀਂ ਗੁਰੂ ਨੂੰ ਨਹੀਂ ਕੁਛ ਵੀ ਅਰਪਣ ਕਰਿਆ। ਪੰਜ ਪਿਆਰੇ ਤਾਂ ਕਹਿੰਦੇ ਨੇ ਕਿ ਸੀਸ ਦੇ-ਦੇ। ਸ਼ਾਇਦ ਕੋਈ ਕਹਿੰਦਾ ਹੋਵੇ ਪੰਜ ਪਿਆਰਾ ਕਿ ਮਨ ਵੀ ਦੇ-ਦੇ, ਆਪਣੇ ਨਾਲ ਸੀਸ ਦੇ। ਸੀਸ ਤਾਂ ਕਹਿ ਦਿੰਦੇ। ਲੇਕਿਨ ਦਿਮਾਗ ਵਿਚ ਹੀ ਹੈ ਸਭ ਕੁਛ। ਜੇ ਸੀਸ ਨਾ ਹੋਵੇ, ਬਾਕੀ ਦਾ ਸਰੀਰ ਕੀ ਕਰੇਗਾ। ਨਾ ਹਰਕਤ ਕਰ ਸਕਦੈ, ਕੁਛ ਵੀ ਨਹੀਂ ਕਰ ਸਕਦਾ। ਇਹ ਤਾਂ ਸਿਰ ਲੱਗਿਆ ਹੋਇਐ ਨਾਲ, ਤਾਂ ਅਸੀਂ ਕਰਦੇ ਹਾਂ। ਜੇ ਸਿਰ ਦੇ ਦਿਤਾ, ਫੇਰ ਤਾਂ ਕੁਛ ਵੀ ਬਾਕੀ ਨਾ ਰਿਹਾ। ਸੋ ਗੱਲ ਅਸੀਂ ਸਮਝਦੇ ਨਹੀਂ। ਸੀਸ ਨਿਵਾਓ, ਸੀਸ ਨਿਵਾ ਦਿੰਦੇ ਹਾਂ।

*'ਚਲਦਾ............।'*

***(ਵੀਡੀਓ ਫਿਲਮ, ਦੀਵਾਨ ਨੰ: 263)***

# ਭਗਤ ਰਵਿਦਾਸ ਜੀ

*ਸੰਤ ਬਾਬਾ ਲਖਬੀਰ ਸਿੰਘ ਜੀ*
*ਮੌਜੂਦਾ ਮੁਖੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-42)*

ਕਹਿੰਦੇ, ਜਿਹੜੇ ਦੁਨੀਆਂ ਦੇ ਰਾਜੇ ਨੇ, ਪਿਆਰਿਓ! ਇਹ ਚਾਰ ਦਿਨਾਂ ਦਾ ਰਾਜ ਹੈ। ਔਰ ਉਹਨਾਂ ਨੇ ਰਾਜ ਕੀਤਾ, ਹੁਕਮ ਚਲਾਇਆ। ਪਰ ਨਾਮ ਤੋਂ ਖਾਲੀ ਸਨ। ਕੀ ਹੋਇਆ? ਸੰਸਾਰ ਤੋਂ ਹਾਰ ਗਏ। ਹਰਨਾਖਸ ਹਾਰ ਕੇ ਗਿਆ, ਦੁਰਯੋਧਨ ਹਾਰ ਕੇ ਗਿਆ। ਰਾਵਣ ਹਾਰ ਕੇ ਗਿਆ। ਸਿਕੰਦਰ ਹਾਰ ਕੇ ਗਿਆ, ਦੁਨੀਆਂ ਤੋਂ। ਮਹਿਮੂਦ ਗਜਨਵੀ ਵਰਗੇ ਜਿਹੜੇ ਸੀ ਜਿਨ੍ਹਾਂ ਨੇ 17 ਹਮਲੇ ਕੀਤੇ ਭਾਰਤ ਦੇਸ਼ 'ਤੇ, ਹਾਰ ਕੇ ਗਏ ਸੰਸਾਰ ਤੋਂ। ਰੋ ਕੇ ਗਏ-

*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥* *ਅੰਗ - ੯੫੪*

ਕਿਉਂ? ਕਿਉਂਕਿ ਉਹ ਰਾਜ ਥੋੜ੍ਹੀ ਦੇਰ ਦਾ ਸੀ। ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ ਉਹਨਾਂ ਕੋਲ ਹੈ ਅਬਿਨਾਸੀ ਰਾਜ -

*ਭਗਵਤ ਭੀਰਿ ਸਕਤਿ ਸਿਮਰਨ ਕੀ*
*ਕਟੀ ਕਾਲ ਭੈ ਫਾਸੀ ॥*
*ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ*
*ਰਾਜੁ ਲੀਓ ਅਬਿਨਾਸੀ ॥* *ਅੰਗ - ੧੧੬੨*

ਉਹਨਾਂ ਕੋਲ ਤਾਂ ਅਬਿਨਾਸੀ ਰਾਜ ਹੈ। ਕਿਵੇਂ ਮਿਲਿਆ ਉਹ ਰਾਜ? ਉਹਨਾਂ ਨੇ ਜਿਹੜਾ ਮਨ ਰੂਪੀ ਸੁਲਤਾਨ ਹੈ, ਗੁਰੂ ਦੀ ਕ੍ਰਿਪਾ ਨਾਲ ਉਸ ਉਤੇ ਫਤਹਿ ਪਾ ਲਈ ਤਾਂ ਅਬਿਨਾਸੀ ਰਾਜ ਮਿਲਿਆ ਉਹਨਾਂ ਨੂੰ। ਜਿਹੜੇ ਦੁਨੀਆਂ ਦੇ ਰਾਜੇ ਨੇ, ਉਹਨਾਂ ਦੀਆਂ ਬਾਹਰਲੀਆਂ ਜਿੱਤਾਂ ਨੇ, ਮਨ ਅੱਗੇ ਹਾਰ ਗਏ ਉਹ। ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ ਉਹਨਾਂ ਨੇ -

*ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥*
*ਬ੍ਰਹਮ ਅਗਨਿ ਸਹਜੇ ਪਰਜਾਲੀ*
*ਏਕਹਿ ਚੋਟ ਸਿਝਾਇਆ ॥ ੪ ॥*
*ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥*
*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ*
*ਪਕਰਿਓ ਗੜ ਕੋ ਰਾਜਾ ॥* *ਅੰਗ - ੧੧੬੨*

ਰਾਜ ਮਿਲ ਗਿਆ ਫੇਰ ਉਹਨਾਂ ਨੂੰ, ਜਦੋਂ ਮਨ ਕਾਬੂ ਆ ਗਿਆ, ਗੁਰੂ ਦੀ ਕ੍ਰਿਪਾ ਨਾਲ।

ਸੋ ਦੁਨਿਆਵੀ ਵਿਚਾਰ ਦੇ ਅਨੁਸਾਰ ਭਗਤ ਰਵਿਦਾਸ ਜੀ ਅਤਿ ਦੀ ਗਰੀਬੀ ਵਿਚ ਸਨ। ਝੁੱਗੀ ਪਾਈ ਹੋਈ ਸੀ, ਜੋੜੇ ਗੰਢਦੇ ਨੇ ਪਰ ਉਹਨਾਂ ਕੋਲ ਦੁਨਿਆਵੀ ਧਨ ਜਿਹੜਾ ਹੈ, ਇਹ ਨਹੀਂ ਸੀ, ਇਹਦੀ ਝਾਕ ਵੀ ਨਹੀਂ ਸੀ ਉਹਨਾਂ ਨੂੰ। ਉਹਨਾਂ ਕੋਲ ਨਾਮ ਦਾ ਧਨ ਸੀ -

*ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥*
*ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥*
*ਅੰਗ - ੧੧੨੩*

ਇਕ ਵਾਰੀ ਭਗਤ ਕਬੀਰ ਜੀ ਦੇ ਸਮੇਂ ਡਾਕਾ ਪੈ ਗਿਆ, ਲੁੱਟ ਪੈ ਗਈ ਸ਼ਹਿਰ 'ਚੋ। ਕੁਝ ਲੋਕ ਦੌੜੇ ਆਏ, ਭਗਤ ਜੀ! ਲੁੱਟ ਪੈ ਗਈ। ਡਾਕਾ ਪੈ ਰਿਹੈ, ਲੁੱਟੇ ਜਾ ਰਹੇ ਨੇ ਲੋਕੀ। ਜੇ ਤੁਹਾਡੇ ਕੋਲ ਕੁਝ ਧਨ ਹੈਗਾ ਉਹ ਸੰਭਾਲ ਲਓ। ਭਗਤ ਕਬੀਰ ਜੀ ਕਹਿੰਦੇ, ਸਾਡੇ ਕੋਲ ਧਨ ਤਾਂ ਬਹੁਤ ਹੈ ਪਰ ਉਹਨੂੰ ਕੋਈ ਲੁੱਟ ਨਹੀਂ ਸਕਦਾ। ਧਨ ਸਾਡੇ ਕੋਲ ਬਹੁਤ ਹੈ ਪਰ ਸਾਨੂੰ ਨਹੀਂ ਫਿਕਰ। ਇਹ ਫਿਕਰ ਹੋਏਗਾ ਦੁਨੀਆਂਦਾਰਾਂ ਨੂੰ।

ਸੋ ਨਾਮ ਦੇ ਧਨ ਦੀ ਕਮਾਈ ਕੀਤੀ ਭਗਤ ਰਵਿਦਾਸ ਜੀ ਨੇ। ਹੁਣ ਉਹਨਾਂ ਦਾ ਜਸ ਜਿਹੜਾ ਹੈ ਉਹ ਦੂਰ-ਦੂਰ ਫੈਲ ਰਿਹੈ। ਮਹਾਰਾਜ ਕਹਿੰਦੇ ਜਿਹੜਾ ਨਾਮ ਹੈ ਨਾ -

*ਜਿਸੁ ਨੀਚ ਕਉ ਕੋਈ ਨ ਜਾਨੈ ॥*
*ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥* *ਅੰਗ - ੩੮੬*

ਜਿਹਨੂੰ ਕੋਈ ਨਹੀਂ ਨਾ ਜਾਣਦਾ, ਜਾਤ-ਪਾਤ ਕਰਕੇ, ਸੰਸਾਰ ਨੇ ਪੈਰਾਂ ਥੱਲੇ ਲਿਤਾੜਿਐ। ਉਹ ਨਾਮ ਜਪ ਕੇ ਸੰਸਾਰ 'ਤੇ ਪ੍ਰਗਟ ਹੋ ਜਾਂਦੈ। ਦਸਾਂ ਦਿਸ਼ਾਂ ਦੇ ਵਿਚ ਉਹਦਾ ਜਸ ਫੈਲ ਜਾਂਦੈ। ਧੰਨ-ਧੰਨ ਹੁੰਦੀ ਹੈ, ਉਹ ਸਭ ਤੋਂ ਉੱਤਮ ਹੈ।

*ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ*
*ਜੈਸੇ ਕਾਗਰਾ ਕਰਤ ਬੀਚਾਰੰ ॥*
*ਭਗਤਿ ਭਾਗਉਤੁ ਲਿਖੀਐ ਤਿਹ ਊਪਰੇ*
*ਪੂਜੀਐ ਕਰਿ ਨਮਸਕਾਰੰ ॥* *ਅੰਗ - ੧੨੯੩*

ਬੜੀ ਵੱਡੀ ਮਿਸਾਲ ਭਗਤ ਰਵਿਦਾਸ ਜੀ ਦੀ

ਬਾਣੀ ਵਿਚ ਮਿਲਦੀ ਹੈ। 'ਤਾਰਿ' ਦਾ ਦਰਖਤ ਹੁੰਦੈ ਉਹਨੂੰ ਅਸ਼ੁੱਧ ਮੰਨਦੇ ਨੇ, ਅਪਵਿੱਤ੍ਰ ਮੰਨਦੇ ਨੇ ਪਰ ਉਹ ਕਹਿੰਦੇ ਜਿਹੜਾ ਦਰਖਤ ਹੈ, ਜੇ ਉਹਦੇ ਪੱਤਿਆਂ ਦੇ ਉਤੇ ਪ੍ਰਮੇਸ਼ਰ ਦਾ ਨਾਮ, ਭਾਵ ਰਾਮ, ਅੱਲਾਹ, ਵਾਹਿਗੁਰੂ ਲਿਖ ਦਿਤਾ ਜਾਵੇ। ਫੇਰ ਕੀ ਹੁੰਦੈ? ਉਹਨੂੰ ਨਮਸ਼ਕਾਰਾਂ ਹੁੰਦੀਆਂ ਨੇ। ਉਹ ਪਵਿੱਤਰ ਹੋ ਜਾਂਦੈ, ਉਹਦੀ ਪੂਜਾ ਹੁੰਦੀ ਹੈ। ਜਿਹਨੂੰ ਅਸ਼ੁੱਧ ਮੰਨਦੇ ਸੀ, ਉਹ ਸ਼ੁੱਧ ਹੋ ਗਿਆ। ਅਪਵਿੱਤਰ ਮੰਨਦੇ ਸੀ ਪਵਿੱਤਰ ਹੋ ਗਿਆ। ਇਸੇ ਤਰ੍ਹਾਂ ਸੰਸਾਰ ਜਿਸ ਨੂੰ ਪੈਰਾਂ ਥੱਲੇ ਲਿਤਾੜਦੈ, ਉਹ ਨਾਮ ਨਾਲ ਜੁੜ ਕੇ ਦਸੋਂ ਦਿਸ਼ਾਵਾਂ ਵਿਚ ਪ੍ਰਗਟ ਹੋ ਜਾਂਦਾ ਹੈ।

ਭਗਤ ਨਾਮਦੇਵ ਜੀ ਨੂੰ ਜਦੋਂ ਦੇਹੁਰੇ ਦੇ ਵਿਚੋਂ ਧੱਕੇ ਮਾਰ ਕੇ ਬਾਹਰ ਕੱਢਿਆ। ਕਿਉਂ ਕੱਢਿਆ? ਭਗਤ ਨਾਮਦੇਵ ਜੀ ਜੋੜਾ ਲੈ ਕੇ ਨਹੀਂ ਸੀ ਗਏ, ਐਨੇ ਅਣਜਾਣ ਨਹੀਂ ਸੀ ਉਹ। ਭਗਤ ਨਾਮਦੇਵ ਜੀ ਤਾਂ ਅੰਦਰ ਭਜਨ ਗਾ ਰਹੇ ਸੀ ਕਿ ਇਹ ਮੇਰੇ ਮਾਲਕ ਦੇ ਭਜਨ ਗਾ ਰਹੇ ਨੇ, ਮੈਂ ਵੀ ਗਾਵਾਂ। ਉਹ ਕਹਿੰਦੇ, ਇਹ ਨੀਚ ਕਿੱਥੋਂ ਆ ਗਿਆ? ਸਾਡੇ 'ਚ ਆ ਕੇ ਕਿੱਥੋਂ ਬਹਿ ਗਿਆ -

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥*

ਹੁਣ ਭਗਤ ਨਾਮਦੇਵ ਜੀ ਸਾਫ ਕਹਿੰਦੇ ਨੇ-

*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ਅੰਗ - ੧੧੬੪*

ਹੇ ਬੀਠਲਾ! ਹੇ ਗੋਬਿੰਦ! ਜੇ ਮੈਂ ਦੇਹੁਰੇ ਅੰਦਰ ਜਾ ਕੇ ਤੇਰਾ ਨਾਮ ਨਹੀਂ ਜਪ ਸਕਦਾ, ਮੈਨੂੰ ਛੀਪੇ ਦੀ ਜਾਤ ਵਿਚ ਕਿਉਂ ਪਾਇਆ? ਮੈਂ ਤਾਂ ਤੇਰਾ ਨਾਮ ਜਪਣਾ ਹੈ -

*ਏ ਪੰਡੀਆ ਮੋ ਕਉ ਢੇਢ ਕਹਤ ....॥ ਅੰਗ - ੧੨੯੨*

ਸਾਫ ਹੀ ਹੈ ਕਿ ਮੈਨੂੰ ਨੀਚ ਕਹਿੰਦੇ ਨੇ ਪੰਡਤ। ਸੋ ਐਸਾ ਵਰਤਾਰਾ ਜਿਹੜਾ ਸੀ ਸੰਸਾਰ ਕਰਦਾ ਸੀ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਫੁਰਮਾਨ ਹੈ ਕਿ ਜਿਹਨੂੰ ਸੰਸਾਰ ਨੀਚ ਕਰਕੇ, ਦੁਰਕਾਰੇ, ਦੂਰ ਕਰੇ, ਪੈਰਾਂ ਥੱਲੇ ਲਿਤਾੜੇ, ਜੇ ਉਹਦੇ ਹਿਰਦੇ ਵਿਚ ਨਾਮ ਵਸ ਜਾਵੇ, ਉਹਦੀ ਪੂਜਾ ਹੁੰਦੀ ਹੈ ਜਿਵੇਂ ਭਗਤ ਕਬੀਰ ਜੀ ਦੀ, ਭਗਤ ਨਾਮਦੇਵ ਜੀ ਦੀ, ਭਗਤ ਰਵਿਦਾਸ ਜੀ ਦੀ, ਭਗਤ ਸੈਣ ਜੀ ਦੀ; ਪੂਜਾ ਹੋ ਰਹੀ ਹੈ ਤੇ ਸਦਾ ਹੁੰਦੀ ਰਹੇਗੀ। ਇਹ ਪਹਿਲਾਂ-ਪਹਿਲਾਂ ਜਿਹੜੀਆਂ ਮਨੁੱਖ ਨੇ ਵੰਡੀਆਂ ਪਾਈਆਂ ਸੀ, ਚੌਂਹ ਵਰਣਾਂ ਦੇ ਵਿਚ ਮਨੁੱਖ ਵੰਡਿਆ ਗਿਆ ਸੀ। ਪਹਿਲੇ ਸਨ ਬ੍ਰਾਹਮਣ, ਦੂਸਰੇ ਖਤਰੀ, ਤੀਸਰੇ ਵੈਸ਼, ਚੌਥੇ ਸ਼ੂਦਰ; ਉਸ ਵੇਲੇ ਡਿਊਟੀਆਂ ਲਾਈਆਂ ਗਈਆਂ ਸੀ। ਜਿਹੜਾ ਬ੍ਰਾਹਮਣ ਸੀ ਉਹ ਬ੍ਰਹਮ ਦੀ ਖੋਜ ਕਰਦਾ ਸੀ, ਆਤਮ ਚਿੰਤਨ ਕਰਦਾ ਸੀ ਤੇ ਸੰਸਾਰ ਨੂੰ ਸੇਧ ਦਿੰਦਾ ਸੀ। ਦੂਸਰੇ ਖੱਤਰੀ ਜਾਂ ਕਸ਼ਤਰੀ ਦੇਸ਼ ਦੀ ਰਾਖੀ ਕਰਦੇ ਸੀ ਕਿ ਸਾਡਾ ਦੇਸ਼ ਗੁਲਾਮ ਨਾ ਹੋ ਜਾਵੇ, ਦੇਸ਼ ਵਾਸਤੇ ਮਰ ਮਿਟਦੇ ਸੀ, ਆਪਾ ਕੁਰਬਾਨ ਕਰਦੇ ਸੀ। ਤੀਸਰੇ ਵੈਸ਼ ਜਿਹੜੇ ਸੀ ਉਹ ਕਿਰਤ ਕਰਦੇ ਸੀ, ਚਾਹੇ ਕੋਈ ਹਲ ਚਲਾਉਂਦਾ ਸੀ, ਚਾਹੇ ਕੋਈ ਬਿਜਨਸ ਕਰਦਾ ਸੀ, ਚਾਹੇ ਕੋਈ ਦੁਕਾਨ ਕਰਦਾ ਸੀ। ਚੌਥੇ ਸ਼ੂਦਰ, ਇਹਨਾਂ ਦੀ ਸੇਵਾ ਕਰਦੇ ਸੀ, ਉਸ ਵੇਲੇ ਕਿਸੇ ਨੂੰ ਨੀਚ ਨਹੀਂ ਸੀ ਆਖਿਆ ਜਾਂਦਾ। ਇਕ ਡਿਊਟੀਆਂ ਵੰਡੀਆਂ ਗਈਆਂ। ਸਹਿਜੇ-ਸਹਿਜੇ ਇਕ ਐਨੇ ਉੱਚੇ ਚਲੇ ਗਏ ਕਿ ਬਿਨਾਂ ਨੇਕ ਅਮਲਾਂ ਤੋਂ ਹੀ ਅਸੀਂ ਵੱਡੇ ਹਾਂ। ਇਕਨਾਂ ਨੂੰ ਐਨਾ ਲਿਤਾੜ ਦਿਤਾ ਕਿ ਭਾਵੇਂ ਕਿੰਨਾਂ ਹੀ ਜੀਵਨ ਚੰਗਾ ਹੈ, ਪਰ ਤੁਸੀਂ ਜ਼ੁਬਾਨ ਨਾਲ ਰਾਮ-ਰਾਮ ਨਹੀਂ ਕਹਿ ਸਕਦੇ, ਕੰਨਾਂ ਨਾਲ ਸੁਣ ਨਹੀਂ ਸਕਦੇ।

ਸੋ ਇਸ ਤਰ੍ਹਾਂ ਸਾਡੇ ਦੇਸ਼ ਵਿਚ ਵੰਡਾਂ ਪੈ ਗਈਆਂ। ਸੋ ਮਹਾਰਾਜ ਕਹਿੰਦੇ, ਪਿਆਰਿਓ! ਇਹ ਮਨੁੱਖਾਂ ਦੀਆਂ ਵੰਡਾਂ ਪਾਈਆਂ ਹੋਈਆਂ ਨੇ, ਜਿਹਦੇ ਹਿਰਦੇ ਵਿਚ ਨਾਮ ਹੈ, ਉਹ ਸਭ ਤੋਂ ਉੱਤਮ ਹੈ। ਉਹਨੂੰ ਸੰਸਾਰ ਪੂਜਦੈ। ਕਿਉਂ? ਕਿਉਂਕਿ ਨਾਮ ਦਾ ਨਿਵਾਸ ਉਹਦੇ ਹਿਰਦੇ ਵਿਚ ਹੋ ਗਿਆ -

*ਜਿਸੁ ਨੀਚ ਕਉ ਕੋਈ ਨ ਜਾਨੈ ॥*
*ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥ ਅੰਗ- ੩੮੬*

ਭਗਤ ਰਵਿਦਾਸ ਜੀ ਦੀ ਦਸਾਂ ਦਿਸ਼ਾਵਾਂ ਦੇ ਵਿਚ ਹੀ ਮਹਿਮਾ ਫੈਲ ਗਈ। ਵੱਡੇ-ਵੱਡੇ ਆਉਂਦੇ ਨੇ ਭਗਤ ਰਵਿਦਾਸ ਜੀ ਦੇ ਸੇਵਕ ਬਣਨ ਵਾਸਤੇ। ਜਿਹੜੀ ਚਿਤੌੜ ਦੀ ਰਾਣੀ ਸੀ ਝਾਲੀ ਇਹਦੇ ਅੰਦਰ ਜਗਿਆਸਾ ਸੀ ਕਿ ਮੈਂ ਵੀ ਗੁਰੂ ਵਾਲੀ ਬਣਾਂ, ਇਹ ਰਾਜ ਭਾਗ ਤਾਂ ਐਵੇਂ ਹੀ ਹੈ, ਜੀਵਨ ਸਫਲ ਕਰੀਏ। ਇਹਨੇ ਭਗਤ ਰਵਿਦਾਸ ਜੀ ਦੀ ਮਹਿਮਾ ਸੁਣੀ ਕਿ ਉਹ ਕਾਸ਼ੀ, ਬਨਾਰਸ ਵਿਚ ਰਹਿੰਦੇ ਨੇ। ਸੋ ਇਹਨੇ ਤਿਆਰੀ ਕੀਤੀ। ਹੁਣ ਰਾਣੀ ਸੀ, ਰਾਜੇ ਰਾਣਿਆਂ ਦਾ ਜਿਹੜਾ ਜਾਣਾ ਹੁੰਦੈ, ਇਹ ਇਕੱਲੇ ਤਾਂ ਜਾ ਨਹੀਂ ਸਕਦੇ। ਨਾਲ ਲਾਉ-ਲਸ਼ਕਰ ਪੂਰਾ, ਸਾਰਾ ਇੰਤਜ਼ਾਮ

ਕਰਕੇ ਚਲਦੇ ਨੇ। ਜਿਸ ਵੇਲੇ ਇਹ ਜਾ ਰਹੀ ਹੈ ਉਥੇ ਬਨਾਰਸ ਦੇ ਜਿਹੜੇ ਪੰਡਤ ਸੀ ਉਹਨਾਂ ਪਤਾ ਲੱਗਾ। ਕਹਿੰਦੇ, ਬਈ ਇੰਤਜ਼ਾਮ ਕਰੋ। ਇਥੇ ਬਿਠਾਓ ਉਹਨਾਂ ਨੂੰ। ਉਹਨੇ ਤਾਂ ਮਾੜਾ ਜਿਹਾ ਵੀ ਹੱਥ ਮਾਰਿਆ ਪਤਾ ਨਹੀਂ ਕਿੰਨੀਆਂ ਕੁ ਮੋਹਰਾਂ ਨੇ। ਆਪਾਂ ਇਥੇ ਆਉਂਦਿਆਂ ਦਾ ਸਵਾਗਤ ਕਰਨਾ ਹੈ। ਕੁਦਰਤੀ ਹੋਇਆ ਕਰਦੈ ਜਿਹਦੇ ਅੰਦਰ ਧਨ ਦਾ ਲਾਲਚ ਹੋਏਗਾ ਉਹ ਅਮੀਰ ਬੰਦੇ ਦਾ ਸਵਾਗਤ ਕਰੇਗਾ, ਗਰੀਬ ਵਲ ਝਾਕਦਾ ਵੀ ਨਹੀਂ ਉਹ। ਹੁਣ ਇਹਨਾਂ ਨੇ ਤਿਆਰੀਆਂ ਕੀਤੀਆਂ। ਜਦੋਂ ਰਾਣੀ ਉਥੇ ਪਹੁੰਚਦੀ ਹੈ, ਅੱਗੇ ਹੋ-ਹੋ ਕੇ ਮਿਲਦੇ ਨੇ। ਆਓ ਜੀ! ਅਸੀਂ ਜਦੋਂ ਦਾ ਤੁਹਾਡਾ ਸੁਣਿਆ, ਤੁਹਾਡੇ ਵੱਡੇ ਵੀ ਇਥੇ ਆਉਂਦੇ ਸੀ, ਅਸੀਂ ਬੜੇ ਇੰਤਜ਼ਾਮ ਕੀਤੇ ਨੇ ਤੁਹਾਡੇ ਲਈ, ਜਿਵੇਂ ਤੁਸੀਂ ਸ਼ਾਹੀ ਮਹਿਲਾਂ ਵਿਚ ਰਹਿੰਦੇ ਹੋ।

ਉਹਨਾਂ ਪੰਡਤਾਂ ਨੂੰ ਰਾਣੀ ਕਹਿਣ ਲੱਗੀ, ਮੈਂ ਤਾਂ ਸ਼ਾਹੀ ਮਹਿਲ ਛੱਡ ਕੇ ਆਈ ਹਾਂ। ਤੁਸੀਂ ਮੇਰਾ ਇੰਤਜ਼ਾਮ ਕੀ ਕਰਨਾ ਸੀ। ਜੇ ਮੈਂ ਸ਼ਾਹੀ ਮਹਿਲਾਂ ਦੇ ਸੁਖ ਲੈਣੇ ਹੁੰਦੇ ਤਾਂ ਮੈਂ ਉਥੇ ਹੀ ਰਹਿੰਦੀ। ਮੈਂ ਤਾਂ ਜਿਸ ਰੱਬ ਦੇ ਪਿਆਰੇ ਦੇ ਦਰਸ਼ਨ ਕਰਨੇ ਨੇ ਮੈਂ ਉਥੇ ਹੀ ਜਾਣਾ ਹੈ। ਸਾਰਿਆਂ ਨੂੰ ਛੱਡਦਿਆਂ ਹੋਇਆਂ ਉਥੇ ਪਹੁੰਚਦੀ ਹੈ ਜਿਥੇ ਭਗਤ ਰਵਿਦਾਸ ਜੀ ਨੇ ਆਪਣਾ ਆਸ਼ਰਮ ਬਣਾਇਆ ਹੋਇਆ ਸੀ। ਸੰਗਤਾਂ ਆਉਂਦੀਆਂ ਸੀ ਸਤਿਸੰਗ ਹੁੰਦਾ ਸੀ। ਆਪਣਾ ਗੁਜ਼ਾਰਾ ਆਪਣੀ ਕਿਰਤ ਨਾਲ ਕਰਦੇ ਸੀ। ਸੰਗਤਾਂ ਵਲੋਂ ਜਿਹੜੀ ਮਾਇਆ ਆਉਂਦੀ ਸੀ ਉਹ ਸੰਗਤਾਂ ਦੇ ਭਲੇ ਵਾਸਤੇ ਲਾਉਂਦੇ ਸੀ।

ਜਨਮ ਸਾਖੀ ਵਿਚ ਆਉਂਦਾ ਹੈ ਸ੍ਰੀ ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਨੂੰ ਭਾਈ ਮਰਦਾਨਾ ਜੀ ਪੁੱਛਦੇ ਨੇ ਕਿ ਭਗਤ ਕਬੀਰ ਜੀ ਐਨੇ ਵੱਡੇ ਭਗਤ ਕਿਵੇਂ ਨੇ? ਇਹਨਾਂ ਭਗਤਾਂ ਦਾ ਐਨਾ ਜਸ?

ਮਹਾਰਾਜ ਕਹਿੰਦੇ, ਭਾਈ ਮਰਦਾਨਾ! ਇਹ ਜਿਹੜੇ ਭਗਤ ਨੇ ਇਨ੍ਹਾਂ ਨੇ ਪਰਿਵਾਰ ਦਾ ਗੁਜ਼ਾਰਾ ਆਪਣੀ ਕਿਰਤ ਕਰਕੇ ਕੀਤਾ ਹੈ। ਜੇ ਹੁਣ ਚਾਹੁੰਦੇ, ਆਪਾਂ ਇਤਿਹਾਸ ਪੜ੍ਹ ਕੇ ਵੇਖੀਏ ਕਿ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਸੈਣ ਜੀ ਇਹਨਾਂ ਦੇ ਸੇਵਕ ਤਾਂ ਵੱਡੇ-ਵੱਡੇ ਰਾਜੇ ਸੀ ਜੇ ਚਾਹੁੰਦੇ ਤਾਂ ਇਹ ਆਪਣੇ ਸੋਨੇ ਦੇ ਘਰ ਬਣਾ ਸਕਦੇ ਸੀ। ਪਰ ਨਹੀਂ, ਜੋ ਉਹਨਾਂ ਨੂੰ ਰਾਜਿਆਂ ਵਲੋਂ, ਅਮੀਰਾਂ ਵਲੋਂ, ਸੰਗਤ ਵਲੋਂ ਆਇਆ ਸੰਸਾਰ ਦੇ ਭਲੇ ਦੇ ਕੰਮ 'ਤੇ ਲਾ ਦਿਤਾ ਉਹਨਾਂ ਨੇ। ਆਪਣਾ ਜਿਹੜਾ ਨਿਰਵਾਹ ਸੀ ਉਹ ਆਪਣੀ ਕਿਰਤ 'ਚੋਂ ਕਰਦੇ ਸੀ। ਭਗਤ ਕਬੀਰ ਜੀ ਕੱਪੜਾ ਬੁਣਿਆ ਕਰਦੇ ਸੀ, ਭਗਤ ਰਵਿਦਾਸ ਜੀ ਜੋੜੇ ਗੰਢਦੇ ਸੀ ਤੇ ਭਗਤ ਨਾਮਦੇਵ ਜੀ ਚੰਦੇ ਛਾਪਦੇ ਸੀ। ਇਸੇ ਤਰ੍ਹਾਂ ਭਗਤ ਸੈਣ ਜੀ ਵੀ ਡਿਊਟੀ ਕਰਦੇ ਸੀ।

ਹੁਣ ਜਿਸ ਵੇਲੇ ਰਾਣੀ ਆਈ ਉਸ ਆਸ਼ਰਮ ਦੇ ਵਿਚ, ਸਾਦਾ ਜਿਹਾ ਆਸ਼ਰਮ ਹੈ, ਪਰ ਪਿਆਰ ਵਾਲੀਆਂ ਸੰਗਤਾਂ ਨੇ। ਰਾਣੀ ਨੇ ਆ ਕੇ ਨਮਸ਼ਕਾਰ ਕੀਤੀ, ਮੱਥਾ ਟੇਕਿਆ, ਬੇਨਤੀ ਕੀਤੀ ਮਹਾਰਾਜ! ਮੇਰੇ 'ਤੇ ਕ੍ਰਿਪਾ ਕਰੋ ਇਹ ਜਿਹੜਾ ਮੇਰਾ ਜਨਮ ਹੈ ਇਹ ਲੇਖੇ ਵਿਚ ਲਗ ਜਾਵੇ -

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥* *ਅੰਗ - ੬੯੪*

ਇਸ ਪ੍ਰਕਾਰ ਦੀ ਬੇਨਤੀ ਕੀਤੀ, ਮਨ ਵਿਚ ਕੋਈ ਮਾਣ, ਹੰਕਾਰ ਨਹੀਂ ਕਿ ਮੈਂ ਰਾਣੀ ਹਾਂ। ਅਸੀਂ ਰਾਜ ਘਰਾਣੇ ਦੇ ਰਹਿਣ ਵਾਲੇ, ਸ਼ਾਹੀ ਮਹਿਲ, ਸਾਡੇ ਖਜ਼ਾਨੇ ਨਾਲ ਭਰੇ ਹੋਏ ਨੇ। ਨਹੀਂ ਬਿਲਕੁਲ ਨਹੀਂ, ਸੇਵਕ ਬਣ ਕੇ ਆਈ। ਜਿਹੜਾ ਕੋਈ 'ਬਣ' ਕੇ ਆਉਂਦੈ, ਉਹ ਖਾਲੀ ਰਹਿ ਜਾਇਆ ਕਰਦਾ ਹੈ।

ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ ਇਕ ਸਾਖੀ ਸੁਣਾਇਆ ਕਰਦੇ ਸੀ ਕਿ ਮਹਾਂਪੁਰਸ਼ਾਂ ਦੇ ਆਸ਼ਰਮ 'ਤੇ ਇਕ ਚੌਧਰੀ ਆਇਆ ਕਰਦਾ ਸੀ। ਇਕ ਦਿਨ ਆ ਕੇ ਕਹਿਣ ਲੱਗਿਆ, ਬਾਬਾ ਜੀ! ਮੈਂ ਤੁਹਾਡੇ ਕੋਲ ਹੀ ਰਹਿਣੈ ਇਥੇ। ਮੇਰੇ ਆਉਣ ਨਾਲ ਤੁਹਾਡੇ ਆਸ਼ਰਮ ਦੀ ਬੜੀ ਸੋਭਾ ਵਧ ਜਾਏਗੀ। ਬੜੇ ਲੋਕ ਆਉਣਗੇ ਮੇਰੇ ਵਲ ਦੇਖ ਕੇ। ਮੈਂ ਅਮੀਰ ਬੰਦਾ ਹਾਂ, ਇਲਾਕੇ ਦਾ ਚੌਧਰੀ ਹਾਂ। ਜਦੋਂ ਉਹ ਮੈਨੂੰ ਸੇਵਾ ਕਰਦੇ ਨੂੰ ਦੇਖਣਗੇ ਤਾਂ ਹੋਰ ਬੜੇ ਆਉਣਗੇ। ਮਹਾਂਪੁਰਸ਼ਾਂ ਨੇ ਵਿਚਾਰ ਕੀਤੀ ਕਿ ਇਹ ਤਾਂ ਆਉਂਦਾ ਹੀ ਲੱਗ ਪਿਆ ਐਸੀਆਂ ਗੱਲਾਂ ਕਰਨ। ਕੱਲ੍ਹ ਨੂੰ ਇਹਨੇ ਰੌਲਾ ਪਾਉਣਾ ਹੀ ਪਾਉਣਾ ਹੈ। ਮਹਾਂਪੁਰਸ਼ਾਂ ਨੇ ਕੀ ਕੀਤਾ, ਇਕ ਪਿੱਤਲ ਦੀ ਗਾਗਰ ਮੰਗਵਾਈ ਤੇ ਇਕ ਪਾਰਸ ਦੀ ਵੱਟੀ ਮੰਗਵਾਈ।

ਕਹਿੰਦੇ ਆਹ ਦੇਖ ਪਾਰਸ ਦੀ ਵੱਟੀ ਹੈ। ਉਹਦੇ ਦੁਆਲੇ ਬਹੁਤ ਪਤਲਾ ਕਾਗਜ਼ ਲਪੇਟ ਕੇ ਪਿੱਤਲ ਦੀ ਗਾਗਰ ਵਿਚ, ਪਿਛਲੇ ਕਮਰੇ ਵਿਚ ਰਖਾ ਦਿਤੀ। ਇਹ ਹੁਣ ਸੇਵਾ ਕਰਨ ਲਗ ਪਿਆ। ਜੇ ਜੋੜੇ ਝਾੜਦਾ ਹੈ ਤਾਂ, ਜੇ ਝਾੜੂ ਮਾਰਦਾ ਹੈ ਤਾਂ, ਪੱਖਾ ਝੱਲਦੈ ਤਾਂ, ਜੇ ਲੰਗਰ ਵਿਚ ਸੇਵਾ ਕਰਦਾ ਹੈ ਤਾਂ, ਜਿਹੜਾ ਇਹਦੇ ਕੋਲ ਆਉਂਦਾ ਹੈ ਉਹਨੂੰ ਕਹਿੰਦੈ, ਦੇਖਿਆ! ਮੈਂ ਐਡਾ ਵੱਡਾ ਬੰਦਾ ਹੋ ਕੇ ਸੇਵਾ ਕਰਦਾ ਹਾਂ। ਕੋਈ ਛੋਟੀ ਗੱਲ ਹੈ ਘਰ ਬਾਰ ਛੱਡ ਕੇ ਸੇਵਾ ਕਰਨੀ? ਕਰਦਿਆਂ-ਕਰਦਿਆਂ ਬਾਰ੍ਹਾਂ ਸਾਲ ਲੰਘ ਗਏ। ਤਿੜ-ਫਿੜ ਵਿਚ ਵੀ ਕਰਿਆ ਕਰੇ। ਇਕ ਦਿਨ ਸਿੱਧਾ ਹੋ ਗਿਆ ਕਹਿਣ ਲੱਗਿਆ, ਮਹਾਰਾਜ! ਤੁਹਾਡੇ ਕੋਲ ਆਉਣ ਦਾ ਕੀ ਫਾਇਦਾ ਹੋਇਆ? 12 ਸਾਲ ਲੰਘ ਗਏ ਮੇਰਾ ਤਾਂ ਕੁਝ ਬਣਿਆ ਹੀ ਨਹੀਂ। ਇਹਦੇ ਨਾਲੋਂ ਤਾਂ ਚੰਗਾ ਘਰ ਬੈਠੇ ਰਹਿੰਦੇ।

ਹੁੰਦਾ ਤਾਂ ਕਸੂਰ ਆਪਣਾ ਹੈ, ਕੱਢਦੇ ਸੰਤਾਂ ਦਾ ਕਸੂਰ ਐ। ਮਹਾਤਮਾ ਕਹਿੰਦੇ, ਭਾਈ! ਜੇ ਨਹੀਂ ਕੁਝ ਬਣਿਆ, ਤੈਨੂੰ ਪਤੈ ਕਿਉਂ ਨਹੀਂ ਬਣਿਆ?

ਕਹਿਣ ਲੱਗਿਆ, ਦੇਖੋ ਮੈਂ ਸੇਵਾ ਨਹੀਂ ਕਰਦਾ? ਕਿੰਨੇ ਗਵਾਹ ਨੇ, ਦੇਖ ਲਓ, ਸੰਗਤ ਨੂੰ ਪੁੱਛ ਲਓ ਆਪਣੀ। ਮੇਰਾ ਬਣਿਆ ਕਿਉਂ ਨਹੀਂ ਕੁਝ? ਮਹਾਂਪੁਰਸ਼ ਕਹਿੰਦੇ, ਤੈਨੂੰ ਦਸਦੇ ਹਾਂ। ਤੈਨੂੰ ਯਾਦ ਹੈ ਕਿ ਜਦੋਂ ਤੂੰ ਆਇਆ ਸੀ, ਜਦੋਂ ਅਸੀਂ ਪਾਰਸ ਦੀ ਵੱਟੀ ਪਿੱਤਲ ਦੀ ਗਾਗਰ ਵਿਚ ਰੱਖੀ ਸੀ।

ਕਹਿੰਦਾ, ਹਾਂ।

ਕਹਿੰਦੇ, ਜਾਹ ਕੱਢ ਕੇ ਲਿਆ ਅੰਦਰੋਂ। ਜਿਸ ਵੇਲੇ ਇਹਨੇ ਗਾਗਰ ਦੇਖੀ ਉਸੇ ਤਰ੍ਹਾਂ ਪਿੱਤਲ ਦੀ ਹੈ, ਉਸੇ ਤਰ੍ਹਾਂ ਵੱਟੀ ਪਈ ਹੋਈ ਹੈ ਪਾਰਸ ਦੀ। ਬਾਹਰ ਲੈ ਆਇਆ ਕਹਿਣ ਲੱਗਿਆ, ਮਹਾਂਪੁਰਸ਼ੋ! ਮੈਂ ਵੀ ਬਾਰ੍ਹਾਂ ਸਾਲ ਰਿਹਾ ਇਥੇ, ਮੇਰਾ ਵੀ ਕੁਝ ਨਹੀਂ ਬਣਿਆ। ਪਾਰਸ ਦੀ ਵੱਟੀ ਪਿੱਤਲ ਦੀ ਗਾਗਰ 'ਚ ਪਈ ਰਹੀ ਹੈ, ਗਾਗਰ ਦਾ ਵੀ ਕੁਝ ਨਹੀਂ ਬਣਿਆ। ਨਾ ਤੁਹਾਡੀ ਪਾਰਸ ਦੀ ਵੱਟੀ ਨੇ ਕੁਝ ਕੀਤਾ, ਨਾ ਤੁਸਾਂ ਮੇਰਾ ਕੁਛ ਕੀਤਾ। ਆਪਾਂ ਖਾਲੀ ਹਾਂ ਦੋਵੇਂ। ਗਾਗਰ ਵੀ ਐਵੇਂ ਹੀ ਰਹਿ ਗਈ, ਮੈਂ ਵੀ ਇਵੇਂ ਹੀ ਰਹਿ ਗਿਆ।

ਮਹਾਂਪੁਰਸ਼ ਕਹਿੰਦੇ, ਆ ਜਾ, ਤੈਨੂੰ ਦਸਦੇ ਹਾਂ। ਮਹਾਂਪੁਰਸ਼ਾਂ ਨੇ ਪਾਰਸ ਦੀ ਵੱਟੀ ਕੱਢੀ, ਜਿਹੜਾ ਦੁਆਲੇ ਪਤਲਾ ਪੜਦਾ ਸੀ, ਉਹ ਲਾਹਿਆ, ਲਾਹ ਕੇ ਉਹ ਜਿਸ ਵੇਲੇ ਗਾਗਰ ਦੇ ਨਾਲ ਲਾਇਆ, ਉਸੇ ਵੇਲੇ ਗਾਗਰ, ਸੋਨਾ ਬਣ ਗਈ। ਕਹਿੰਦੇ, ਦੇਖ ਬਾਰ੍ਹਾਂ ਸਾਲ ਕੁਝ ਨਹੀਂ ਬਣਿਆ। ਹੁਣ ਦੇਰ ਨਹੀਂ ਲੱਗੀ? ਕਾਰਨ ਕੀ ਹੈ? ਇਹਦੇ ਦੁਆਲੇ ਪੜਦਾ ਸੀ। ਗਾਗਰ ਦੇ ਤੇ ਪਾਰਸ ਦੀ ਵੱਟੀ ਦੇ ਦੁਆਲੇ ਇਕ ਪੜਦਾ ਆ ਗਿਆ ਪਤਲਾ ਜਿਹਾ। ਇਸੇ ਤਰ੍ਹਾਂ ਪਿਆਰਿਆ ਤੇਰੇ ਅੰਦਰ ਵੀ ਹਉਮੈ ਦਾ ਪੜਦਾ ਹੈ। ਠੀਕ ਤੁਰਿਆ ਬਾਰ੍ਹਾਂ ਸਾਲ, ਪਰ ਤੇਰਾ ਕੁਝ ਬਣਿਆ ਨਾ। ਸੋ ਜਿਹਦੇ ਅੰਦਰ ਇਹ ਕੁਝ ਹੁੰਦੈ, ਉਹ, ਸਾਧਸੰਗਤ ਜੀ! ਖਾਲੀ ਰਹਿ ਜਾਇਆ ਕਰਦੈ। ਜਿਹਦੇ ਅੰਦਰ ਸੇਵਾ ਭਾਵ ਹੈ, ਉਹਦੇ ਉਪਰ ਬਖਸ਼ਿਸ਼ਾਂ ਹੋ ਜਾਇਆ ਕਰਦੀਆਂ ਨੇ।

ਸੋ ਜਦੋਂ ਆਪਾਂ ਗੁਰੂ ਦੇ ਦਰ 'ਤੇ ਆਉਣਾ ਹੈ ਸਾਧਸੰਗਤ ਜੀ! ਬਿਲਕੁਲ ਖਾਲੀ ਹੋ ਕੇ ਆਉਣਾ ਹੈ, ਕੁਝ ਬਣ ਕੇ ਨਹੀਂ ਆਉਣਾ।

ਬਾਬਾ ਫਰੀਦ ਜੀ ਨੇ ਜਿਸ ਵਕਤ ਕਠਿਨ ਤਪੱਸਿਆ ਕੀਤੀ ਸੀ -

*ਫਰੀਦਾ ਤਨੁ ਸੁਕਾ ਪਿੰਜਰੁ ਥੀਆ*
*ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ*
*ਦੇਖੁ ਬੰਦੇ ਕੇ ਭਾਗ ॥* *ਅੰਗ - ੧੩੮੨*

ਆਹ ਹਾਲਤ ਹੋ ਗਈ ਸੀ। ਉਸ ਵੇਲੇ ਇਕ ਪੂਰਨ ਮਹਾਂਪੁਰਸ਼ ਮਿਲੇ ਉਹਨਾਂ ਨੇ ਕਿਹਾ ਕਿ ਬਾਬਾ ਫਰੀਦ ਜੀ ਆਹ ਨਾ ਕਰੋ। ਗੁਰੂ ਸਾਹਿਬ ਦਾ ਫੁਰਮਾਨ ਹੈ -

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥*
*ਅੰਗ - ੧੩੮੪*

ਮੁਰਸ਼ਦ ਦੇ ਲੜ ਲਗ ਜਾ ਕੇ। ਜਾਹ, ਪੂਰਾ ਮੁਰਸ਼ਦ ਲੱਭ, ਜਾ ਕੇ। ਤਪੱਸਿਆ ਛੱਡ ਕੇ ਬਾਬਾ ਫਰੀਦ ਜੀ ਮਹਾਂਪੁਰਸ਼ ਬੁਖਤਿਆਰ-ਦੀਨ-ਕਾਕੀ ਦੀ ਸ਼ਰਨ ਵਿਚ ਗਏ, ਜਿਸ ਵੇਲੇ ਉਥੇ ਗਏ ਤਾਂ ਕੀ ਕੌਤਕ ਕੀਤਾ ਉਹਨਾਂ ਨੇ, ਉਹ ਬੱਚਿਆਂ ਨਾਲ ਗੇਂਦ ਖੇਡ ਰਹੇ ਸੀ। ਬਾਬਾ ਫਰੀਦ ਜੀ ਨੇ ਵਿਚਾਰ ਕੀਤੀ ਕਿ ਮੈਂ ਇਹਨਾਂ ਦਾ ਸੇਵਕ ਬਣਨਾ ਹੈ, ਸੇਵਕ ਤਾਂ ਇਹਨਾਂ ਦੇ ਹੋਰ ਵੀ ਬਥੇਰੇ ਨੇ, ਪਤਾ ਤਾਂ ਲੱਗੇ ਕਿ ਕੋਈ ਖਾਸ ਆਇਆ ਹੈ। ਆਪਾਂ ਆਪਣਾ ਆਪ ਦਿਖਾਈਏ ਤਾਂ ਸਹੀ ਕੁਝ। ਬਾਬਾ ਫਰੀਦ ਜੀ ਨੇ

ਨਿਗ੍ਹਾ ਕੀਤੀ, ਗੇਂਦ ਉਤੇ ਹੀ ਟਿਕਾ ਦਿਤੀ, ਅਕਾਸ਼ ਵਿਚ। ਮੁਰਸ਼ਦ ਨੇ ਦੇਖਿਆ ਕਿ ਕੌਣ ਆ ਗਿਆ ਸ਼ਕਤੀਆਂ ਦਿਖਾਉਣ ਵਾਲਾ? ਫਰੀਦ ਹੈ? ਮੁਰਸ਼ਦ ਨੇ ਨਿਗ੍ਹਾ ਕੀਤੀ ਗੇਂਦ ਥੱਲੇ ਡਿੱਗ ਪਈ। ਫਰੀਦ ਨੂੰ ਕਹਿਣ ਲੱਗੇ ਕਿ ਜਾਹ, ਵਾਪਸ ਚਲਿਆ ਜਾਹ। ਅਜੇ ਨਹੀਂ ਭਾਂਡਾ ਤਿਆਰ ਹੋਇਆ।

ਇਕ ਦਿਨ ਫੇਰ ਆਇਆ ਦੁਬਾਰਾ, ਮੁਰਸ਼ਦ ਇਕ ਦਰਖਤ ਥੱਲੇ ਬੈਠਾ ਹੈ। ਸਾਰੇ ਪੱਤੇ ਸੁੱਕੇ ਹੋਏ ਨੇ, ਛਾਂ ਥੋੜ੍ਹੀ ਹੈ, ਧੁੱਪ ਜ਼ਿਆਦਾ ਹੈ, ਕਹਿਣ ਲੱਗਿਆ, ਮੇਰਾ ਮੁਰਸ਼ਦ ਹੋਵੇ, ਧੁੱਪੇ ਬੈਠੇ? ਆਪਾਂ ਕਰਕੇ ਦਿਖਾਈਏ। ਉਹਨੂੰ ਇਸ ਤਰ੍ਹਾਂ ਨਹੀਂ ਪਤਾ ਕਿ ਮੁਰਸ਼ਦ ਤਾਂ ਖਜ਼ਾਨੇ ਦਾ ਮਾਲਕ ਹੈ।

ਭਾਈ ਸਾਹਿਬ ਭਾਈ ਮਤੀ ਦਾਸ ਜੀ ਗੁਰੂ ਨੌਵੇਂ ਪਾਤਸ਼ਾਹ ਜੀ ਦਾ ਸ਼ੀਤ ਪ੍ਰਸ਼ਾਦ ਲੈ ਕੇ ਵਜਦ ਵਿਚ ਆ ਗਏ। ਕਹਿਣ ਲੱਗੇ, ਮਹਾਰਾਜ! ਹੁਕਮ ਕਰੋ, ਮੈਂ ਦਿੱਲੀ ਅਤੇ ਲਾਹੌਰ ਦੇ ਛੈਣੇ ਵਜਾ ਦੇਵਾਂਗਾ। ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਕਹਿੰਦੇ, ਇਹ ਸ਼ਕਤੀ ਕਿੱਥੋਂ ਮਿਲੀ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਹਾਡੀ ਕ੍ਰਿਪਾ। ਮਹਾਰਾਜ ਕਹਿੰਦੇ, ਅਸੀਂ ਸਭ ਕੁਝ ਸੰਭਾਲ ਕੇ ਬੈਠੇ ਹਾਂ, ਤੇਰੇ ਕੋਲੋਂ ਆਹ ਨਹੀਂ ਸੰਭਾਲੀ ਜਾਂਦੀ। ਅਸੀਂ ਇਥੇ ਸ਼ਕਤੀਆਂ ਦਿਖਾਉਣ ਨਹੀਂ ਆਏ। ਅਸੀਂ ਤਿਲਕ ਜੰਞੂ ਦੀ ਰਾਖੀ ਕਰਨੀ ਹੈ, ਰੱਖਿਆ ਕਰਨੀ ਹੈ, ਸੰਸਾਰ ਦਾ ਭਲਾ ਕਰਨਾ ਹੈ ਅਸੀਂ। ਤੂੰ ਸਾਡੇ ਕੋਲੋਂ ਸ਼ਕਤੀਆਂ ਪਾ ਕੇ ਸਾਨੂੰ ਹੀ ਕਹਿੰਦਾ ਹੈਂ ਕਿ ਹੁਕਮ ਕਰੋ।

ਬਾਬਾ ਫਰੀਦ ਜੀ ਨੇ ਹੁਣ ਖਿਆਲ ਕੀਤਾ। ਇਹ ਨਹੀਂ ਪਤਾ ਕਿ ਮੈਂ ਤਾਂ ਮੁਰਸ਼ਦ ਦੇ ਸ਼ਰਨੀ ਲੱਗਣੈ, ਉਹ ਤਾਂ ਮਾਲਕ ਨੇ ਪਰ ਖਿਆਲ ਆਇਆ ਦਿਖਾਵਾਂ ਤਾਂ ਸਹੀ। ਨਿਗ੍ਹਾ ਕੀਤੀ, ਸੁੱਕਾ ਦਰਖ਼ਤ ਹਰਾ ਭਰਾ ਕਰ ਦਿਤਾ। ਮੁਰਸ਼ਦ ਨੇ ਦੇਖਿਆ ਕਿ ਅਜੇ ਵੀ ਡਰਾਉਣੋ ਨਹੀਂ ਹਟਦਾ। ਮੁਰਸ਼ਦ ਨੇ ਇਕ ਨਿਗ੍ਹਾ ਕੀਤੀ ਦਰਖ਼ਤ ਫੇਰ ਪਹਿਲਾਂ ਦੀ ਤਰ੍ਹਾਂ ਕਰ ਦਿਤਾ। ਕਹਿੰਦੇ ਜਾਹ, ਖਾਲੀ ਮੁੜ ਜਾ ਤੂੰ। ਵਾਪਸ ਜਾਹ।

ਫੇਰ ਜਦੋਂ ਬਾਬਾ ਫਰੀਦ ਜੀ ਖਾਲੀ ਹੋ ਗਏ, ਨਿਮਾਣੇ ਹੋ ਗਏ। ਮੁਰਸ਼ਦ ਦੀ ਸ਼ਰਨ ਵਿਚ ਆਏ। ਫੇਰ ਉਹਨਾਂ ਨੇ 14 ਸਾਲ ਸੇਵਾ ਕੀਤੀ। ਫੇਰ ਬਖਸ਼ੇ ਗਏ। ਸੋ ਆਉਣਾ ਕਿਵੇਂ ਹੈ? -

*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*

*ਅੰਗ - ੪੭੪*

ਆਪਣਾ ਆਪ ਗਵਾਵੇ। ਹੁਣ ਜਿਹੜੀ ਰਾਣੀ ਸੀ, ਉਹ ਨਿਮਰਤਾ ਵਾਲੀ ਸੀ। ਨਿਮਾਣੀ ਹੋ ਕੇ ਆਈ। ਰਾਣੀ ਬਣ ਕੇ ਨਹੀਂ ਆਈ, ਸੇਵਕ ਬਣ ਕੇ ਆਈ। ਭਗਤ ਰਵਿਦਾਸ ਜੀ ਨੂੰ ਇਕ ਆਮ ਮਨੁੱਖ ਨਹੀਂ ਸਮਝ ਰਹੀ। ਰੱਬ ਦਾ ਰੂਪ ਸਮਝ ਰਹੀ ਹੈ ਕਿ ਮੇਰੇ 'ਤੇ ਕ੍ਰਿਪਾ ਕਰੋ। ***'ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ '*** ਇਉਂ ਬੇਨਤੀਆਂ ਕਰਦੀ ਹੈ। ਮੇਰਾ ਆਪ ਦੇ ਦਰਸ਼ਨ ਕਰਕੇ ਮਨ ਸ਼ਾਂਤ ਹੋ ਗਿਆ। ਮੈਂ ਨਾਮ ਦੀ ਮਹਿਮਾ ਸੁਣੀ ਹੈ, ਮੇਰਾ ਤਪਦਾ ਹਿਰਦਾ ਸ਼ਾਂਤ ਹੋ ਗਿਆ। ਇਹ ਨਿਸ਼ਾਨੀ ਹੁੰਦੀ ਹੈ। ਜਿਥੇ ਵਾਹਿਗੁਰੂ ਦੇ ਪਿਆਰੇ ਉਹਦੇ ਨਾਲ ਜੁੜੇ ਹੋਏ ਨੇ, ਉਹਦੇ ਪਿਆਰ ਵਿਚ ਬਾਣੀ ਪੜ੍ਹਦੇ ਨੇ, ਉਹਦਾ ਜਸ ਕਰਦੇ ਨੇ, ਉਹ ਨਿਸ਼ਾਨੀ ਆਹ ਦੱਸੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ -

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*
*ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥*
*ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥*
*ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥*
*ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥*

*ਅੰਗ - ੩੨੦*

ਸੋ ਆਹ ਨਿਸ਼ਾਨੀ ਹੈ ਪ੍ਰਮੇਸ਼ਰ ਦੇ ਪਿਆਰਿਆਂ ਦੀ। ਉਹਨਾਂ ਦੇ ਦਰਸ਼ਨ, ਉਹਨਾਂ ਦੇ ਬਚਨ, ਉਹਨਾਂ ਦਾ ਸਤਿਸੰਗ ਸੁਣਨ ਦਾ ਜਿਹੜਾ ਫਲ ਹੈ, ਜਦੋਂ ਸਤਿਸੰਗ ਵਿਚ ਆ ਜਾਏਗਾ ਮਨੁੱਖ, ਤਪਦਾ ਹਿਰਦਾ ਸ਼ਾਂਤ ਹੋ ਜਾਏਗਾ। ਇਹ ਤਾਂ ਹੈਗਾ ਸੱਚ। ਹੁਣ ਦੂਸਰੇ ਪਾਸੇ ਕੀ ਹੁੰਦੈ? ਦੂਸਰੇ ਪਾਸੇ ਮਨ ਨੂੰ ਸ਼ਾਂਤੀ ਨਹੀਂ ਹੁੰਦੀ। ਮਨ ਤਪਦਾ ਸ਼ਾਂਤ ਹੋਇਆ ਹੀ ਨਹੀਂ, ਉਥੇ ਫਾਇਦਾ ਕੀ ਹੈ, ਲਾਭ ਕੀ ਹੈ। ਬੜੇ ਭੁਲੇਖੇ ਪਾਏ ਜਾਂਦੇ ਨੇ ਅੱਜਕਲ੍ਹ, ਪਰਸੋਂ ਮੈਂ ਰਾਤ ਸੰਗਤ ਨੂੰ ਬੇਨਤੀ ਕੀਤੀ ਸੀ ਕਿ ਉਥੇ ਇੰਗਲੈਂਡ ਪ੍ਰੇਮੀ ਮਿਲੇ, ਕਿਵੇਂ ਲੋਕਾਂ ਨੂੰ ਬੁੱਧੂ ਬਣਾਇਆ ਜਾਂਦੈ।

ਜਿਵੇਂ ਮਹਾਂਪੁਰਸ਼ਾਂ ਨੂੰ ਕੈਲੇਫੋਰਨੀਆ ਤੋਂ ਫੋਨ ਆਇਆ ਸੀ ਕਿ ਇਥੇ ਕੋਈ ਆਇਆ ਹੈ, ਉਹ ਮੱਥੇ 'ਤੇ ਲਾਈਟ ਜਗਾ ਦਿੰਦੇ ਨੇ।

ਹੁੰਦਾ ਕੀ ਹੈ ਹੁਣ? ਪ੍ਰੇਮੀ ਕਹਿੰਦੇ ਕਿ ਅਸੀਂ ਕਿਹਾ ਕਿ ਕੁਝ ਬਣ ਜਾਵੇ ਸਾਡਾ। ਹੁਣ ਅੱਜਕੱਲ੍ਹ ਢੰਗ ਕੀ ਵਰਤਦੇ ਨੇ? ਕਹਿੰਦੇ, ਸਾਨੂੰ ਬਿਠਾ ਲਿਆ,

ਕਹਿੰਦੇ ਅੱਖਾਂ ਮੀਟ ਲਓ, ਅੱਖਾਂ ਨਹੀਂ ਖੋਲ੍ਹਣੀਆਂ। ਤੁਹਾਡੇ ਉਪਰ ਹੁਣ ਕ੍ਰਿਪਾ ਕਰਨੀ ਹੈ, ਤੁਹਾਡੇ ਜੋਤ ਜਗਾਉਣੀ ਹੈ। ਇਕ ਬਲਬ ਬਹੁਤ ਤੇਜ਼ ਲਾਇਆ ਹੋਇਆ ਸੀ, ਉਹਦਾ ਸਵਿੱਚ ਆਪਣੇ ਕੋਲ ਰੱਖਿਆ ਹੋਇਆ ਸੀ। ਜਦੋਂ ਦੇਖਿਆ ਕਿ ਸਾਰਿਆਂ ਨੇ ਅੱਖਾਂ ਮੀਟੀਆਂ ਨੇ। ਉਹ ਖੋਲ੍ਹ ਬੰਦ, ਖੋਲ੍ਹ ਬੰਦ ਕਰਕੇ ਬਟਨ ਨੂੰ ਮਾੜਾ ਜਿਹਾ ਝਲਕਾਰਾ ਮਾਰ ਦਿੰਦਾ ਸੀ।

ਤੁਸੀਂ ਆਪ ਹੀ ਕਿਤੇ ਦੇਖ ਲਿਓ, ਹਨ੍ਹੇਰੇ 'ਚ ਕਿਤੇ ਬਹਿ ਜਾਓ, ਤੇਜ਼ ਲਾਈਟ ਵਾਲਾ ਬਲਬ ਹੋਵੇ, ਜਦੋਂ ਅੱਖਾਂ ਮੀਟੋਗੇ, ਤੇ ਸਵਿੱਚ ਓਨ ਕਰੋਗੇ ਤੁਹਾਡੇ ਮੱਥੇ ਤੇ, ਅੱਖਾਂ ਕੋਲ ਲਾਲ-ਲਾਲ ਦਿਸੇਗਾ।

ਕਹਿੰਦਾ, ਹਾਂ ਭਾਈ ਹੋਇਆ? ਪਿਆ ਲਿਸ਼ਕਾਰਾ?

ਕਹਿੰਦੇ, ਹਾਂ ਜੀ। ਜੋਤ ਦਿਖਾ ਦਿਤੀ ਉਹਨਾਂ ਨੇ।

ਐਡਾ ਧੋਖਾ?

ਕੋਈ ਰੰਬੇ ਦੇ ਨਾਲ ਘਾਹ ਖੋਤਦਾ ਸੀ, ਰੰਬਾ ਘੁੰਮਾਇਆ, ਉਹਦਾ ਨੱਕ ਕੱਟਿਆ ਗਿਆ। ਆਪਾਂ ਨੂੰ ਤਾਂ ਹਰ ਕਿਸੇ ਨੇ ਨੱਕ ਕਟਾ ਹੀ ਕਹਿਣੈ, ਬਹਿਣ ਨਹੀਂ ਦੇਣਾ। ਉਹਨੇ ਖਾਸ ਲਿਬਾਸ ਪਹਿਨ ਲਿਆ। ਜਿਸ ਵੇਲੇ ਕਿਸੇ ਨੇ ਪੁੱਛਿਆ ਤਾਂ ਕਹਿੰਦਾ ਭਾਈ! ਨੱਕ ਕਟਾਉਣ ਨਾਲ ਬ੍ਰਹਮ ਦੇ ਦਰਸ਼ਨ ਹੁੰਦੇ ਨੇ। ਉਹਨੇ ਕਿਹਾ ਕਿ ਪਤਾ ਨਹੀਂ ਉਸ ਤਰ੍ਹਾਂ ਹੋਣੇ ਕਿ ਨਹੀਂ ਹੋਣੇ। ਕਿਥੇ ਧੂਣੀਆਂ ਤਾਪਣੀਆਂ, ਜਲ ਧਾਰੇ ਕਰਨੇ, ਕਹਿੰਦਾ, ਮਹਾਰਾਜ! ਜੇ ਨੱਕ ਕਟਾਉਣ ਨਾਲ ਦਰਸ਼ਨ ਹੋ ਜਾਂਦੇ ਨੇ, ਤਾਂ ਕਰ ਦਿਓ ਮੇਰੇ ਤੇ ਕ੍ਰਿਪਾ। ਜਦੋਂ ਉਹਦਾ ਨੱਕ ਉਹਨੇ ਕੱਟਿਆ, ਖੂਨ ਦੀ ਧਤੀਰੀ ਚੱਲੀ, ਉਹਨੇ ਕਿਹਾ, ਮਹਾਰਾਜ! ਦਰਸ਼ਨ ਨਹੀਂ ਹੋਏ? ਕਹਿੰਦਾ, ਗੱਲ ਬਸ ਐਨੀ ਹੈ ਕਿ ਮੈਂ ਗੁਰੂ ਤੂੰ ਚੇਲਾ। ਗੱਲ ਸੁਣ ਲੈ ਚੰਗੀ ਤਰ੍ਹਾਂ, ਆਪਾਂ ਹੋਰ ਕਿਸੇ ਦਾ ਨੱਕ ਨਹੀਂ ਰਹਿਣ ਦੇਣਾ। ਜਿਹੜਾ ਆਵੇ, ਤੂੰ ਕਹੀਂ ਹਾਂ, ਜੇ ਮਹਾਰਾਜ ਜੀ ਨੱਕ ਕੱਟ ਦੇਣ ਉਸੇ ਵੇਲੇ ਬ੍ਰਹਮ ਦੇ ਦਰਸ਼ਨ ਹੋ ਜਾਂਦੇ ਨੇ। ਲੱਗੇ ਲੋਕੀ ਨੱਕ ਕਟਾਉਣ। ਹੁਣ ਜਿਹਦਾ ਕੱਟਿਆ ਜਾਵੇ, ਉਹ ਤਾਂ ਦੱਸੇ ਨਾ। ਉਹ ਕਹੇ ਹਾਂ ਜੀ ਦਰਸ਼ਨ ਹੁੰਦੇ ਨੇ। ਮਤਲਬ ਕਿ ਜੇ ਸਾਡਾ ਨੱਕ ਨਹੀਂ ਰਿਹਾ, ਕਿਸੇ ਦਾ ਵੀ ਨਾ ਰਹੇ। ਜੇ ਦਸਦੇ ਨਾ ਤਾਂ ਦੂਜਿਆਂ ਨੇ ਕਟਾਉਣੇ ਹੀ ਨਹੀਂ।

ਇਕ ਚਲਾਕ ਆਦਮੀ ਉਹਨੇ ਕਿਹਾ ਰਾਜੇ ਨੂੰ ਠੱਗੀਏ। ਰਾਜੇ ਕੋਲ ਚਲਿਆ ਗਿਆ, ਕਹਿੰਦਾ, ਮਹਾਰਾਜ! ਮੈਂ ਬਹੁਤ ਕਮਾਲ ਦਾ ਕੱਪੜਾ ਬੁਣਦਾ ਹਾਂ। ਮੈਂ ਤੁਹਾਡੀ ਪੱਗ ਬਹੁਤ ਰੀਝ ਨਾਲ ਐਹੋ ਜਿਹੀ ਬਣਾਉਣੀ ਹੈ ਕਿ ਝਲਕਾਰੇ, ਚਮਕਾਂ ਮਾਰੇ ਪੱਗ ਤੇ ਇਨਾਮ ਲੈਣਾ ਹੈ। ਕੁਝ ਥੋੜ੍ਹੀ ਜਿਹੀ ਮਾਇਆ ਬਖਸ਼ ਦਿਓ, ਮੈਂ ਤਿਆਰੀ ਕਰ ਲਵਾ। ਮੈਂ ਐਸੀਆਂ-ਐਸੀਆਂ ਚੀਜ਼ਾਂ ਜੜ੍ਹਣੀਆਂ ਨੇ।

ਕਹਿੰਦਾ, ਠੀਕ ਹੈ।

ਰਾਜੇ ਨੂੰ ਕਹਿਣ ਲੱਗਿਆ, ਰਾਜਨ! ਮੇਰੀ ਇਕ ਸ਼ਰਤ ਹੈ, ਕਹਿੰਦਾ, ਪੱਗ ਤਾਂ ਬਣੇਗੀ ਕਮਾਲ ਦੀ ਪਰ ਜਿਹੜਾ ਖੋਟਾ ਬੰਦਾ ਹੋਇਆ, ਉਹਨੂੰ ਨਹੀਂ ਨਜ਼ਰ ਆਉਣੀ।

ਉਹ ਕਹਿੰਦਾ, ਫੇਰ ਕੀ ਹੋਇਆ, ਖੋਟੇ ਨੂੰ ਹੀ ਨਹੀਂ ਦਿੱਸੇਗੀ, ਬਾਕੀਆ ਨੂੰ ਤਾਂ ਦਿਸੇਗੀ?

ਕੁਝ ਮੋਹਰਾਂ ਲੈ ਲਈਆਂ। ਤਰੀਕ ਦੇ ਦਿਤੀ ਕਿ ਆਹ ਦੋ ਮਹੀਨੇ ਨੂੰ ਤਿਆਰ ਹੋਣੀ ਹੈ, ਜਿਸ ਵੇਲੇ ਮਹੀਨਾ ਕੁ ਲੰਘਿਆ, ਰਾਜਾ ਅਹਿਲਕਾਰਾਂ ਨੂੰ ਕਹਿੰਦਾ ਕਿ ਭਾਈ! ਜਾ ਕੇ ਉਹਦਾ ਤਾਣਾ ਬਾਣਾ ਦੇਖ ਕੇ ਆਓ ਕਿ ਕਿਸ ਤਰ੍ਹਾਂ ਦੀ ਪੱਗ ਤਿਆਰ ਹੋ ਰਹੀ ਹੈ? ਦੇਖੋ ਤਾਂ ਸਹੀ ਜਾ ਕੇ, 10-12 ਬੰਦੇ ਉਹਨੇ ਭੇਜੇ। ਇਹ ਚਲਾਕ ਬੰਦਾ ਜਿਹੜਾ ਸੀ ਇਹਨੇ ਤੰਦ ਤਾਂ ਇਕ ਵੀ ਨਹੀਂ ਪਾਈ, ਦੋ ਕਿੱਲੀਆਂ ਗੱਡੀਆਂ, ਏਧਰੋ ਓਧਰ ਨੂੰ ਬਸ ਤੁਰਿਆ ਜਾਵੇ। ਉਹ ਸਾਰਿਆਂ ਨੇ ਦੇਖਿਆ ਕਿ ਪੱਗ ਤਿਆਰ ਹੋ ਰਹੀ, ਪਰ ਦਿਸੇ ਕਿਸੇ ਨੂੰ ਕੱਖ ਨਾ। ਹਰ ਕਿਸੇ ਨੂੰ ਸ਼ੱਕ ਪੈ ਗਿਆ ਕਿ ਮੈਂ ਖੋਟਾ ਹਾਂ ਮੈਨੂੰ ਨਹੀਂ ਦਿਸ ਰਹੀ। ਦੂਜੇ ਨੂੰ ਦਿਸ ਰਹੀ ਹੋਣੀ ਹੈ। ਇਕ ਨੇ ਫਟਾਫਟ ਕਹਿ ਦਿਤਾ ਕਿ ਪੱਗ ਬੜੀ ਸੋਹਣੀ ਹੈ। ਦੂਜੇ ਨੇ, ਤੀਜੇ ਨੇ ਵੀ ਇਹੀ ਕਹਿਣਾ ਸ਼ੁਰੂ ਕਰ ਦਿਤਾ ਪਰ ਸਭ ਅੰਦਰੋਂ ਅੰਦਰੀ ਸੋਚਣ ਕਿ ਪੱਗ ਮੈਨੂੰ ਨਹੀਂ ਦਿਸ ਰਹੀ, ਮੈਂ ਖੋਟਾ ਹਾਂ, ਦੂਜੇ ਬੰਦੇ ਸਹੀ ਨੇ। ਆ ਕੇ ਸਾਰੇ ਰਾਜੇ ਨੂੰ ਕਹਿਣ ਲੱਗੇ ਕਿ ਰਾਜਨ! ਪੱਗਾਂ ਤੁਸੀਂ ਬੜੀਆਂ ਵਧੀਆਂ ਬੰਨ੍ਹੀਆਂ, ਪਰ ਜਿਹੜੀ ਆਹ ਪੱਗ ਹੈ ਇਹ ਤਾਂ ਬੜੀ ਕਮਾਲ ਦੀ ਹੈ, ਉਹਦੀ ਤਾਂ ਤੰਦ-ਤੰਦ ਲਿਸ਼ਕਾਂ ਮਾਰਦੀ ਹੈ। ਉਹ ਜਿਹੜੀ ਤਰੀਕ ਦਿਤੀ ਸੀ, ਵੱਡਾ ਦਰਬਾਰ ਲੱਗਾ ਰਾਜੇ ਦਾ, ਇਸ ਚਲਾਕ ਬੰਦੇ ਨੇ ਕੀ ਕੀਤਾ, ਟੋਕਰੀ

'ਚ ਫੁੱਲ ਰੱਖੇ, ਟੋਕਰੀ ਜਿਸ ਵਕਤ ਸਟੇਜ 'ਤੇ ਲਿਆ ਕੇ ਰੱਖੀ, ਲੋਕ ਤਾੜੀਆਂ ਮਾਰਨ। ਵਜ਼ੀਰ ਵੀ ਕਹੇ ਵਾਹ ਕਮਾਲ ਦੀ ਪੱਗ ਹੈ। ਲਿਸ਼ਕਾਂ ਮਾਰਦੀ ਹੈ। ਡਰ ਸਾਰਿਆਂ ਨੂੰ ਹੈ ਕਿ ਜਿਹਨੇ ਆਖਿਆ ਕਿ ਨਹੀਂ ਹੈ, ਉਹਨੂੰ ਸਾਰਿਆਂ ਨੇ ਖੋਟਾ ਕਹਿਣਾ ਹੈ।

ਜਦੋਂ ਰਾਜੇ ਨੇ ਦੇਖਿਆ, ਰਾਜੇ ਨੂੰ ਦਿਸਿਆ ਕੱਖ ਨਾ। ਰਾਜੇ ਨੇ ਸਮਝਿਆ ਕਿ ਸਾਰੇ ਸਹੀ ਨੇ, ਫੇਰ ਮੈਂ ਹੀ ਖੋਟਾ ਹਾਂ, ਜਿਹੜਾ ਮੈਨੂੰ ਪੱਗ ਨਹੀਂ ਦਿਸ ਰਹੀ। ਮੈਂ ਹੁਣ ਕਿਵੇਂ ਕਹਿ ਦੇਵਾਂ ਕਿ ਪੱਗ ਹੈ ਨਹੀਂ ਹੈ।

ਉਹ ਕਹਿਣ ਲੱਗਿਆ, ਪੱਗ ਫੇਰ ਬੰਨਿਓ, ਪਹਿਲਾਂ ਮੈਨੂੰ ਇਨਾਮ ਦਿਓ। ਪੱਗ ਠੀਕ ਹੈ? ਰਾਜਾ ਕਿਵੇਂ ਕਹਿੰਦਾ ਕਿ ਨਹੀਂ ਠੀਕ। ਕਹਿੰਦਾ, ਹਾਂ ਠੀਕ ਹੈ, ਇਹਨੂੰ ਇਨਾਮ ਦਿਓ ਪਹਿਲਾਂ। ਉਹ ਮੋਹਰਾਂ ਲੈ ਕੇ ਤਿੱਤਰ ਹੋਇਆ।

ਹੁਣ ਰਾਜੇ ਨੂੰ ਸਾਰੇ ਕਹਿਣ ਕਿ ਮਹਾਰਾਜ! ਪੱਗ ਬੰਨੋ। ਰਾਜੇ ਨੇ ਪਹਿਲਾਂ ਬੰਨ੍ਹੀਂ ਪੱਗ ਲਾਹ ਦਿਤੀ। ਓਵੇਂ ਹੀ ਫੁੱਲਾਂ 'ਚ ਹੱਥ ਮਾਰੀ ਜਾਵੇ, ਸਾਰੇ ਤਾੜੀਆਂ ਮਾਰਨ, ਰਾਜੇ ਦੀ ਜੈ-ਜੈਕਾਰ ਕਰਨ ਕਿ ਕਿਤੇ ਪੱਗ ਬੱਝੀ ਹੈ ਰਾਜੇ ਦੀ, ਉਹ ਨੰਗੇ ਸਿਰ ਬੈਠਾ।

ਐਨੇ ਚਿਰ ਨੂੰ ਇਕ ਮਹਾਤਮਾ ਆ ਗਿਆ। ਉਹ ਆ ਕੇ ਕਹਿਣ ਲੱਗਿਆ ਰਾਜੇ ਨੂੰ ਕਿ ਤੂੰ ਨੰਗੇ ਸਿਰ ਕਿਉਂ ਬੈਠੈ ਰਾਜਾ ਹੋ ਕੇ? ਰਾਜਾ ਘਬਰਾ ਗਿਆ। ਜਦੋਂ ਮਹਾਤਮਾ ਨੇ ਕਿਹਾ ਕਿ ਨੰਗੇ ਸਿਰ ਬੈਠੈਂ? ਸਾਰੇ ਵੀ ਕਹਿਣ ਲੱਗੇ ਕਿ ਹਾਂ ਨੰਗੇ ਸਿਰ ਬੈਠਾ ਹੈ। ਰਾਜਾ ਕਹਿੰਦਾ, ਤੁਸੀਂ ਮੈਨੂੰ ਸਾਰੇ ਕਹਿੰਦੇ ਸੀ ਕਿ ਪੱਗ ਬੜੀ ਵਧੀਆ ਹੈ।

ਇਸ ਤਰ੍ਹਾਂ ਸਾਧਸੰਗਤ ਜੀ! ਬ੍ਰਹਮ ਦੇ ਦਰਸ਼ਨ ਹੋਈ ਜਾਂਦੇ ਨੇ ਅੱਜਕਲ੍ਹ।

ਸੋ ਜਿਹੜਾ ਆਵੇ, ਨੱਕ ਕਟਾ ਲਵੇ, ਬ੍ਰਹਮ ਦੇ ਦਰਸ਼ਨ, ਬ੍ਰਹਮ ਦੇ ਦਰਸ਼ਨ। ਨੱਕ ਕੱਟਿਆਂ ਦਾ ਇਕ ਪੰਥ ਚਲ ਪਿਆ। ਗੁਰੂ ਅੱਗੇ, ਚੇਲੇ ਪਿੱਛੇ ਵਾਹ-ਬਈ-ਵਾਹ ਬਈ ਸਾਡੇ ਵੱਡੇ ਗੁਰੂ ਜਾ ਰਹੇ ਨੇ।

ਅਖੀਰ ਉਸ ਵੇਲੇ ਦਾ ਜਿਹੜਾ ਰਾਜਾ ਸੀ, ਉਹਨੇ ਕਿਹਾ ਕਿ ਕਮਾਲ ਹੋ ਗਈ। ਪਤਾ ਨਹੀਂ ਬ੍ਰਹਮ ਦੇ ਦਰਸ਼ਨ ਹੋਣੇ ਕਿ ਨਹੀਂ ਹੋਣੇ, ਨੱਕ ਕਟਾ ਕੇ ਦਰਸ਼ਨ ਤਾਂ ਕਰੀਏ। ਉਹ ਵੀ ਤਿਆਰ ਹੋ ਗਿਆ।

ਵਜ਼ੀਰ ਕਹਿੰਦਾ, ਨੱਕ ਫੇਰ ਕਟਾਇਓ, ਪਹਿਲਾਂ ਮੈਨੂੰ ਦਰਸ਼ਨ ਕਰ ਲੈਣ ਦਿਓ। ਜੇ ਤਾਂ ਮੈਨੂੰ ਦਰਸ਼ਨ ਹੋ ਗਏ ਤਾਂ ਤੂੰ ਕਟਾ ਲਈਂ ਜੇ ਮੈਨੂੰ ਨਾ ਹੋਏ, ਤਾਂ ਬਹਿ ਜਾ। ਵਜ਼ੀਰ ਆਇਆ ਤਾਂ ਉਹਨੇ ਚੇਲਿਆਂ ਨੂੰ ਪੁੱਛਿਆ। ਹੁਣ ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ। ਚੇਲੇ ਕਹਿੰਦੇ, ਜੀ! ਨੱਕ ਕੱਟਦਿਆਂ ਹੀ ਸਾਰੇ ਬ੍ਰਹਮ ਦੇ ਦਰਸ਼ਨ ਹੁੰਦੇ ਨੇ, ਝਲਕਾਰਾਂ ਪੈਂਦੀਆਂ ਨੇ, ਗੂੰਜਾਂ ਪੈਂਦੀਆਂ ਨੇ।

ਆਹ ਪਿਛਲੀ ਵਾਰ ਜਦੋਂ ਮੈਂ ਗਿਆ, ਇਕ ਘਰ ਵਾਲੇ ਬੰਦੇ ਆਏ ਹੋਏ ਸੀ, ਕਹਿੰਦੇ ਜੀ, ਸਾਨੂੰ ਤਾਂ ਜੀ ਹੁਣ ਕੋਈ ਚੀਜ਼ ਨਹੀਂ ਰਹੀ ਬਾਕੀ। ਸਾਨੂੰ ਤਾਂ ਉਹਨਾਂ ਨੇ ਜੋਤ ਦੇ ਦਰਸ਼ਨ ਕਰਾ ਦਿਤੇ। ਹੁਣ ਤਾਂ ਪੂਰਾ ਮਿਲ ਗਿਆ। ਅਸੀਂ 14 ਸਾਲ ਪਹਿਲਾਂ ਫਲਾਣੇ ਰਹੇ, ਫੇਰ ਹੋਰ ਕਿਤੇ ਗਏ। ਹੁਣ ਪੂਰਾ ਮਿਲ ਗਿਆ।

ਮੈਂ ਕਿਹਾ, ਤੁਹਾਡੇ ਨਾਲ ਬੜਾ ਧੋਖਾ ਹੋ ਗਿਆ। ਕੋਈ ਜੋਤ ਦੇ ਦਰਸ਼ਨ ਨਹੀਂ ਤੁਹਾਨੂੰ ਹੋਏ। ਕਿਉਂ ਭੁਲੇਖੇ 'ਚ ਪੈਂਦੇ ਹੋ ਤੁਸੀਂ? ਉਹ ਫੇਰ ਵਿਚਾਰਾ ਕੁਝ ਸਮਝਿਆ, ਫੇਰ ਛੱਡ ਕੇ ਦੂਜੇ ਪਾਸੇ ਗਿਆ।

ਵਜ਼ੀਰ ਜਦੋਂ ਆ ਗਿਆ ਤਾਂ ਕਹਿਣ ਲੱਗਿਆ, ਕੱਟੋ ਮੇਰਾ ਨੱਕ। ਨੱਕ ਕੱਟਿਆ ਤਾਂ ਕਹਿਣ ਲੱਗਿਆ, ਜੀ ਦਰਸ਼ਨ ਨਹੀਂ ਹੋਏ। ਤਾਂ ਕਹਿਣ ਲੱਗਿਆ, ਗੱਲ ਐਨੀ ਹੈ ਕਿ ਹੁਣ ਰਾਜੇ ਨੂੰ ਲੈ ਆ, ਫੇਰ ਆਪਣਾ ਹੀ ਰਾਜ ਹੋਊ। ਵਜ਼ੀਰ ਸੀ ਬੜਾ ਸਿਆਣਾ। ਉਹਨੇ ਬਾਦਸ਼ਾਹ ਨੂੰ ਕਿਹਾ ਸਭ ਧੋਖਾ ਹੈ, ਸਭ ਨੂੰ ਫੜ ਕੇ ਕੈਦ ਵਿਚ ਕਰ ਲਓ -

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ - ੯੫੩*

ਆਹ ਦੁਨੀਆਂ ਦੇ ਅੰਦਰ ਹਾਲਾਤ ਹੁੰਦੇ ਨੇ। ਜਿਧਰ ਸੱਚ ਹੈ ਓਧਰ ਕੀ ਹੁੰਦੈ? -

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*

*ਅੰਗ- ੩੨੦*

ਜਿਥੇ ਵੀ ਰੱਬ ਦਾ ਪਿਆਰਾ ਹੈ, ਚਾਹੇ ਸਤਿਜੁਗ ਹੈ, ਚਾਹੇ ਤ੍ਰੇਤਾ ਹੈ, ਚਾਹੇ ਦੁਆਪਰ ਹੈ, ਚਾਹੇ ਕਲਜੁਗ ਹੈ, ਚਾਹੇ ਉਹ ਕਿਸੇ ਧਰਮ ਦਾ ਹੈ। ਚਾਹੇ ਰਾਮ-ਰਾਮ ਭਜਨ ਵਾਲਾ ਹੈ, ਚਾਹੇ ਅੱਲਾਹ-ਅੱਲਾਹ ਜਪਣ ਵਾਲਾ ਹੈ ਚਾਹੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨ ਵਾਲਾ ਹੈ। ਜਿਥੇ ਵੀ ਪ੍ਰਮੇਸ਼ਰ ਦਾ ਪਿਆਰਾ

ਹੈ ਉਥੇ ਇਹ ਨਿਸ਼ਾਨੀ ਹੈ - ***'ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥'***

ਜਦੋਂ ਆਪਣੇ ਮਹਾਂਪੁਰਸ਼ ਕੀਰਤਨ ਕਰਿਆ ਕਰਦੇ ਸੀ, ਬਚਨ ਕਰਿਆ ਕਰਦੇ ਸੀ, ਕਿਵੇਂ ਤਪਦੇ ਹਿਰਦੇ ਸ਼ਾਂਤ ਹੁੰਦੇ ਸੀ। ਸੋ ਜਿਹੜੇ ਬ੍ਰਹਮ ਗਿਆਨੀ ਮਹਾਂਪੁਰਸ਼ ਨੇ ਜਦੋਂ ਉਹ ਬਚਨ ਕਰਦੇ ਨੇ, ਆਹ ਨਿਸ਼ਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸੀ ਹੈ-

*ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥*
*ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥*
*ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥*
*ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥*
*ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥*

*ਅੰਗ - ੩੨੦*

ਸੋ ਵਾਹਿਗੁਰੂ ਦੇ ਪਿਆਰੇ ਜਿਹੜੇ ਨੇ ਜਿਸ ਵਕਤ ਬਚਨ ਕਰਦੇ ਨੇ, ਪ੍ਰਮੇਸ਼ਰ ਦੀ ਸਿਫਤ ਸਲਾਹ ਕਰਦੇ ਨੇ, ਹੁੰਦਾ ਕੀ ਹੈ? 'ਅਮਿਉ ਚਲਹਿ ਝਰਣੇ' ਸੋ ਆਹ ਨਿਸ਼ਾਨੀ ਹੈ ਭਗਤ ਰਵਿਦਾਸ ਜੀ ਵਰਗੇ ਮਹਾਂਪੁਰਸ਼ਾਂ ਦੀ।

ਸੋ ਇਹ ਜਿਹੜੀ ਰਾਣੀ ਸੀ ਇਹਨੇ ਕਿਹਾ ਭਗਤ ਰਵਿਦਾਸ ਜੀ ਨੂੰ ਕਿ ਮਹਾਰਾਜ! ਮੇਰੇ ਉਤੇ ਕ੍ਰਿਪਾ ਕਰੋ।

ਭਗਤ ਰਵਿਦਾਸ ਜੀ ਨੇ ਬਖਸ਼ਿਸ਼ ਕੀਤੀ, ਬੜੀ ਨਿਹਾਲ ਹੋਈ। ਜੋ ਭੇਟਾ ਸੀ ਉਹ ਰੱਖ ਗਈ। ਜਿਸ ਵਕਤ ਉਥੋਂ ਜਦੋਂ ਵਾਪਸ ਗਈ, ਜਿਹੜੇ ਪੰਡਤ ਸੀ ਬੜੇ ਉਦਾਸ ਹੋ ਗਏ। ਕਹਿੰਦੇ, ਇਹਨੇ ਕੀ ਕੀਤਾ ਹੈ? ਚੱਲ ਪਏ ਪਿੱਛੇ। ਜਦੋਂ ਇਹ ਰਾਣੀ ਆਪਣੇ ਰਾਜ ਚਿਤੌੜ ਵਿਚ ਪਹੁੰਚਦੀ ਹੈ। ਇਹ ਵੀ ਪਿੱਛੇ-ਪਿੱਛੇ ਪਹੁੰਚੇ। ਇਥੇ ਤਾਂ ਅਸੀਂ ਧਰਨਾ ਦੇਣਾ ਹੈ ਕਿ ਸਾਡੇ ਨਾਲ ਕੀਤਾ ਕੀ ਹੈ? ਰਾਜੇ ਨੂੰ ਜਾ ਕੇ ਸ਼ਿਕਾਇਤ ਲਾਈ ਕਿ ਤੁਹਾਡੀ ਜਿਹੜੀ ਰਾਣੀ ਹੈ, ਦੇਖੋ, ਤੁਹਾਡੇ ਵਡ-ਵਡੇਰੇ ਵੀ ਆਉਂਦੇ ਸੀ। ਅਸੀਂ ਬੜਾ ਸਤਿਕਾਰ ਕਰਦੇ ਸੀ। ਇਹਨੇ ਜਾਤ-ਪਾਤ ਦੇਖੀ ਹੀ ਨਹੀਂ। ਉਥੇ ਕੀ ਹੈ, ਜਿਹਨੂੰ ਜਾ ਕੇ ਗੁਰੂ ਧਾਰਨ ਕਰ ਲਿਆ ਇਹਨੇ?

ਰਾਜੇ ਨੇ ਰਾਣੀ ਨੂੰ ਪੁੱਛਿਆ ਕਿ ਇਹ ਕੀ ਹੋਇਆ? ਰਾਣੀ ਕਹਿਣ ਲੱਗੀ, ਦੇਖੋ ਰਾਜਨ! ਗੱਲ ਕੁਛ ਨਹੀਂ। ਗੱਲ ਸਿਰਫ ਮਾਇਆ ਦੀ ਹੈ। ਮੈਂ ਇਹਨਾਂ ਨਾਲ ਗੱਲ ਕਰਦੀ ਹਾਂ, ਤੁਸੀਂ ਜ਼ਰਾ ਇਕ ਪਾਸੇ ਓਹਲੇ ਖੜ੍ਹੇ ਹੋ ਜਾਇਓ।

ਰਾਣੀ ਨੇ ਕੀ ਕੀਤਾ, ਕੁਝ ਮੋਹਰਾਂ ਲਈਆਂ। ਉਹਨਾਂ ਦੇ ਕੋਲ ਚਲੀ ਗਈ। ਜਿਥੇ ਕਹਿੰਦੇ ਸੀ ਕਿ ਅਸੀਂ ਤਾਂ ਧਰਨਾ ਦੇ ਦਿਤਾ ਹੁਣ। ਉਹਨਾਂ ਨੂੰ ਬੜੇ ਸਤਿਕਾਰ ਦੇ ਨਾਲ ਬੁਲਾਇਆ ਕਹਿਣ ਲੱਗੀ, ਪੰਡਤ ਜੀ! ਜਿਥੋਂ ਤੁਸੀਂ ਆਏ ਓ ਇਕੱਠੇ ਹੋ ਕੇ ਤੇ ਮੈਂ ਭੁੱਲ ਗਈ ਸੀ, ਮੈਂ ਤੁਹਾਨੂੰ ਦੱਛਣਾ ਦੇਣੀ ਸੀ। ਉਹ ਲੈ ਲਓ ਤੁਸੀਂ ਆਪਣੀ ਦੱਛਣਾ। ਜਦੋਂ ਮੋਹਰਾਂ ਮਿਲੀਆਂ ਖੁਸ਼ ਹੋ ਗਏ। ਰਾਣੀ ਕਹਿਣ ਲੱਗੀ, ਹੁਣ ਤਾਂ ਮੇਰੇ ਨਾਲ ਕੋਈ ਰੋਸ ਨਹੀਂ। ਕਹਿੰਦੇ, ਨਾ ਜੀ, ਸਾਡਾ ਰੋਸ ਕਾਹਦਾ ਹੈ। ਸਾਡੀ ਐਨੀ ਗੱਲ ਸੀ ਦੱਛਣਾ ਮਿਲ ਗਈ, ਤੁਸੀਂ ਓਧਰ ਜਾਓ, ਏਧਰ ਜਾਓ। ਚਾਹੇ ਰਵਿਦਾਸ ਜੀ ਦੇ ਜਾਓ, ਚਾਹੇ ਕਿਧਰੇ ਹੋਰ ਜਾਓ। ਤੁਸੀਂ ਸਾਡੀ ਦੱਛਣਾ ਉਥੇ ਦੇ ਆਉਂਦੇ। ਇਥੇ ਸਾਨੂੰ ਆਉਣ ਨਾ ਪੈਂਦਾ।

ਰਾਜਾ ਸੁਣਦੈ ਕਿ ਇਹ ਤਾਂ ਪਹਿਲਾਂ ਕਹਿੰਦੇ ਸੀ ਕਿ ਰਾਣੀ ਨੇ ਕਲੰਕ ਲਾ ਦਿਤਾ। ਮੋਹਰਾਂ ਦੇ ਕੇ ਆਹ ਕਲੰਕ ਉਤਰ ਗਿਆ ਸਾਰਾ?

ਰਾਣੀ ਕਹਿਣ ਲੱਗੀ, ਪਤੀ ਦੇਵ! ਆਹ ਦੇਖ ਲਓ, ਗੱਲ ਐਨੀ ਕੁ ਸੀ।

ਰਾਣੀ ਭਗਤ ਰਵਿਦਾਸ ਜੀ ਨੂੰ ਬੇਨਤੀ ਕਰਕੇ ਗਈ ਸੀ ਕਿ ਤੁਸੀਂ ਕ੍ਰਿਪਾ ਕਰਿਓ ਤੇ ਦਰਸ਼ਨ ਦਿਓ। ਕੁਝ ਸਮਾਂ ਬੀਤਿਆ। ਭਗਤ ਰਵਿਦਾਸ ਜੀ ਨੇ ਉਥੇ ਚਾਲੇ ਪਾਏ ਕਿ ਚਲੋ ਰਾਣੀ ਦੇ ਮਹਿਲਾਂ 'ਚ ਚੱਲੀਏ। ਚਲਦੇ-ਚਲਦੇ ਮਹਿਲਾਂ 'ਚ ਪਹੁੰਚੇ। ਰਾਣੀ ਨੇ ਬਹੁਤ ਸਵਾਗਤ ਕੀਤਾ। ਮਹਿਲਾਂ ਵਿਚ ਭਗਤ ਜੀ ਦਾ ਉਤਾਰਾ ਕਰਵਾਇਆ। ਉਹਨਾਂ ਨੂੰ ਬਿਠਾਇਆ ਕਿ ਮੇਰੇ ਗੁਰਦੇਵ ਆਏ ਨੇ ਅਤੇ ਯੱਗ ਕੀਤਾ। ਜਿਹੜੇ ਉੱਚੀ ਜਾਤ ਦਾ ਮਾਣ ਕਰਦੇ ਸੀ ਉਹ ਤਾਂ ਕਹਿਣ ਲੱਗੇ, ਇਹ ਤਾਂ ਬੜੀ ਮਾੜੀ ਗੱਲ ਹੈ। ਹੁਣ ਰਾਣੀ ਕਹਿੰਦੀ ਕਿ ਮੈਂ ਆਪਣੇ ਗੁਰਦੇਵ ਨੂੰ ਪਹਿਲਾਂ ਲੰਗਰ ਛਕਾਉਣੈ, ਬਾਕੀ ਬਾਅਦ 'ਚ ਛਕਣਗੇ। ਉਹ ਕਹਿੰਦੇ, ਬਿਲਕੁਲ ਨਹੀਂ। ਅਸੀਂ ਪਹਿਲਾਂ ਛਕਣੈ। ਰਾਣੀ ਵਾਸਤੇ ਮੁਸੀਬਤ ਖੜ੍ਹੀ ਹੋ ਗਈ ਕਿ ਮੈਂ ਇਹ ਭੁੱਲ ਕਿਵੇਂ ਕਰ ਲਵਾਂ।

ਖੈਰ, ਭਗਤ ਜੀ ਨੇ ਸਮਝਾਇਆ ਕਿ ਬੇਟਾ! ਕੋਈ ਗੱਲ ਨਹੀਂ, ਸਾਨੂੰ ਕੀ ਫਰਕ ਪੈਂਦੈ, ਤੂੰ ਇਹਨਾਂ

*(ਬਾਕੀ ਪੰਨਾ 55 'ਤੇ)*

# ਮੰਨੇ ਨਾਉ ਸੋਈ ਜਿਣਿ ਜਾਇ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੫*

ਗੁਰੂ ਪਿਆਰੀ ਸਾਧਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਨੇ ਕ੍ਰਿਪਾ ਕੀਤੀ ਹੈ ਕਿ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਇਕ ਐਸਾ ਸ਼ੁਭ ਕਰਮ, ਸੰਚਿਤ ਕਰਮ, ਫਲ ਦੇਣ ਵਾਸਤੇ ਤਿਆਰ ਹੋਇਆ ਤਾਂ ਸਾਨੂੰ ਸਤਿਗੁਰਾਂ ਦੇ ਦਰ 'ਤੇ ਆ ਕੇ ਸਤਿਸੰਗ ਦਾ ਸੁਭਾਗ ਪ੍ਰਾਪਤ ਹੋਇਆ, ਹੋਰ ਵੀ ਵੱਡੇ ਭਾਗ ਬਣਦੇ ਹਨ - 'ਵਡਭਾਗੀ ਸਾਧਸੰਗੁ ਪਰਾਪਤਿ' ਜਦੋਂ ਸੰਗਤ ਦੇ ਵਿਚ ਬੈਠ ਕੇ ਉਸ ਨਾਮ ਨਾਲ ਜੁੜਦੇ ਹਾਂ, ਸਤਿਸੰਗ ਦੀ ਨਿਸ਼ਾਨੀ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਥੇ ਨਾਮ ਨਾਲ ਜੁੜਨ ਦੀ ਜੁਗਤ ਮਿਲਦੀ ਹੈ, ਨਾਮ ਕੋਈ ਬਾਹਰੋਂ ਤਾਂ ਦਿੰਦਾ ਨਹੀਂ, ਨਾ ਮਿਲਦਾ ਹੈ। ਹੈ ਸਾਰੇ ਹੀ ਰਮਿਆ ਹੋਇਆ। ਗੁਰੂ ਪਾਤਸ਼ਾਹ ਜੀ ਜੋ ਬਾਣੀ ਗੁਰੂ ਹੈ, ਗੁਰੂ ਹੀ ਬਾਣੀ ਹੈ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ- ੯੮੨*

ਕਿਉਂਕਿ ਜੇ ਦੇਹ ਧਾਰਨ ਕੀਤੀ ਤਾਂ ਸਰੀਰ ਨਹੀਂ ਗੁਰੂ ਬਲਕਿ ਬਾਣੀ ਗੁਰੂ ਹੈ। ਇਹ ਬਾਣੀ ਆਈ ਹੈ-

*ਧੁਰ ਕੀ ਬਾਣੀ ਆਈ ॥ ਅੰਗ - ੬੨੮*

ਸਰੀਰ ਵੀ ਪਵਿੱਤਰ ਗਿਣੇ ਜਾਂਦੇ ਨੇ, ਜਿਨ੍ਹਾਂ ਦੀ ਬਾਣੀ, ਗੁਰੂ ਦਾ ਸਰੂਪ ਹੈ -

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥ ਅੰਗ - ੧੩੦੯*

ਬਾਣੀ ਨੂੰ ਵਿਚਾਰੋ ਕਿਉਂਕਿ ਗੁਰੂ ਦੀ ਇਹ ਨਿਸ਼ਾਨੀ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਸਤਿਸੰਗ ਦੇ ਵਿਚ ਉਸ ਘਰ ਦਾ ਪਤਾ ਲਗ ਜਾਂਦਾ ਹੈ ਜਿਥੇ ਇਹ 'ਨਾਮ' ਹੈ। ਬਾਹਰੋਂ ਮੰਤਰ ਮਿਲਦੇ ਨੇ। ਸਾਡੇ ਘਰ ਦਾ ਬਹੁਤ ਹੀ ਸ਼ਕਤੀਸ਼ਾਲੀ ਮੰਤਰ ਹੈ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*
*ਭਾਈ ਗੁਰਦਾਸ ਜੀ*

ਇਹ ਜਪਦੇ-ਜਪਦੇ ਉਥੇ ਨਾਮ ਦੇ ਵਿਚ ਨਿਵਾਸ ਹੋ ਜਾਂਦਾ ਹੈ। ਜੋ ਸਾਡੇ ਸਾਰਿਆਂ ਦੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਨਿਸ਼ਾਨੀ ਵੀ ਸਤਿਗੁਰ ਜੀ ਦਸਦੇ ਹਨ ਕਿ ਕਿਥੇ ਹੈ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਪਿਛਲੇ ਸਤਿਸੰਗਾਂ ਵਿਚ ਵਿਚਾਰ ਕੀਤੀ ਸੀ ਕਿ-

*ਰੋਵੈ ਜਨਮੇਜਾ ਖੁਇ ਗਇਆ ॥ ਅੰਗ- ੯੫੪*

ਵੱਡੇ-ਵੱਡੇ ਦੁਖੀ ਹੋਏ। ਸੱਚੇ ਪਾਤਸ਼ਾਹ ਜੀ ਸਾਰਿਆਂ ਦਾ ਜ਼ਿਕਰ ਕਰਦੇ ਹੋਏ ਸ਼ਬਦ ਵਿਚ ਜ਼ਿਕਰ ਕਰਦੇ ਹਨ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*

*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥* ਅੰਗ- ੯੫੪

ਇਥੇ ਵਿਚਾਰ ਕਰਦੇ ਹਾਂ ਕਿ ਦੁਖ ਦਾ ਇਲਾਜ ਵੀ ਹੈ ਕੋਈ? ਸਾਰੇ ਦੁਖਾਂ ਦਾ ਇਲਾਜ -

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* ਅੰਗ - ੨੭੪

ਜਦੋਂ ਅਸੀਂ ਬਾਣੀ ਗਾਉਂਦੇ ਹਾਂ, ਫੇਰ -

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* ਅੰਗ - ੨੮੯
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥* ਅੰਗ - ੯੫੪

ਵੱਡੇ-ਵੱਡੇ ਰੋਏ, ਸੇਖ, ਮਸਾਇਕ, ਪੀਰ। ਔਖੇ ਸਮੇਂ ਦੀ ਵਿਚਾਰ ਕਰ ਮਨਾਂ ਕਿ ਐਸੀ ਭੀੜ ਨਾ ਪੈ ਜਾਵੇ, ਅੰਤ ਸਮੇਂ ਪਤਾ ਨਹੀਂ ਮਨ ਕਿਸ ਪਾਸੇ ਨੂੰ ਲੈ ਜਾਵੇ ਕਿਉਂਕਿ ਮਨ ਦਾ ਹੀ ਕੰਮ ਹੈ। ਤਨ ਕਰਕੇ ਜਿਥੇ ਗੁਰੂ ਚਰਨਾਂ ਵਿਚ ਬੈਠੇ ਹਾਂ, ਮਨ ਨਾਲ ਗੱਲ ਕਰਨੀ ਹੈ, ਕਿਉਂਕਿ ਮਨ ਦੀ ਬਾਤ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* ਅੰਗ - ੩੪੨

ਮਨ ਦੌੜਦਾ ਹੈ -

*ਮਾਈ ਮਨੁ ਮੇਰੋ ਬਸਿ ਨਾਹਿ ॥*
*ਨਿਸ ਬਾਸੁਰ ਬਿਖਿਅਨ ਕਉ ਧਾਵਤ*
*ਕਿਹਿ ਬਿਧਿ ਰੋਕਉ ਤਾਹਿ ॥* ਅੰਗ- ੬੩੨

ਇਹਦੀ ਵਿਧੀ ਹੈ ਜੋ ਆਪਾਂ ਸ਼ੁਰੂ 'ਚ ਸ਼ਬਦ ਪੜ੍ਹਿਆ ਹੈ - ***'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥'*** ਤਨ ਦੀ ਪਵਿੱਤਰਤਾ ਦੇ ਵਾਸਤੇ ਪਾਣੀ ਦਾ ਇਸ਼ਨਾਨ ਹੁੰਦੈ, ਬਾਣੀ ਮਨ ਦੀ ਪਵਿੱਤਰਤਾ ਵਾਸਤੇ ਹੈ, ਵਿਧੀ ਦਸ ਦਿਤੀ ਕਿ ਕਿਵੇਂ ਮਨ ਨੂੰ ਰੋਕਣਾ ਹੈ। ਪਵਿੱਤਰ ਸਰੋਵਰ ਸ੍ਰੀ ਹਰਿਮੰਦਰ ਸਾਹਿਬ ਬਾਣੀ ਦਾ ਹੀ ਅਸਰ ਹੈ, ਨਿਰੰਤਰ ਬਾਣੀ ਦਾ ਪ੍ਰਵਾਹ ਚਲਦਾ ਹੈ ਤੇ ਉਹ ਅੰਮ੍ਰਿਤ ਦਾ ਸਰੋਵਰ ਬਣ ਗਿਆ। ਉਹਦਾ ਇਸ਼ਨਾਨ ਕੀ ਕਰਦੈ -

*ਰਾਮਦਾਸਿ ਸਰੋਵਰ ਨਾਤੇ ॥*
*ਸਭ ਲਾਥੇ ਪਾਪ ਕਮਾਤੇ ॥* ਅੰਗ- ੬੨੪

ਇਸੇ ਤਰ੍ਹਾਂ ਜਿਹੜਾ ਨਾਮ ਦਾ ਸਰੋਵਰ ਅੰਦਰ ਹੈ, ਉਹਦੇ ਵਿਚ ਜੇ ਅਸੀਂ ਸਥਿਤ ਹੋ ਗਏ, ਉਸ ਉਪਦੇਸ਼ ਨੂੰ ਕਮਾ ਲਿਆ, ਫੇਰ ਸਾਰੇ ਕਿਲਵਿਖ ਪਾਪ ਵੀ ਉਤਰ ਜਾਂਦੇ ਹਨ - ***'ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ '*** ਸਾਰੀ ਬਾਣੀ 1430 ਅੰਗ, ਜਪੁਜੀ ਸਾਹਿਬ ਦੀ ਵਿਆਖਿਆ ਹੈ। 'ਜਪੁਜੀ ਸਾਹਿਬ' ਮੂਲਮੰਤ੍ਰ ਦੀ ਵਿਆਖਿਆ ਹੈ। ਬਾਣੀ ਪੜ੍ਹਦੇ-ਪੜ੍ਹਦੇ ਫੇਰ ਗੁਰਮੰਤ੍ਰ ਵਲ ਨੂੰ ਪ੍ਰੇਰਿਤ ਹੁੰਦੇ ਹਾਂ। ਇਹਦੇ ਨਾਲ ਨਾਮ 'ਚ ਨਿਵਾਸ ਹੋ ਜਾਂਦਾ ਹੈ। ਬੈਖਰੀ ਬਾਣੀ ਦੇ ਵਿਚ ਬੋਲ ਕਰਕੇ ਫੇਰ ਮਧਮਾ ਦੇ ਵਿਚ ਪ੍ਰਵੇਸ਼ ਕਰੀਦਾ ਹੈ। ਪਹਿਲਾਂ ਤਾਂ ਬੋਲਦੇ ਹਾਂ, ਜੀਭ ਵੀ ਹਿਲਦੀ ਭਾਵੇਂ ਬੁੱਲ੍ਹ ਵੀ ਹਿੱਲਣ ਅਵਾਜ਼ ਬਾਹਰ ਵੀ ਆਉਂਦੀ ਹੈ। ਫੇਰ ਹਿਰਦੇ ਦੀ ਬਾਣੀ, ਪਸੰਤੀ ਬਾਣੀ ਹੈ, ਫੇਰ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* ਅੰਗ - ੧੨੫੬

ਅਨੁਭਵ ਦਾ ਵਿਸ਼ਾ ਹੈ। ਇਹ ਅੰਦਰ ਹਿਰਦੇ ਦੇ ਵਿਚ ਹੁੰਦਾ ਹੈ। ਉਸ ਤੋਂ ਬਾਅਦ ਨਾਮ ਫੇਰ ਸਵਾਸ 'ਤੇ ਆ ਜਾਂਦਾ ਹੈ। ਨਾਭੀ ਤੋਂ ਫੇਰ ਪੇਟ ਭਰ ਕੇ ਸਾਹ ਲਿਆ, ਜਦੋਂ ਅੰਦਰ ਨੂੰ ਸਵਾਸ ਗਿਆ, ਡੂੰਘਾ ਸਵਾਸ ਲੈ ਕੇ। ਤੁਸੀਂ ਸੁਣਨ ਵਾਸਤੇ ਆਏ ਹੋਂ ਸਤਿਸੰਗ -

*ਸੁਣਿਐ ਦੂਖ ਪਾਪ ਕਾ ਨਾਸੁ ॥* ਅੰਗ- ੨

ਜਪੁਜੀ ਸਾਹਿਬ ਦੀਆਂ ਚਾਰ ਪਉੜੀਆਂ 'ਚ ਸੁਣਨ ਦਾ ਮਹਾਤਮ ਦਸਿਆ ਹੈ। ਸੁਣ ਕੇ ਮੰਨਿਆ-

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* ਅੰਗ - ੪

ਓਸ ਅੰਦਰਲੇ ਨਾਮ ਸਰੋਵਰ ਅੰਦਰ ਇਸ਼ਨਾਨ ਇਸ ਤਰ੍ਹਾਂ ਹੁੰਦਾ ਹੈ ਕਿ ਜਦੋਂ ਅਸੀਂ ਡੂੰਘਾ ਸਵਾਸ ਲੈਂਦੇ ਹਾਂ ਤੇ ਖਾਲੀ ਨਹੀਂ ਅੰਦਰ ਜਾਂਦੇ, ਉਤੇ 'ਵਾਹਿ.....' ਮੰਤਰ ਨੂੰ load ਕਰਦੇ ਹਾਂ। ਇਹ ਧੁਨ

ਬਣ ਜਾਂਦੀ ਹੈ। ਇਹ ਤਾਂ ਦੱਸਣ ਵਾਸਤੇ ਨਾਮ ਅਭਿਆਸੀ ਮਹਾਂਪੁਰਸ਼ਾਂ ਨੇ, ਇਕ ਤਰ੍ਹਾਂ ਦੇ ਨਾਲ demonstrate ਕੀਤਾ। ਜਿਨ੍ਹਾਂ ਦੀ ਇਹ ਅਵਸਥਾ ਹੈ।

'ਆਤਮ ਮਾਰਗ' ਮੈਗਜ਼ੀਨ ਪੜ੍ਹੋ ਤੇ ਆਤਮਾ ਦਾ ਮਾਰਗ ਪਤਾ ਲਗਦਾ ਹੈ ਕਿ ਕਿਵੇਂ ਤੈਅ ਕਰਨਾ ਹੈ। ਹੁਣ ਸਵਾਸ ਬਾਹਰ ਨੂੰ ਆਵੇ ਉਹਦੇ ਉਤੇ 'ਗੁਰੂ.....।' ਦਾ ਮੰਤ੍ਰ load ਹੋਵੇ, ਇਹ ਖਾਲੀ ਨਾ ਜਾਵੇ। ਬਾਬਾ ਸਤਨਾਮ ਸਿੰਘ ਜੀ ਅਮਰੀਕਾ ਦੇ ਵਿਚ ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਇਹ ਸਵਾਸ-ਗਿਰਾਸ ਦਾ ਸਿਮਰਨ ਅੰਮ੍ਰਿਤ ਵੇਲੇ ਸੰਗਤੀ ਰੂਪ ਵਿਚ ਕਰਦੇ ਸਨ। ਉਹਨਾਂ 'ਤੇ ਸਮਾਂ ਵੀ ਇਹੋ ਜਿਹਾ ਆਇਆ ਕਿ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - ੧੩੬੫*

ਆਖਰੀ ਸਵਾਸ 'ਤੇ ਵੀ ਓਧਰ ਧਿਆਨ ਬਣਿਆ ਰਹੇ, ਇਹ ਅਭਿਆਸ ਦੇ ਨਾਲ ਹੋ ਜਾਂਦਾ ਹੈ। ਕਰਦੇ-ਕਰਦੇ ਪਸੰਤੀ ਬਾਣੀ ਤੋਂ ਪਰਾ ਬਾਣੀ ਵਿਚ ਨਾਮ ਚਲਣ ਲਗ ਜਾਂਦਾ ਹੈ -

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੬*

ਅਭਿਆਸੀ ਹੈ, ਅਭਿਆਸ ਕਰਦਾ ਹੈ, ਪ੍ਰੈਕਟਿਸ ਕਰਦਾ ਹੈ, ਉਹ ਸਿੱਖ ਹੀ ਗੁਰੂ ਦੇ ਮਨ ਨੂੰ ਭਾਉਂਦਾ ਹੈ। ਮਨ ਜੋ ਹੈ ਉਹ ਗੁਰੂ ਨੂੰ ਦੇਣਾ ਪੈਂਦਾ ਹੈ -

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - ੨੮੬*

ਮਨ ਦੌੜਦਾ ਹੈ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ- ੧੨੫੩*

ਸਵਾਰੀ ਇਹਦੀ ਸਵਾਸ ਹੈ। ਸਾਹ ਹੈ। ਸਵਾਸ ਆਉਂਦੇ, ਜਾਂਦੇ, ਗੁਰੂ ਦਾ ਮੰਤਰ ਜਪੋ। ਗੁਰੂ ਤੋਂ ਮੰਤਰ ਵਿਧੀ ਨਾਲ ਮਿਲਦਾ ਹੈ। ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ, ਮੂਲਮੰਤ੍ਰ, ਗੁਰਮੰਤ੍ਰ ਦ੍ਰਿੜ੍ਹ ਕਰਵਾਉਂਦੇ ਹਨ। ਸਤਿਸੰਗ ਦੇ ਵਿਚ ਉਹ ਫਾਰਮੂਲਾ ਪਤਾ ਲਗ ਜਾਂਦਾ ਹੈ। ਜੁਗਤ ਦਾ ਪਤਾ ਲਗ ਜਾਂਦਾ ਹੈ ਕਿ ਕਿਵੇਂ ਕਰਨਾ ਹੈ। ਜਦੋਂ ਸਵਾਰੀ ਨੂੰ ਹੀ ਕੰਟਰੋਲ ਕਰ ਲਿਆ, ਫੇਰ ਇਹਦੇ ਉਤੇ ਗੁਰੂ ਦਾ ਮੰਤਰ ਸਵਾਰ ਹੋ ਗਿਆ, ਫੇਰ ਇਹ ਸਵਾਰੀ ਕਿੱਥੇ ਲੈ ਕੇ ਜਾਏਗੀ? ਗੁਰੂ ਦੇ ਨਿਵਾਸ 'ਤੇ ਹੀ ਲਿਜਾਏਗੀ-

*ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥*
*ਅੰਗ - ੫੫੬*

ਕਿਉਂਕਿ ਅਸੀਂ ਆਦਮੀ ਹਾਂ ਇਕ ਦਮੀ। ਕਿਉਂਕਿ ਦਮ ਆ ਗਿਆ ਤਾਂ ਦਮੀ, ਬਾਹਰ ਗਿਆ ਸਵਾਸ ਦੁਬਾਰਾ ਨਾ ਆਇਆ, ਫੇਰ ਕੀ ਹੁੰਦਾ ਹੈ? ਫੇਰ ਕਾਢੋ-ਕਾਢੋ ਹੋ ਜਾਂਦੀ ਹੈ -

*ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ ਅੰਗ- ੪੭੮*

ਆਓ! ਉਹ ਤਿਆਰੀ ਕਰੀਏ ਜੋ ਕਰਨ ਵਾਸਤੇ ਸੰਸਾਰ 'ਤੇ ਆਏ ਹਾਂ। ਮਨ ਨੂੰ ਕੰਟਰੋਲ ਕਰਨਾ ਹੈ। ਇਸ ਤਰ੍ਹਾਂ ਵੱਡੇ-ਵੱਡੇ ਮਨ 'ਤੇ ਕੰਟਰੋਲ ਕਰਕੇ - ਮਨ ਜੀਤੈ ਜਗ ਜੀਤ' ਜਮਾਂ ਦੀ ਪੀੜ ਤੋਂ ਛੁਟਕਾਰਾ ਪਾਉਂਦੇ ਹਨ -

*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥ ਅੰਗ - ੯੫੪*

ਵੱਡੇ-ਵੱਡੇ ਰਾਜੇ ਜਦੋਂ ਜੋਗੀ ਬਣਾ ਦਿਤੇ। ਮਛੰਦਰ ਨਾਥ ਚੇਲਾ ਬਣਿਆ ਗੋਰਖਨਾਥ ਦਾ, ਕੰਨਾਂ 'ਚ ਮੁੰਦਰਾਂ ਪਾਈਆਂ, ਰਾਜਿਆਂ ਦੇ ਰਾਜ ਭਾਗ ਛੁਡਾ ਕੇ ਘਰ-ਘਰ ਮੰਗਣ ਲਾ ਦਿਤੇ। ਮਹਿਲਾਂ 'ਚ ਰਾਣੀਆਂ ਰੋਂਦੀਆਂ ਨੇ ਤੇ ਇਹ ਜਦੋਂ ਘਰ-ਘਰ ਮੰਗਦੇ ਨੇ ਇਹ ਵੀ ਰੋਂਦੇ ਨੇ ਕਿਉਂਕਿ -

*ਜਤੀ ਸਦਾਵਹਿ ਜੁਗਤਿ ਨ ਜਾਣਹਿ*
*ਛਡਿ ਬਹਹਿ ਘਰ ਬਾਰੁ ॥ ਅੰਗ- ੪੬੯*

ਜੁਗਤ ਦਾ ਜਦੋਂ ਤਕ ਪਤਾ ਨਾ ਹੋਵੇ ਉਦੋਂ ਤਕ ਪਤਾ ਨਹੀਂ ਲਗਦਾ-

*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ*
*ਤਾ ਨਾਨਕ ਤੋਲਿਆ ਜਾਪੈ ॥ ੨ ॥ ਮਃ ੧ ॥*
*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥*
*ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥*
*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ ਅੰਗ- ੪੬੯*

ਇਸ ਤਰ੍ਹਾਂ ਦੇ ਨਾਲ ਰਾਜ ਭਾਗ 'ਚ ਵੀ ਸੁਖ ਨਹੀਂ। ਸੁਖ ਤਾਂ ਮਨ ਦੀ ਸ਼ਾਂਤੀ 'ਚ ਹੈ। 'ਨਾਮ' ਤੋਂ ਬਿਨਾਂ ਮਨ ਸ਼ਾਂਤ ਨਹੀਂ ਹੁੰਦਾ -

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*

*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥*
*ਅੰਗ - ੯੫੪*

ਇਥੇ ਬੀਜਿਆ ਪੁੰਨ ਦਾਨ ਜੋ ਅੱਗੇ ਕੰਮ ਆਉਣਾ ਹੈ, ਫਲ ਦੇਣਾ ਹੈ ਪਰ ਸੂਮ (ਕਜੂੰਸ) ਬੰਦਾ ਕੀ ਕਰਦਾ ਹੈ-

*ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥*
*ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥*
*ਅੰਗ - ੪੭੯*

ਉਸ ਸਮੇਂ ਪਤਾ ਲਗਦਾ ਹੈ ਜੇ ਇਹਦੇ ਵਿਚ ਬਿਰਤੀ ਰਹਿ ਗਈ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਅੰਗ- ੫੨੬*

ਇਸੇ ਕਰਕੇ ਗੁਰੂ ਬਾਬਾ ਜੀ ਸਭ ਤੋਂ ਵੱਡੀ ਅਸੀਸ ਦਿੰਦੇ ਨੇ ਕਿ ਤੈਨੂੰ ਨਾਮ ਚਿਤ ਆਵੇ, ਕਰਤਾਰ ਚਿਤ ਆਵੇ -

*ਪੂਤਾ ਮਾਤਾ ਕੀ ਆਸੀਸ ॥*
*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ ॥ ਅੰਗ - ੪੯੬*

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ- ੨੮੬*

ਵੱਡੇ-ਵੱਡੇ ਪੰਡਤ, ਵੇਦਾਂ ਸਾਸ਼ਤਰਾਂ ਦੇ ਗਿਆਤਾ-

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*
*ਅੰਗ - ੧੪੦*

ਜਿਹੜੀ ਵਿਦਿਆ ਅਹੰਕਾਰ ਪੈਦਾ ਕਰੇ ਉਹ ਅਪਰਾ ਵਿਦਿਆ ਹੈ। ਜੋ ਪਰਾ ਵਿਦਿਆ ਹੈ, ਜੋ ਰੂਹਾਨੀ ਵਿਦਿਆ ਹੈ, ਉਹ ਸ਼ਾਂਤੀ ਪ੍ਰਦਾਨ ਕਰਦੀ ਹੈ। ਜਦੋਂ ਅੰਦਰ ਦੀ ਖੋਜ ਕਰਦੇ ਹਾਂ, ਅੰਦਰ ਸ਼ਾਂਤੀ ਹੈ। ਇਸੇ ਕਰਕੇ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ - ੧੦੦੨*

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ - ੬੯੫*

ਸੋ ਇਸ ਕਰਕੇ ਮਹਾਰਾਜ ਨੇ ਫੈਸਲਾ ਇਹੀ ਸੁਣਾਇਆ -

*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ- ੯੫੪*

ਇਹਦਾ ਇਲਾਜ ਕੀ ਹੈ? ਇਲਾਜ ਹੈ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪*

ਉਹ ਬਾਜੀ ਜਿੱਤ ਜਾਊ। ਨਹੀਂ ਤਾਂ -

*ਊਚੇ ਮੰਦਰ ਸੁੰਦਰ ਨਾਰੀ ॥*
*ਰਾਮ ਨਾਮ ਬਿਨੁ ਬਾਜੀ ਹਾਰੀ ॥ ਅੰਗ - ੬੫੯*
*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ੩ ॥*
*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥ ਅੰਗ- ੫੨੬*

ਅੰਤ ਦੇ ਸਮੇਂ ਜੇ -

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥ ਅੰਗ- ੫੨੬*

ਅੰਤਲਾ ਸਵਾਸ ਹੋਵੇ, ਗੁਰੂ ਦਾ ਮੰਤਰ ਮੁਖ 'ਚ ਹੋਵੇ, ਫੇਰ ਉਹ ਗੁਰੂ ਦੇ ਲੋਕ ਨੂੰ ਲੈ ਕੇ ਜਾਵੇਗਾ। ਬਾਕੀ ਕੰਮ ਨਹੀਂ ਕਿਸੇ ਕੰਮ ਦੇ। ਨਾਮ ਜਪਿਆ ਹੋਇਆ ਹੀ ਲੇਖੇ ਵਿਚ ਲਗਣਾ ਹੈ।

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਅੰਗ- ੪੬੭*

ਇਹੀ ਸਾਰੇ ਦੁਖਾਂ ਦਾ ਇਲਾਜ ਹੈ। ਸਾਰਾ ਸੰਸਾਰ ਦੁਖੀ ਹੈ। ਸਾਰਾ ਸੰਸਾਰ ਰੋਗੀ ਹੈ -

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ਅੰਗ- ੧੧੪੦*

ਸੋ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ, ਇਲਾਜ, ਪਰਮੇਸ਼ਰ ਦਾ ਨਾਮ ਹੈ। ਆਓ, ਸਾਰੇ ਇਹ ਇਲਾਜ ਕਰੀਏ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਸਿੱਖ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ

*ਡਾ. (ਭਾਈ) ਰੂਪ ਸਿੰਘ*

ਹੋਲਾ ਮਹੱਲਾ ਸਿੱਖਾਂ ਦਾ ਇਕ ਅਹਿਮ ਦਿਹਾੜਾ ਹੈ ਜੋ ਕਿ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਸਿੱਖ, ਹੋਲੀ ਦੇ ਪਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਕਿਉਂਕਿ ਲੋਕਾਂ ਨੇ ਇਕ-ਦੂਜੇ 'ਤੇ ਰੰਗ, ਗੰਦ-ਮੰਦ ਸੁੱਟਣ, ਖਰੂਦ ਮਚਾਉਣ, ਸ਼ਰਾਬ ਪੀਣ, ਮੰਦਾ ਬੋਲਣ ਆਦਿ ਘਟੀਆ ਹਰਕਤਾਂ ਨੂੰ ਹੋਲੀ ਦਾ ਅੰਗ ਸਮਝ ਛੱਡਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ, ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (1700 ਈ.) ਨੂੰ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਕੀਤਾ ਤਾਂ ਕਿ ਖੁਦ-ਮੁਖਤਿਆਰ ਖਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਦਿਨ-ਦਿਹਾਰ ਵੀ ਵਿਲੱਖਣ ਤੇ ਨਿਰਾਲੇ ਰੂਪ ਵਿਚ ਮਨਾ ਕੇ, ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਗੁਰਦੇਵ ਦਾ ਆਸ਼ਾ ਪੰਜਾਬੀਆਂ ਦੇ ਮਨਾਂ ਵਿਚੋਂ ਗੁਲਾਮੀ ਦੇ ਅੰਸ਼ ਨੂੰ ਮੂਲੋਂ ਹੀ ਖਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿਚ ਸੁਤੰਤਰ ਹੋ ਵਿਚਰ ਸਕਣ। ਨਿਰਬਲ, ਨਿਤਾਣੀ, ਸਾਹਸਹੀਣ ਤੇ ਗੁਲਾਮ ਮਾਨਸਿਕਤਾ ਦੇ ਆਦੀ ਹੋ ਚੁੱਕੇ ਭਾਰਤੀਆਂ ਵਿਚ ਜਬਰ-ਜ਼ੁਲਮ ਦੇ ਖਿਲਾਫ ਲੜਨ-ਮਰਨ ਦੀ ਸਕਤੀ ਭਰਨ ਲਈ ਗੁਰਦੇਵ-ਪਿਤਾ ਵੱਲੋਂ ਚੁੱਕੇ ਗਏ ਇਹ ਇਤਿਹਾਸਕ ਇਨਕਲਾਬੀ ਕਦਮ ਸਨ।

ਹੋਲੀ ਭਾਰਤ ਦਾ ਮੌਸਮੀ ਤਿਉਹਾਰ ਹੈ, ਜੋ ਬਸੰਤ-ਬਹਾਰ ਦੀ ਆਗਮਨ ਦੀ ਖੁਸ਼ੀ ਵਿਚ ਮਨਾਉਣਾ ਸ਼ੁਰੂ ਹੋਇਆ। ਪੋਖ ਤੁਖਾਰ ਦੇ ਮੌਸਮ ਕਾਰਨ ਸਾਰੇ ਪਾਸੇ ਵੀਰਾਨਗੀ ਤੇ ਪੱਤਝੜ ਹੁੰਦੀ ਹੈ। ਮੌਸਮ ਦੇ ਬਦਲ ਜਾਣ ਨਾਲ ਸਾਰੀ ਕੁਦਰਤ ਆਪਣੇ ਨਵੇਂ ਨਿਵੇਕਲੇ ਰੰਗ ਵਿਚ ਰੰਗੀ ਜਾਂਦੀ ਹੈ। ਕੁਦਰਤੀ ਪੁੰਗਾਰ, ਸੁਹੱਪਣ ਤੇ ਮੌਸਮੀ ਰੰਗਾਂ ਦਾ ਰੰਗ ਮਾਨਣ ਤੇ ਕੁਦਰਤ ਦੇ ਮੌਲਣ ਨੂੰ ਖੁਸ਼ਆਮਦੀਦ ਕਹਿਣ ਵਾਸਤੇ ਸਾਡੇ ਪੁਰਖਿਆਂ ਨੇ 'ਹੋਲੀ' ਦਾ ਦਿਨ ਖੁਸ਼ੀ-ਖੇੜੇ ਵਜੋਂ ਮਨਾਉਣਾ ਸ਼ੁਰੂ ਕੀਤਾ ਹੋਵੇਗਾ।

ਹੋਲੀ ਦਾ ਸਬੰਧ ਪੁਰਾਤਨ ਕਹਾਣੀ ਨਾਲ ਜੋੜਿਆ ਜਾਂਦਾ ਹੈ ਕਿ ਹਰਨਾਖਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਸਬਕ ਸਿਖਾਉਣ ਵਾਸਤੇ ਵਿਉਂਤ ਉਲੀਕੀ ਕਿ ਪ੍ਰਹਿਲਾਦ ਨੂੰ ਅੱਗ ਵਿਚ ਸਾੜਿਆ ਜਾਵੇ। ਕਿਹਾ ਜਾਂਦਾ ਹੈ ਕਿ ਹਰਨਾਖਸ਼ ਦੀ ਭੈਣ ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਉਸਨੂੰ ਅੱਗ ਸਾੜ ਨਹੀਂ ਸਕਦੀ। ਇਸ ਲਈ ਹਰਨਾਖਸ਼ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿਚ ਦੇ ਕੇ ਚਿਖਾ 'ਤੇ ਬਿਠਾ ਦਿਤਾ। ਜਦ ਅੱਗ ਲਾਈ ਗਈ ਤਾਂ ਪ੍ਰਭੂ-ਪ੍ਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਨੂੰ ਬਚਾ ਲਿਆ ਪਰ ਹੋਲਿਕਾ ਸੜ ਗਈ। ਹੋਲਿਕਾ ਦੇ ਸੜ ਜਾਣ ਦੇ ਪ੍ਰਤੀਕ ਵਜੋਂ ਇਸ ਦਿਨ ਅੱਗ ਬਾਲੀ ਜਾਂਦੀ ਹੈ। ਪ੍ਰਭੂ ਕ੍ਰਿਪਾ ਸਦਕਾ ਪ੍ਰਹਿਲਾਦ ਤਾਂ ਬਚ ਗਿਆ, ਪਰ ਦੁਸ਼ਟ ਹਰਨਾਖਸ਼ ਮਾਰਿਆ ਗਿਆ। ਗੁਰਬਾਣੀ ਦਾ ਪਾਵਨ ਕਥਨ ਹੈ -

*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥*

*ਅੰਗ - ੪੫੧*

ਹੋਲੀ ਦੇ ਦਿਨ ਲੋਕ ਇਕ ਦੂਸਰੇ 'ਤੇ ਰੰਗ ਸੁੱਟ ਕੇ ਖੁਸ਼ੀ ਦਾ ਇਜ਼ਹਾਰ ਕਰਦੇ ਹਨ ਪਰ ਦੁਨਿਆਵੀ ਲੋਕਾਂ ਨੇ ਬਸੰਤ ਰੁੱਤ ਦੇ ਚੜ੍ਹਾਓ ਨੂੰ ਜੋ ਚੜ੍ਹਦੀ ਕਲਾ ਦਾ ਪ੍ਰਤੀਕ ਹੈ, ਭੁੱਲ ਕੇ ਰਵਾਇਤ ਅਨੁਸਾਰ ਕੇਵਲ ਰੰਗ ਸੁੱਟਣਾ, ਗੰਦ ਸੁੱਟਣਾ ਹੀ ਹੋਲੀ ਸਮਝ ਲਿਆ। ਗੁਲਾਮੀ ਤੇ ਗਰੀਬੀ ਕਾਰਨ ਭਾਰਤੀਆਂ ਦੀ ਮਾਨਸਿਕ ਹਾਲਤ ਬਹੁਤ ਹੀ ਪਸਤ ਹੋ ਚੁੱਕੀ ਸੀ, ਜਿਸ ਨੂੰ ਨਵੇਂ ਰੱਬੀ ਰੰਗ ਵਿਚ ਰੰਗਣ ਲਈ ਸਿੱਖ ਗੁਰੂ ਸਾਹਿਬਾਨ ਨੇ ਸਦਾ ਖਿੜਾਓ ਤੇ ਚਾਓ ਦੇ ਪ੍ਰਤੀਕ ਬਸੰਤ ਬਹਾਰ ਦੇ ਇਸ ਦਿਨ ਨੂੰ ਮਿਲ ਕੇ ਹੋਲੀ ਮਨਾਉਣ ਦਾ ਉਪਦੇਸ਼ ਦਿਤਾ ਤਾਂ ਕਿ ਅਸੀਂ ਸਾਰੇ ਦੁਨਿਆਵੀ ਰੰਗਾਂ ਦੀ ਥਾਂ ਰੂਹਾਨੀ ਰੰਗਾਂ ਵਿਚ ਰੰਗੇ ਜਾਈਏ -

*ਆਜੁ ਹਮਾਰੈ ਬਨੇ ਫਾਗ ॥*
*ਪ੍ਰਭ ਸੰਗੀ ਮਿਲਿ ਖੇਲਨ ਲਾਗ ॥*

*ਹੋਲੀ ਕੀਨੀ ਸੰਤ ਸੇਵ ॥*
*ਰੰਗੁ ਲਾਗਾ ਅਤਿ ਲਾਲ ਦੇਵ ॥* *ਅੰਗ - ੧੧੮੦*

'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਉਸ ਸਮੇਂ ਦੇ ਲੋਕਾਂ ਦੇ ਮਨਾਂ 'ਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚੱਲਿਤ ਕੀਤੇ ਹਨ, ਜਿਨ੍ਹਾਂ ਨੂੰ 'ਖਾਲਸਈ ਬੋਲੇ' ਕਿਹਾ ਜਾਂਦਾ ਹੈ, ਜਿਸ ਤਰ੍ਹਾਂ 'ਇਕ' ਨੂੰ 'ਸਵਾ ਲੱਖ' ਕਹਿਣਾ, 'ਮੌਤ' ਨੂੰ 'ਚੜ੍ਹਾਈ ਕਰਨਾ' 'ਤੇਗ' ਨੂੰ 'ਤੇਗਾ', 'ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ'। ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ -

*ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ,*
*ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੌਨਾ ਟੋਲਾ ਹੈ,*
*ਸੁਭਟ ਸੁਚਾਲਾ ਅਰ ਲਖ ਬਾਹਾਂ, ਕਲਗਾ ਸਿੰਘ ਸੁਚੋਲਾ ਹੈ,*
*ਅਪਰ ਮੁਛਹਿਰਾ ਦਾੜ੍ਹਹਾ ਜੈਸੇ, ਤੈਸੇ ਬੋਲਾ 'ਹੋਲਾ' ਹੈ।*
*ਮਹਾਨ ਕੋਸ਼, ਪੰਨਾ ੨੮੩*

'ਹੋਲੀ' ਤੋਂ 'ਹੋਲਾ ਮਹੱਲਾ' ਕੇਵਲ ਸ਼ਬਦ ਜੋੜ ਦੀ ਤਬਦੀਲੀ ਹੀ ਨਹੀਂ, ਇਹ ਤਾਂ ਗੁਲਾਮ ਮਾਨਸਿਕਤਾ ਤੋਂ ਆਜ਼ਾਦ ਸੋਚ-ਵਿਚਾਰ ਤੇ ਚੜ੍ਹਦੀ ਕਲਾ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਅ ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਂਕ, ਮੌਜ-ਮੇਲੇ ਤੇ ਤਿਉਹਾਰਾਂ ਤੇ ਵੀ ਗੁਲਾਮ ਮਾਨਸਿਕਤਾ ਦਾ ਅਸਰ ਪਿਆ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਆਜ਼ਾਦ ਨਹੀਂ ਸਨ। ਗੁਲਾਮੀ ਦੀ ਦਲ-ਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸਚਮੁੱਚ ਅਦਭੁੱਤ ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਊਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂ-ਸੱਤਾ ਸੰਪੰਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖਾਲਸਾ ਫੌਜ ਦੀ ਸਥਾਪਨਾ ਕੀਤੀ। ਭਾਰਤੀ ਲੋਕ ਉਸ ਸਮੇਂ ਘਰ-ਪਰਿਵਾਰ ਵਿਚ ਹੀ ਰੰਗ ਆਦਿ ਸੁੱਟ ਕੇ ਮਨ-ਪਰਚਾਵਾ ਕਰਦੇ ਸਨ। ਗੁਰਦੇਵ ਪਿਤਾ ਨੇ ਭਾਰਤੀਆਂ ਨੂੰ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖਾਲਸਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰਕੇ ਦਿਤਾ।

ਹੋਲੀ ਸ਼ਬਦ ਦਸਮੇਸ਼ ਬਾਣੀ 'ਚ ਵੀ ਦੋ ਵਾਰੀ ਆਇਆ ਹੈ। ਇਕ ਵਾਰ' ਬਚਿਤ੍ਰ ਨਾਟਕ' 'ਚ ਤੇ ਦੂਸਰੀ ਵਾਰ 'ਕ੍ਰਿਸ਼ਨਾਵਤਾਰ 'ਚ -

*ਮਨੋ ਸੂਰ ਬੈਠੇ ਭਲੀ ਖੇਲ ਹੋਲੀ॥*
*(ਦਸਮ ਗ੍ਰੰਥ, ਪੰਨਾ ੬੪)*
*ਅਬ.....ਨੋ ਹੋਲੀ ਖੇਲਬੋ॥* *(ਕ੍ਰਿਸ਼ਨਾਵਤਾਰ)*

ਮਾਘ ਮਹੀਨਾ ਬੀਤ ਜਾਣ, ਫੱਗਣ ਦੇ ਮਹੀਨੇ ਦੀ ਆਮਦ ਨਾਲ ਰੁੱਤ ਬਦਲੀ ਤਾਂ ਲੋਕਾਂ ਨੇ ਰਲ-ਮਿਲ ਕੇ ਹੋਲੀ ਖੇਡਣੀ ਸ਼ੁਰੂ ਕੀਤੀ।

*ਮਾਘ ਬਿਤੀਤਿ ਭਏ ਰੁਤ ਫਾਗੁਨ ਆਇ*
*ਗਈ ਸਭ ਖੇਲਤ ਹੋਰੀ (ਹੋਲੀ)॥*
*(ਦਸਮ ਗ੍ਰੰਥ, ਪੰਨਾ ੨੮੧)*

ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਮੁਤਾਬਿਕ 'ਮਹੱਲਾ' ਅਰਬੀ ਦੇ ਸ਼ਬਦ 'ਮਹੱਲਹੋ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ, ਜਿਥੇ 'ਫਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। 'ਹੋਲੇ ਮਹੱਲੇ' ਵਾਲੇ ਦਿਨ ਖਾਲਸੇ ਨੂੰ ਦੋ ਦਲਾਂ ਵਿਚ ਵੰਡ ਕੇ, ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇਕ ਦਲ ਨਿਸਚਿਤ ਸਥਾਨ 'ਤੇ ਕਾਬਜ਼ ਹੋ ਜਾਂਦਾ, ਦੂਜਾ ਉਸ 'ਤੇ ਹਮਲਾ ਕਰਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਦੁਆਰਾ ਯੁੱਧ-ਜੁਗਤੀ ਅਤੇ ਪੈਂਤੜੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਓ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫਤਹ' ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ, ਉਸਨੂੰ ਗੁਰਦੇਵ ਪਿਤਾ, ਗੁਰੂ-ਦਰਬਾਰ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕਰਦੇ। ਫਿਰ ਉਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ ਆਪੋ-ਆਪਣੇ ਕਰਤੱਵ ਵਿਖਾਉਂਦੇ। ਪਹਿਲਾ 'ਮਹੱਲਾ' ਸ਼ਬਦ ਇਸੇ ਭਾਵ ਵਿਚ ਵਰਤਿਆ ਜਾਂਦਾ ਰਿਹਾ, ਪਰ ਹੌਲੀ-ਹੌਲੀ ਇਹ ਸ਼ਬਦ ਉਸ ਜਲੂਸ ਲਈ ਪ੍ਰਚੱਲਿਤ ਹੋ ਗਿਆ ਜੋ 'ਫਤਹ' ਉਪਰੰਤ ਫੌਜੀ ਸੱਜ-ਧੱਜ ਅਤੇ ਨਗਾਰਿਆਂ 'ਤੇ ਚੋਟ ਨਾਲ ਨਿਕਲਦਾ। 'ਹੋਲੇ ਮਹੱਲੇ' ਦੇ ਜਲੂਸ ਦੀ ਪ੍ਰਥਾ ਹੁਣ ਤਕ ਜਾਰੀ

ਹੈ। ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ 'ਹੋਲੀ' ਨੂੰ 'ਹੋਲੇ' ਦਾ ਰੂਪ ਦਿਤਾ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵੱਲੋਂ 1687 ਈ. 'ਚ ਜਾਰੀ ਕੀਤੇ ਫੁਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖਤ ਮਨਾਹੀ ਸੀ। ਦਸਤਾਰ ਕੇਵਲ ਉਹੋ ਹੀ ਸਜਾ ਸਕਦਾ ਸੀ, ਜਿਸਨੂੰ ਬਾਦਸ਼ਾਹ ਵੱਲੋਂ ਦਰਬਾਰੀ ਬਖਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਨੂੰ ਉਜਾੜਨਾ ਤਕ ਹੋ ਸਕਦੀ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਸਨ ਖੋਲ੍ਹਦੇ। ਗੁਰੂ ਜੀ ਨੇ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚੱਲਿਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ, ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ। ਸਿੱਟੇ ਵਜੋਂ ਗੁਲਾਮੀ ਦੀ 'ਬੂ' ਲੋਕਾਂ ਦਾ ਦਮ ਘੁੱਟਣ ਲੱਗੀ ਅਤੇ ਉਹ ਜਬਰ-ਜ਼ੁਲਮ ਦੇ ਖਿਲਾਫ ਜੂਝਣ ਲਈ ਮੈਦਾਨਿ-ਜੰਗ ਵਿਚ ਨਿੱਤਰਨ ਲੱਗੇ। ਇਨ੍ਹਾਂ ਜੰਗੀ ਮਸ਼ਕਾਂ ਤੇ ਸਿੱਖਾਂ ਦੀ ਚੜ੍ਹਦੀ ਕਲਾ ਸਦਕਾ ਹੀ ਪੰਜਾਬ ਦੀ ਧਰਤੀ 'ਤੇ ਵਿਦੇਸ਼ੀ ਹਮਲਾਵਰਾਂ ਵੱਲੋਂ ਹੋਣ ਵਾਲੇ ਨਿੱਤ ਦੇ ਹਮਲੇ ਸਦਾ ਲਈ ਬੰਦ ਹੋ ਗਏ। ਜੇਕਰ ਨਿਰਪੱਖ ਇਤਿਹਾਸ ਦੇ ਵਿਦਿਆਰਥੀ ਵਜੋਂ ਭਾਰਤੀ ਇਤਿਹਾਸ ਦੇ ਸੰਦਰਭ ਵਿਚ ਪੰਜਾਬ ਦਾ ਇਤਿਹਾਸ ਪੜ੍ਹਿਆ ਜਾਵੇ ਤਾਂ ਪ੍ਰਤੱਖ ਪ੍ਰਗਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਦੁਆਰਾ ਦਰਸਾਈ ਜੀਵਨ-ਜਾਚ ਸਦਕਾ ਹੀ ਪੰਜਾਬ ਬਾਕੀ ਭਾਰਤ ਨਾਲੋਂ ਸਭ ਤੋਂ ਬਾਅਦ 'ਚ ਗੁਲਾਮ ਹੋਇਆ ਤੇ ਸਭ ਤੋਂ ਪਹਿਲਾਂ ਸੁਤੰਤਰਤਾ ਦੀ ਜੰਗ ਵੀ ਇਥੇ ਹੀ ਲੜੀ ਗਈ। ਪ੍ਰੋ. ਪੂਰਨ ਸਿੰਘ ਦੇ ਸ਼ਬਦ 'ਪੰਜਾਬ ਜੀਉਂਦਾ ਗੁਰਾਂ ਦੇ ਨਾਂ 'ਤੇ, ਬਹੁਤ ਸਾਰੇ ਧਾਰਮਿਕ, ਸਮਾਜਿਕ, ਰਾਜਸੀ ਤੇ ਇਤਿਹਾਸਕ ਤੱਥ ਇਸ ਕਸੌਟੀ 'ਤੇ ਸਹੀ ਬੈਠਦੇ ਹਨ।

ਉਪਰੋਕਤ ਸਾਰੀ ਵਿਚਾਰ-ਚਰਚਾ ਦਾ ਮਕਸਦ ਸਿਰਫ ਇਹ ਦਰਸਾਉਣਾ ਹੈ ਕਿ ਸਤਿਗੁਰਾਂ ਨੇ ਕਿਸ ਤਰ੍ਹਾਂ ਲੋਕਾਂ ਦੀ ਮਾਨਸਿਕਤਾ ਵਿਚ ਚੜ੍ਹਦੀ ਕਲਾ ਦਾ ਅਹਿਸਾਸ ਜਗਾ ਕੇ, ਉਨ੍ਹਾਂ ਨੂੰ ਜਬਰ-ਜ਼ੁਲਮ ਤੇ ਅਨਿਆਂ ਦੇ ਖਿਲਾਫ ਜੂਝਣ ਦੇ ਸਮਰੱਥ ਬਣਾਇਆ, ਕਿਸ ਤਰ੍ਹਾਂ ਦੱਬੇ-ਕੁਚਲੇ, ਲਿਤਾੜੇ ਅਤੇ ਸਾਹ-ਸਤਹੀਣ ਲੋਕਾਂ ਵਿਚ ਨਵੀਂ ਰੂਹ ਫੂਕ ਕੇ ਉਨ੍ਹਾਂ ਨੂੰ ਅਣਖ ਨਾਲ ਜੀਣਾ ਸਿਖਾਇਆ। ਇਹ ਸਭ ਗੁਰੂ ਜੀ ਦੀ ਸੁਚੱਜੀ ਤੇ ਸੁਹਿਰਦ ਅਗਵਾਈ ਦੇ ਸਦਕਾ ਹੀ ਸੰਭਵ ਹੋਇਆ। ਹੋਲਾ-ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਅਨੰਦਪੁਰ ਸਾਹਿਬ ਵਿਖੇ ਖਾਲਸਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸਜਦੇ ਹਨ ਤੇ ਖਾਲਸਈ ਸ਼ਾਨ ਪ੍ਰਗਟ ਕਰਦਾ 'ਮਹਲਾ' ਚੜ੍ਹਦਾ ਹੈ ਜੋ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅਰੰਭ ਹੋ ਕੇ ਕਿਲ੍ਹਾ ਅਨੰਦਗੜ੍ਹ ਦੇ ਸਥਾਨ ਹੁੰਦਾ ਹੋਇਆ ਕਿਲ੍ਹਾ ਹੋਲਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖਾਲਸਈ ਬਾਣੇ ਵਿਚ ਖਾਲਸਈ ਖੇਡਾਂ ਦੁਆਰਾ ਆਪਣੀ ਗੁਰੂ-ਬਖਸ਼ੀ ਵਿਲੱਖਣ ਹੋਂਦ-ਹਸਤੀ ਦਾ ਖੂਬਸੂਰਤ ਪ੍ਰਦਰਸ਼ਨ 'ਚਰਨ ਗੰਗਾ' ਦੇ ਕਿਨਾਰੇ ਕਰਦੇ ਹਨ। ਹੋਲੇ-ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿਚ ਸਜਦੇ ਸਨ ਜਿਨ੍ਹਾਂ ਵਿਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ-ਇਤਿਹਾਸ ਦੀ ਤਸਵੀਰ ਨੂੰ ਹੂ-ਬ-ਹੂ ਪ੍ਰਗਟ ਕਰਦੇ ਸਨ, ਜਿਸ ਨਾਲ ਨੌਜੁਆਨ ਪੀੜ੍ਹੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ ਹੈ।

ਅਜੋਕੇ ਸਮੇਂ 'ਹੋਲੇ ਮਹੱਲੇ' ਦੀ ਮੂਲ-ਭਾਵਨਾ ਨੂੰ ਉਜਾਗਰ ਕਰਨ ਦੀ ਬਹੁਤ ਲੋੜ ਹੈ। ਸਮਾਜ ਵਿਚ ਪ੍ਰਚੱਲਿਤ ਹੋ ਚੁੱਕੀਆਂ ਅਨੇਕ ਤਰ੍ਹਾਂ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਲੋਕ-ਮਨਾਂ ਅੰਦਰ ਚੇਤਨਾ ਪੈਦਾ ਕਰਨੀ ਚਾਹੀਦੀ ਹੈ। ਲੋਕਾਂ ਦੀਆਂ ਭਾਵਨਾਵਾਂ ਨੂੰ ਸੌੜੇ, ਸਵਾਰਥੀ ਹਿੱਤਾਂ ਦੀ ਪੂਰਤੀ ਲਈ ਵਰਤਣ ਦੀ ਬਜਾਇ, ਉਨ੍ਹਾਂ ਨੂੰ ਹੱਕ, ਸੱਚ ਤੇ ਇਨਸਾਫ ਦੀ ਸਥਾਪਤੀ ਲਈ ਪ੍ਰੇਰਿਤ ਕਰਨ ਦੀ ਲੋੜ ਹੈ ਤਾਂ ਕਿ ਵਰਤਮਾਨ ਸਮੇਂ ਵੀ ਹੋਲਾ ਮਹੱਲਾ ਸਿੱਖ ਚੜ੍ਹਦੀ ਕਲਾ ਦਾ ਨਜ਼ਾਰਾ ਪੇਸ਼ ਕਰ ਸਕੇ, ਜਿਸ ਤੋਂ ਪ੍ਰੇਰਨਾ ਉਤਸ਼ਾਹ ਪ੍ਰਾਪਤ ਕਰ, ਨਸ਼ਿਆਂ ਦੀ ਗੁਲਾਮ ਹੋ ਰਹੀ ਪੰਜਾਬੀ-ਨੌਜੁਆਨੀ ਨੂੰ ਠੱਲ੍ਹ ਪਵੇ। ਮਾਨਸਿਕ ਅਤੇ ਸਰੀਰਕ ਸਿਹਤ ਹੀ ਕੌਮ ਦੀ ਚੜ੍ਹਦੀ ਕਲਾ ਨੂੰ ਪ੍ਰਗਟ ਕਰਦੀ ਹੈ, ਜਿਸ ਵੱਲ ਸਾਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 52)*

*ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥*
*ਜਿਤੁ ਚੜਿਐ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥* *ਅੰਗ – ੧੬*

ਸੋ ਇਸ ਤਰ੍ਹਾਂ ਨਾਲ ਮਹਾਂਪੁਰਸ਼ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਨੇ ਇਸ ਪਰਿਵਾਰ ਵਿਚ ਇਕ ਮਹੀਨੇ ਦੇ ਕਰੀਬ ਨਿਵਾਸ ਕੀਤਾ। ਗੁਰਮਤਿ ਸੋਝੀ ਬਖਸ਼ੀ, ਗੁਰਮੁਖੀ ਪੜ੍ਹਾ ਕੇ ਸਭ ਨੂੰ ਗੁਰਬਾਣੀ, ਜਪੁਜੀ ਸਾਹਿਬ, ਰਹਿਰਾਸ ਸਾਹਿਬ ਦੇ ਪਾਠ ਕਰਵਾਏ, ਪੰਜਾਂ ਬਾਣੀਆਂ ਦੇ ਨਿਤਨੇਮ ਅਤੇ ਗੁਰਮੰਤ੍ਰ ਦੇ ਜਾਪ ਨਾਲ ਜੋੜ ਦਿਤਾ। ਬੀਬੀਆਂ ਨੂੰ ਨਸਵਾਰ ਦੇ ਨਸ਼ੇ ਦੀ ਭੈੜੀ ਆਦਤ ਤੋਂ ਮੁਕਤ ਕੀਤਾ। ਇਸ ਦੇ ਨਾਲ-ਨਾਲ ਖੇਤੀਬਾੜੀ ਦੀ ਉਪਜ ਵਧਾਉਣ ਦੇ ਤਰੀਕੇ ਵੀ ਦਸਦੇ ਰਹੇ ਕਿ ਫਸਲ ਕਦੋਂ ਬੀਜਣੀ ਹੈ, ਬੀਜ ਕੈਸਾ ਹੋਵੇ, ਝਾੜ ਜ਼ਿਆਦਾ ਕਿਵੇਂ ਮਿਲਦਾ ਹੈ, ਸਿੰਚਾਈ ਤੇ ਵਢਾਈ ਕਦੋਂ ਕਰਨੀ ਹੈ। ਇਕ ਦਿਨ ਅਚਾਨਕ ਜਦੋਂ ਵਿਦਾ ਲੈਣ ਲਈ ਤਿਆਰ ਹੋਏ ਤਾਂ ਆਪ ਜੀ ਨੂੰ ਬਜ਼ੁਰਗ ਬਾਪੂ ਜੀ ਨੇ ਪੁੱਛਿਆ ਕਿ ਕਿਧਰ ਜਾਵੋਗੇ? ਆਪ ਜੀ ਕਹਿਣ ਲੱਗੇ, ਜਿਥੇ ਮੇਰਾ ਪਿਆਰਾ ਲੈ ਜਾਵੇ ਪਰ ਮੇਰੀ ਲਗਨ ਹੈ ਕਿ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾ ਕੇ ਗੁਰਬਾਣੀ ਦੀ ਸੋਝੀ ਦਿਤੀ ਜਾਵੇ। ਬਾਪੂ ਜੀ ਨੇ ਦੱਸਿਆ ਕਿ ਇਸ ਸਾਰੇ ਇਲਾਕੇ ਵਿਚ ਪੰਜਾਬੀ ਸਿੱਖ ਆਬਾਦਕਾਰਾਂ ਦੀ ਵਸੋਂ ਹੈ ਜੋ ਮਾਝੇ ਤੇ ਸਿਆਲਕੋਟ ਤੋਂ ਆ ਕੇ ਇਥੇ ਖੇਤੀਬਾੜੀ ਕਰਦੇ ਹਨ। ਉਹ ਸਾਰੇ ਹੀ ਸਾਡੇ ਵਰਗੇ ਹੀ ਹਨ, ਉਨ੍ਹਾਂ ਨੂੰ ਵੀ ਗੁਰਮਤਿ ਦੀ ਸੋਝੀ ਦੇ ਕੇ ਪਰਉਪਕਾਰ ਕਰੋ। ਆਪ ਜੀ ਕਹਿਣ ਲੱਗੇ, ਠੀਕ ਹੈ ਜਿਵੇਂ-ਜਿਵੇਂ ਕਿਸੇ ਦੀ ਪ੍ਰਾਲਬਧ ਹੋਵੇਗੀ ਉਥੇ ਵਾਹਿਗੁਰੂ ਜੀ ਆਪ ਹੀ ਪ੍ਰੇਰਨਾ ਦੇ ਕੇ ਮਾਰਗ ਦਰਸ਼ਨ ਕਰਨਗੇ। ਇਹ ਕਹਿ ਕੇ ਸਭ ਨੂੰ ਗੁਰੂ ਫਤਹਿ ਬੁਲਾ ਕੇ ਆਪ ਜੀ ਤੁਰ ਪਏ। ਸਾਰੇ ਪਰਿਵਾਰ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਵਹਿ ਤੁਰੇ, ਕਹਿੰਦੇ ਅਸੀਂ ਤੁਹਾਡੇ ਬਹੁਤ ਰਿਣੀ ਹਾਂ, ਤੁਸੀਂ ਸਾਨੂੰ ਜੀਵਨ ਦਾ ਸਹੀ ਮਕਸਦ ਸਮਝਾਇਆ ਹੈ। ਰੱਬ ਨੇ ਮਿਹਰ ਕੀਤੀ ਤੁਹਾਡੇ ਵਰਗੇ ਪਰਉਪਕਾਰੀ ਗੁਰਮੁਖ ਪਿਆਰਿਆਂ ਦੀ ਸੰਗਤ ਮਿਲੀ, ਹੁਣ ਪਤਾ ਨਹੀਂ ਕਦੋਂ ਦਰਸ਼ਨ ਹੋਣਗੇ? ਪਰਿਵਾਰ ਦੇ ਸਾਰੇ ਮੈਂਬਰ ਬੜੀ ਨੀਝ ਲਾ ਕੇ ਮਹਾਂਪੁਰਸ਼ਾਂ ਨੂੰ ਦੂਰ ਤੱਕ ਤਕਦੇ ਰਹੇ ਜਦ ਤਕ ਉਹ ਅੱਖਾਂ ਤੋਂ ਓਝਲ ਨਹੀਂ ਹੋਏ।

ਇਸ ਤਰ੍ਹਾਂ ਆਪ ਜੀ ਨਾਮ ਦੀ ਮਸਤੀ ਵਿਚ ਚਲਦੇ ਜਾ ਰਹੇ ਸਨ ਤਾਂ ਅੱਗੋਂ ਕਿਸੇ ਪ੍ਰੇਮੀ ਨੂੰ ਆਪ ਨੇ ਪੁੱਛਿਆ ਕਿ ਅੱਗੇ ਕੋਈ ਨੇੜੇ ਤੇੜੇ ਕਿਹੜਾ ਪਿੰਡ ਹੈ? ਉਸ ਨੇ ਦਸਿਆ ਕਿ ਦੋ ਕੋਹ ਦੀ ਵਿਥ ਤੇ ਕੋਟ ਚੰਦਾ ਸਿੰਘ ਨਾਮ ਦਾ ਪਿੰਡ ਹੈ। ਆਪ ਜੀ ਪਿੰਡ ਦੇ ਦੁਆਲੇ ਫਿਰਨੀ ਤੇ ਚਲਦੇ ਜਾ ਰਹੇ ਸਨ ਕਿ ਦਰਵਾਜ਼ੇ ਵਿਚ ਖੜ੍ਹੀ ਇਕ ਮਾਤਾ ਇੰਜ ਖਲੋਤੀ ਹੈ ਜਿਵੇਂ ਕਿਸੇ ਨੂੰ ਉਡੀਕ ਰਹੀ ਹੋਵੇ। ਜਦੋਂ ਸਾਮ੍ਹਣੇ ਆਏ ਤਾਂ ਮਾਤਾ ਨੇ ਆਵਾਜ਼ ਮਾਰੀ, ਕਹਿੰਦੀ ਵੇ ਪੁੱਤ! ਕਿਧਰ ਚਲਿਆ ਹੈਂ, ਕਿਥੇ ਜਾਣਾ ਹੈ? ਵੇ ਪੁੱਤ! ਐਧਰ ਨੂੰ ਮੇਰੇ ਕੋਲ ਆ ਜਾ, ਤੈਨੂੰ ਦੇਖ ਕੇ ਕਲੇਜੇ ਨੂੰ ਠੰਢ ਤੇ ਖਿੱਚ ਪੈਂਦੀ ਹੈ, ਆਪਣਾ-ਆਪਣਾ ਜਿਹਾ ਲਗਦਾ ਹੈਂ, ਇੰਜ ਲਗਦੈ ਜਿਵੇਂ ਤੂੰ ਪਿਛਲੇ ਜਨਮ ਵਿਚ ਮੇਰਾ ਪੁੱਤਰ ਹੋਵੇਂ। ਮਾਤਾ ਜੀ ਦੇ ਅਤੀ ਸਨੇਹ ਅਤੇ ਮਮਤਾ ਭਰੇ ਮਿੱਠੇ ਬੋਲ ਸੁਣ ਕੇ ਆਪ ਜੀ ਨੇ ਉਤਰ ਦਿਤਾ, ਮਾਤਾ ਜੀ! ਮੈਨੂੰ ਵੀ ਇਵੇਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਤੂੰ ਪਿਛਲੇ ਜਨਮ ਵਿਚ ਮੈਥੋਂ ਵਿਛੜ ਗਈ ਸੀ, ਬੜੀ ਮੁਦਤ ਬਾਦ ਮਿਲੀ ਹੈਂ। ਐਸੇ ਪਿਆਰੇ ਬਚਨ ਸੁਣ ਕੇ ਮਾਤਾ ਕਹਿਣ ਲੱਗੀ, ਪੁੱਤਰ ਹੁਣ ਜਾਣਾ ਕਿਥੇ ਹੈ, ਪੁੱਤ ਨੂੰ ਮਾਂ ਕੋਲ ਰਹਿਣਾ ਚਾਹੀਦਾ ਹੈ? ਵਾਹਿਗੁਰੂ ਨੇ ਮੈਨੂੰ ਪਹਿਲਾਂ ਛੇ ਪੁੱਤਰ ਬਖਸ਼ੇ ਹਨ, ਸਾਰਿਆਂ ਦੇ ਨਾਮ ਇਕ-ਇਕ ਮੁਰੱਬਾ ਹੈ। ਹੁਣ ਉਸ ਨੇ, ਤੂੰ ਸੱਤਵਾਂ ਪੁੱਤਰ ਦਿਤਾ, ਤੇਰੇ ਨਾਮ ਵੀ ਇਕ ਮੁਰੱਬਾ ਲਗਵਾ ਦਿਆਂਗੀ। ਬੜੇ ਅਪਣੱਤ ਭਰੇ ਲਹਿਜੇ ਨਾਲ ਮਾਤਾ ਪਿਆਰ ਨਾਲ ਬਾਂਹ ਫੜ ਕੇ ਕਹਿਣ ਲੱਗੀ, ਪੁੱਤਰ! ਆ ਮੇਰੇ ਨਾਲ ਘਰ ਚੱਲ, ਤੈਨੂੰ ਤੇਰੇ ਬਾਪੂ ਤੇ ਪਰਿਵਾਰ ਨਾਲ ਮਿਲਾਉਂਦੀ ਹਾਂ। ਮਾਤਾ ਦੇ ਮੁਖੋਂ ਆਪ ਜੀ ਦਾ ਆਉਣਾ ਸੁਣ ਕੇ ਅਤੇ ਸਭ ਨੇ ਮਿਲ ਕੇ ਆਪ ਜੀ ਨੂੰ 'ਜੀ ਆਇਆਂ' ਆਖਿਆ ਤੇ ਬਾਪੂ ਚੰਦਾ ਸਿੰਘ ਜੀ ਵੀ ਬਹੁਤ ਪ੍ਰਸੰਨ ਹੋਏ। ਬਾਪੂ ਚੰਦਾ ਸਿੰਘ ਕਹਿਣ ਲੱਗੇ ਬੇਟਾ! ਇਹ ਤੁਹਾਡਾ ਆਪਣਾ

ਘਰ ਹੈ, ਹੁਣ ਤੁਸੀਂ ਇਸ ਪਰਿਵਾਰ ਦਾ ਹਿੱਸਾ ਹੋ ਇਸ ਲਈ ਕਿਸੇ ਵੇਲੇ ਵੀ ਕੋਈ ਮਨ ਦੀ ਗੱਲ ਕਰਨੀ ਹੋਵੇ, ਸੰਕੋਚ ਨਹੀਂ ਕਰਨਾ। ਆਪ ਜੀ ਕਹਿਣ ਲੱਗੇ, ਬਾਪੂ ਜੀ! ਮੈਂ ਵੀ ਇਸ ਇਲਾਕੇ ਵਿਚ ਆਉਣ ਬਾਰੇ ਅਤੇ ਆਪਣੇ ਬਾਰੇ ਕੁਝ ਜਾਣਕਾਰੀ ਦੇਣਾ ਚਾਹੁੰਦਾ ਹਾਂ। ਆਪਣੇ ਪਿੰਡ, ਪਰਿਵਾਰ ਬਾਰੇ ਜਾਣਕਾਰੀ ਦੇ ਕੇ ਕਹਿਣ ਲੱਗੇ ਕਿ ਮੈਂ ਨਵਾਬਸ਼ਾਹ ਪੁਲੀਸ ਵਿਚ ਭਰਤੀ ਹੋਣ ਆਇਆ ਸੀ ਪਰ ਕੁਦਰਤ ਦੀ ਨੇਤ ਵਾਹਿਗੁਰੂ ਦੀ ਮਿਹਰ ਸਦਕਾ ਘਰ ਤੋਂ ਸੈਂਕੜੇ ਮੀਲ ਦੂਰ ਆ ਗਿਆ ਹਾਂ। ਇਥੇ ਆ ਕੇ ਇਕ ਕਿਸਾਨ ਪਰਿਵਾਰ ਨੂੰ ਮਿਲ ਕੇ ਪਤਾ ਲੱਗਿਆ ਕਿ ਇਥੇ ਮਾਝੇ ਅਤੇ ਸਿਆਲਕੋਟ ਦੇ ਇਲਾਕਿਆਂ ਦੇ ਬਹੁਤ ਆਬਾਦਕਾਰ, ਖੇਤੀਬਾੜੀ ਕਰਕੇ ਜੀਵਨ ਨਿਰਬਾਹ ਕਰ ਰਹੇ ਹਨ ਜੋ ਸਿੱਖੀ ਸਰੂਪ ਵਿਚ ਤਾਂ ਹਨ ਪਰ ਗੁਰਮਤਿ ਤੋਂ ਬਹੁਤ ਦੂਰ ਹਨ। ਮੈਂ ਸੋਚਿਆ ਕਿਉਂ ਨਾ ਇਸ ਇਲਾਕੇ ਵਿਚ ਕੁਝ ਸਮਾਂ ਰਹਿ ਕੇ, ਗੁਰਮਤਿ ਦਾ ਪ੍ਰਚਾਰ ਕਰਕੇ, ਗੁਰੂ ਦੀ ਸਿੱਖੀ ਨੂੰ ਪ੍ਰਫੁੱਲਤ ਕੀਤਾ ਜਾਵੇ। ਜਿਸ ਨਾਲ ਉਹ ਆਪਣਾ ਆਹਾਰ ਸ਼ੁਧ ਕਰ ਲੈਣ, ਸ਼ਰਾਬ ਆਦਿ ਨਸ਼ੇ ਛੱਡ ਦੇਣ, ਗੁਰਮੁਖੀ ਪੜ੍ਹਾ ਕੇ ਗੁਰਬਾਣੀ ਦਾ ਸ਼ੁੱਧ ਪਾਠ ਸਿਖਾਇਆ ਜਾਵੇ, ਨਿਤਨੇਮ ਦੀਆਂ ਪੰਜ ਬਾਣੀਆਂ ਕੰਠ ਕਰਵਾਈਆਂ ਜਾਣ, ਕੀਰਤਨ ਕਥਾ ਦਾ ਪ੍ਰਵਾਹ ਚਲਾ ਕੇ ਸਤਿਗੁਰੂ ਪ੍ਰਤੀ ਪਿਆਰ ਤੇ ਸ਼ਰਧਾ ਪੈਦਾ ਕੀਤੀ ਜਾਵੇ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਭ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਨਾਮ ਜਪਣ ਲਈ ਪ੍ਰੇਰਿਆ ਜਾਵੇ। ਇਸ ਤਰ੍ਹਾਂ ਨਾਲ ਗੁਰਮਤਿ ਦੇ ਪਾਂਧੀ ਬਣ ਕੇ ਉਨ੍ਹਾਂ ਦਾ ਲੋਕ ਤੇ ਪ੍ਰਲੋਕ ਸੁਹੇਲਾ ਹੋ ਜਾਵੇਗਾ, ਜਿਵੇਂ ਕਿ ਗੁਰਬਾਣੀ ਦਾ ਪਵਿੱਤਰ ਫੁਰਮਾਨ ਹੈ -

*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ॥* *ਅੰਗ - ੧੩*

*ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥*
*ਅੰਗ - ੨੧੧*

ਇਹ ਬਚਨ ਸੁਣ ਕੇ ਮਾਤਾ ਸੁਖ ਕੌਰ, ਬਾਪੂ ਚੰਦਾ ਸਿੰਘ ਜੀ ਅਤੇ ਸਾਰਾ ਪਰਿਵਾਰ ਬਹੁਤ ਪ੍ਰਭਾਵਿਤ ਅਤੇ ਅਤੀ ਖੁਸ਼ ਹੋਏ। ਕਹਿਣ ਲੱਗੇ, ਜਿਥੇ ਵਾਹਿਗੁਰੂ ਜੀ ਨੇ ਐਸਾ ਗੁਰਮੁਖ ਪਿਆਰਾ ਸਾਡੇ ਘਰ ਮਾਨਵਤਾ ਦੀ ਸੇਵਾ ਲਈ ਭੇਜਿਆ ਹੈ ਉਥੇ ਸਾਨੂੰ ਵੀ ਇਨ੍ਹਾਂ ਦੀ ਮਹਿਮਾਨ ਨਿਵਾਜੀ ਕਰਨ ਦਾ ਸੁਭਾਗ ਮਿਲਿਆ ਹੈ। ਇਸ ਮੰਤਵ ਦੀ ਪੂਰਤੀ ਲਈ ਆਪ ਨੇ ਸਾਰੇ ਇਲਾਕੇ ਦਾ ਸਰਵੇਖਣ ਕੀਤਾ, ਪਿੰਡਾਂ ਦੇ ਮੁਖੀ ਸੱਜਣਾਂ ਅਤੇ ਹਿੰਦੂ ਵੀਰਾਂ ਨਾਲ ਵੀ ਇਸ ਬਾਰੇ ਸਾਂਝ ਪਾਈ ਕਿ ਸ੍ਰੀ ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਘਰ-ਘਰ ਵਿਚ ਪਹੁੰਚਾਇਆ ਜਾਵੇ। ਸਿੰਧੀ ਹਿੰਦੂ ਜੋ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਉਪਾਸ਼ਕ ਹਨ ਬੜੇ ਪ੍ਰਸੰਨ ਹੋਏ ਤੇ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੁਹਿੰਮ ਦੀ ਸ਼ੁਰੂਆਤ ਲਈ ਮਾਤਾ ਸੁਖ ਕੌਰ ਤੇ ਬਾਬਾ ਚੰਦਾ ਸਿੰਘ ਦੇ ਗ੍ਰਹਿ ਵਿਖੇ ਅਖੰਡ ਪਾਠ ਰੱਖ ਕੇ ਭੋਗ ਪਾਇਆ ਗਿਆ ਉਪਰੰਤ ਕਥਾ ਕੀਰਤਨ ਦੁਆਰਾ ਆਪ ਜੀ ਨੇ ਸਤਿਸੰਗ ਦੀਵਾਨ ਲਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਭ ਨਾਲ ਗੁਰਮਤਿ ਪ੍ਰਚਾਰ ਸਬੰਧੀ ਵਿਚਾਰ ਸਾਂਝੇ ਕੀਤੇ। ਸੰਗਤਾਂ ਨੇ ਬੜੇ ਭਿੱਜੇ ਮਨ ਨਾਲ ਪੂਰਨ ਸਾਥ ਦੇਣ ਦਾ ਵਾਅਦਾ ਕੀਤਾ ਤੇ ਕਿਹਾ ਕਿ ਪ੍ਰਚਾਰ ਛੇਤੀ ਤੋਂ ਛੇਤੀ ਸ਼ੁਰੂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਗੁਰਦੁਆਰਾ ਸਾਹਿਬ ਵਿਚ ਅਤੇ ਘਰਾਂ ਵਿਚ ਸ੍ਰੀ ਆਸਾ ਜੀ ਦੇ ਵਾਰ ਦੇ ਕੀਰਤਨ, ਨਦੀ ਕਿਨਾਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਭ ਮਾਈ ਭਾਈ ਨਾਮ ਜਪਣ ਦੇ ਅਭਿਆਸ ਵਿਚ ਲਗ ਜਾਂਦੇ ਅਤੇ ਦਿਨ ਚੜ੍ਹੇ ਆਪਣੇ ਕੰਮਾਂ ਕਾਰਾਂ ਵਿਚ ਰੁਝ ਜਾਂਦੇ। ਸ਼ਾਮ ਵੇਲੇ ਫੇਰ ਗੁਰਦੁਆਰਾ ਸਾਹਿਬ ਰਹਿਰਾਸ ਵਿਚ ਸ਼ਾਮਲ ਹੋ ਕੇ ਕਥਾ ਕੀਰਤਨ ਦਾ ਅਨੰਦ ਮਾਣਦੇ। ਹੌਲੀ-ਹੌਲੀ ਗੁਰਮਤਿ ਪ੍ਰਚਾਰ ਦੁਆਰਾ ਸਭ ਨੂੰ ਪੰਜ ਕਕਾਰਾਂ ਦੇ ਧਾਰਨੀ ਬਣਾ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਦਿਤਾ। ਆਪਣੇ ਪ੍ਰੈਕਟੀਕਲ ਜੀਵਨ ਦੁਆਰਾ, ਅਖੌਤੀ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਸਾਰੇ ਸਮਾਜ ਦੇ ਲੋਕਾਂ ਨੂੰ ਇਹ ਗੱਲ ਜ਼ਹਿਨਸ਼ੀਲ ਕਰਵਾ ਦਿਤੀ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਜਿਹੜਾ ਖਾਲਸਾ ਬਣ ਜਾਂਦਾ ਹੈ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਦਾ ਪਿਆਰਾ ਪੁੱਤਰ ਹੈ। ਸਮਾਜ ਸੇਵਾ ਦਾ ਉਪਦੇਸ਼ ਦੇ ਕੇ ਦ੍ਰਿੜ੍ਹ ਕਰਵਾਇਆ ਕਿ ਜੇ ਕੋਈ ਗਰੀਬ ਹੈ, ਉਸ ਦੀ ਮਦਦ ਕਰਨੀ ਚਾਹੀਦੀ ਹੈ, ਜਾਤ-ਪਾਤ ਦਾ ਵਿਤਕਰਾ ਨਹੀਂ ਰੱਖਣਾ ਚਾਹੀਦਾ ਇਸ ਨਾਲ ਗੁਰੂ ਜੀ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ।

ਇਸ ਪ੍ਰਥਾਇ ਆਪ ਜੀ ਨੇ ਪ੍ਰੈਕਟੀਕਲ ਤੌਰ 'ਤੇ ਮਿਸਾਲ ਬਣ ਕੇ ਸਮਝਾਇਆ। ਆਪ ਜੀ ਨੇ ਇਕ ਵੇਰਾਂ ਦੱਸਿਆ ਸੀ ਕਿ ਸਾਰੀ ਸੰਗਤ ਅੰਮ੍ਰਿਤ ਵੇਲੇ ਨਦੀ ਕੰਢੇ ਨਾਮ ਸਿਮਰਨ ਲਈ ਜੁੜਿਆ ਕਰਦੀ ਸੀ। ਜਦੋਂ ਭੋਗ ਪਿਆ ਤਾਂ ਸਾਰੀ ਸੰਗਤ ਨਾਲ ਸੀ, ਮੈਂ ਕਿਹਾ ਭਾਈ ਪ੍ਰੇਮੀਓ! ਇਹ ਕਿਸ ਦੀ ਕਣਕ

ਦਾ ਖੇਤ ਹੈ ਜਿਸ ਨੇ ਹਾਲ ਤੱਕ ਵਢਾਈ ਨਹੀਂ ਕੀਤੀ ਅਤੇ ਦੁਪਹਿਰ ਤੱਕ ਸਾਰੀ ਕਣਕ ਕੱਟ ਕੇ ਭਰੀਆਂ ਬੰਨ੍ਹ ਦਿਤੀਆਂ। ਕਿਸਾਨ ਨੇ ਇਹ ਦੇਖ ਕੇ ਆਪ ਜੀ ਦੇ ਪਰਉਪਕਾਰ ਦਾ ਧੰਨਵਾਦ ਕੀਤਾ ਤੇ ਇਸ ਮਦਦ ਲਈ, ਹੱਥ ਜੋੜ ਕੇ ਚਰਨਾਂ ਤੇ ਸੀਸ ਨਿਵਾਇਆ।

ਇਸੇ ਤਰ੍ਹਾਂ ਨਾਲ ਅਖੌਤੀ ਜਾਤ-ਪਾਤ ਦੇ ਵਿਤਕਰੇ ਪ੍ਰਤੀ ਮੁਕਤ ਹੋਣ ਲਈ ਆਪ ਜੀ ਨੇ ਇਸ ਤਰੀਕੇ ਨਾਲ ਲੋਕਾਂ ਦਾ ਭਰਮ ਦੂਰ ਕੀਤਾ। ਉਥੇ ਇਕ ਮਜ਼੍ਹਬੀ ਸਿੱਖ ਪਰਿਵਾਰ ਨੇ ਆਪ ਨੂੰ ਪ੍ਰਸ਼ਾਦਾ ਛਕਣ ਲਈ ਨਿਮੰਤਰਣ ਦਿਤਾ ਤੇ ਆਪ ਜੀ ਪ੍ਰਵਾਨ ਕਰਕੇ ਉਸ ਦੇ ਘਰ ਪ੍ਰਸ਼ਾਦਾ ਛਕਣ ਚਲੇ ਗਏ। ਉਸ ਨੇ ਸਮਾਜ ਦੇ ਡਰ ਵਜੋਂ ਜਦੋਂ ਘਰ ਦੇ ਅੰਦਰ ਪ੍ਰਸ਼ਾਦ ਛਕਣ ਲਈ ਕਿਹਾ ਤਾਂ ਆਪ ਨੇ ਕਿਹਾ ਕਿ ਮੈਂ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਹਾਂ, ਬਾਹਰ ਬੈਠ ਕੇ ਛਕਾਂਗਾ, ਮੈਨੂੰ ਕਿਸੇ ਦਾ ਡਰ ਨਹੀਂ, ਮੈਂ ਪ੍ਰਸ਼ਾਦਾ ਬਾਹਰ ਬੈਠ ਕੇ ਹੀ ਛਕਾਂਗਾ, ਸਾਡੇ ਗੁਰੂ ਸਾਹਿਬ ਜੀ ਨੇ ਸਿੰਘਾਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਜਾਤ-ਪਾਤ ਦਾ ਭੇਦ-ਭਾਵ ਮਿਟਾ ਦਿਤਾ ਹੋਇਆ ਹੈ। ਇਸ ਕਰਕੇ ਤੁਹਾਨੂੰ ਵੀ ਕਿਸੇ ਤੋਂ ਡਰਨ ਦੀ ਲੋੜ ਨਹੀਂ, ਕਲਗੀਆਂ ਵਾਲੇ ਪਾਤਸ਼ਾਹ ਜੀ ਸਾਡੇ ਅੰਗ-ਸੰਗ ਹਨ। ਅਖੌਤੀ ਵੱਡੀ ਜਾਤ ਵਾਲਿਆਂ ਨੇ ਇਸ ਦਾ ਵਿਰੋਧ ਕੀਤਾ ਤੇ ਆਪ ਜੀ ਦਾ ਬਾਈਕਾਟ ਕਰਨ ਲਈ ਗੁਰਦੁਆਰਾ ਸਾਹਿਬ ਵਿਚ ਬੁਲਾਇਆ। ਆਪ ਜੀ ਨੂੰ ਕਹਿਣ ਲੱਗੇ ਤੁਸੀਂ ਮਜ਼੍ਹਬੀ ਸਿੰਘ ਦੇ ਘਰ ਲੰਗਰ ਕਿਉਂ ਛਕਿਆ? ਬਾਬਾ ਜੀ ਨੇ ਕਿਹਾ ਕਿ ਤੁਸੀਂ ਗੁਰੂ ਦੇ ਸਿੱਖ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹੋ ਕਿ ਨਹੀਂ? ਕਹਿੰਦੇ, ਜੀ! ਮੰਨਦੇ ਹਾਂ। ਬਾਬਾ ਜੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਸੈਣ ਜੀ ਆਦਿ ਭਗਤਾਂ ਦੀ ਬਾਣੀ ਜੋ ਗੁਰੂ ਰੂਪ ਹੋ ਕੇ ਗੁਰ ਉਪਦੇਸ਼ ਬਖਸ਼ ਰਹੀ ਹੈ, ਕੀ ਤੁਸੀਂ ਉਸ ਨੂੰ ਵਿਚੋਂ ਕੱਢ ਸਕਦੇ ਹੋ? ਇਹ ਸੁਣ ਕੇ ਸਾਰੇ ਨਿਰਉਤਰ ਹੋ ਗਏ ਅਤੇ ਮਾਫੀ ਦੀ ਜਾਚਨਾ ਕੀਤੀ। ਬਾਬਾ ਜੀ ਕਹਿੰਦੇ, ਹੁਣ ਇਸ ਅਵੱਗਿਆ ਦੀ ਮਾਫੀ ਲਈ ਕੜਾਹ-ਪ੍ਰਸ਼ਾਦ ਦੀ ਦੇਗ ਤਿਆਰ ਹੈ, ਅਰਦਾਸ ਹੋਵੇਗੀ। ਉਪਰੰਤ ਇਹ ਗੁਰੂ ਕਾ ਸਿੱਖ, ਜਿਸ ਨੂੰ ਤੁਸੀਂ ਮਜ਼੍ਹਬੀ ਕਹਿੰਦੇ ਹੋ, ਪ੍ਰਸ਼ਾਦ ਵਰਤਾਏਗਾ ਤੇ ਫੇਰ ਮਾਫੀ ਮਿਲੇਗੀ। ਇਸੇ ਤਰ੍ਹਾਂ ਨਾਲ ਹੋਇਆ ਤੇ ਸਭ ਦੇ ਦਿਲਾਂ ਵਿਚੋਂ ਇਸ ਵਿਤਕਰੇ ਨੂੰ ਦੂਰ ਕੀਤਾ।

ਇਸੇ ਤਰ੍ਹਾਂ ਮਾਤਾ ਸੁਖੀ ਦੀ ਰਿਸ਼ਤੇਦਾਰੀ ਵਿਚੋਂ ਇਕ ਬੱਚਾ ਸੀ ਜਿਸ ਨੂੰ ਸੋਕੇ ਦੀ ਬੀਮਾਰੀ ਸੀ। ਮਾਤਾ ਸੁਖੀ ਨੇ ਬੇਨਤੀ ਕੀਤੀ ਕਿ ਇਸ ਬੱਚੇ ਦੀ ਤੰਦਰੁਸਤੀ ਦੀ ਅਰਦਾਸ ਕਰੋ। ਆਪ ਜੀ ਨੇ ਤਿੰਨ ਦਿਨ ਭੋਰੇ ਵਿਚ ਬੈਠ ਕੇ ਅੱਗੇ ਜਲ ਰੱਖ ਕੇ ਜਾਪ ਕੀਤਾ ਤੇ ਜਦੋਂ ਬਾਹਰ ਆਏ, ਕਹਿੰਦੇ, ਮਾਤਾ ਜੀ! ਬੱਚੇ ਨੂੰ ਨਰਮੇ ਦੇ ਖੇਤ ਵਿਚ ਲਿਜਾ ਕੇ ਇਸ ਜਲ ਨਾਲ ਇਸ਼ਨਾਨ ਕਰਾਓ ਪਰ ਪਹਿਲਾਂ ਇਸ ਜਲ ਦੇ ਛਿਟੇ ਨਰਮੇ ਦੇ ਬੂਟੇ ਉਤੇ ਛਿੜਕਣਾ। ਜਦੋਂ ਇਸੇ ਤਰ੍ਹਾਂ ਕੀਤਾ ਤਾਂ ਨਰਮੇ ਦਾ ਬੂਟਾ ਸੁੱਕ ਗਿਆ ਅਤੇ ਬੱਚਾ ਤੰਦਰੁਸਤ, ਨੌ-ਬਰ-ਨੌ ਹੋ ਗਿਆ ਸੀ। ਬਾਬਾ ਜੀ ਨੇ ਉਸ ਵੇਲੇ ਚਿਤਾਵਨੀ ਦੇ ਕੇ ਸਾਵਧਾਨ ਕੀਤਾ, ਕਹਿੰਦੇ ਮਾਤਾ! ਇਸ ਗੱਲ ਨੂੰ ਗੁਪਤ ਰੱਖਣਾ ਹੈ, ਜੇ ਦੱਸੋਗੇ ਤਾਂ ਬੱਚਾ ਉਸੇ ਤਰ੍ਹਾਂ ਬਿਮਾਰ ਹੋ ਜਾਵੇਗਾ। ਬਾਬਾ ਜੀ ਬਚਨ ਕਰਿਆ ਕਰਦੇ ਸੀ ਕਿ ਮੈਂ ਵੀ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਜਿਹੜੀ ਸ਼ਕਤੀ ਨੇ ਇਸ ਬੱਚੇ ਨੂੰ ਤੰਦਰੁਸਤ ਕੀਤਾ, ਉਹ ਮੈਂ ਵਾਪਿਸ ਕਰਦਾ ਹਾਂ।

ਆਪ ਜੀ ਉਥੇ ਇਤਨੇ ਹਰਮਨ ਪਿਆਰੇ ਹੋ ਗਏ ਕਿ ਜਿਧਰ ਨੂੰ ਵੀ ਆਪ ਤੁਰਦੇ ਤਾਂ 50-60 ਸਿੱਖ ਆਪ ਜੀ ਦੇ ਨਾਲ ਚਲਿਆ ਕਰਦੇ ਸਨ। ਇਤਨਾ ਸਭ ਕੁਝ ਸੇਵਾ ਕਰਨ ਦੇ ਬਾਵਜੂਦ ਆਪ ਜੀ ਜ਼ਿਆਦਾ ਸਮਾਂ ਸਿਮਰਨ ਭਗਤੀ ਵਿਚ ਹੀ ਬਤੀਤ ਕਰਿਆ ਕਰਦੇ ਸਨ।

ਕੁਦਰਤੀ ਸਮਾਂ ਬਣਿਆ ਤਾਂ ਮਾਤਾ ਸੁਖ ਕੌਰ ਨੇ ਆਪਣੀ ਬੇਟੀ ਦੀ ਸ਼ਾਦੀ ਕਰਨੀ ਸੀ। ਗੱਲਬਾਤ ਕਰਦਿਆਂ ਮਾਤਾ ਨੇ ਪੁੱਛ ਲਿਆ ਕਹਿੰਦੇ, ਬੇਟਾ! ਤੇਰੀ ਸ਼ਾਦੀ ਹੋ ਚੁਕੀ ਹੈ? ਤਾਂ ਆਪ ਨੇ ਦੱਸਿਆ ਕਿ ਹਾਂ ਜੀ, ਮੈਂ ਸ਼ਾਦੀ ਸ਼ੁਦਾ ਹਾਂ। ਮਾਤਾ ਕਹਿਣ ਲੱਗੀ ਕਿੰਨਾ ਚੰਗਾ ਹੋਵੇ ਜੇ ਤੂੰ ਨੂੰਹ ਰਾਣੀ ਨੂੰ ਵੀ ਇਸ ਸ਼ਾਦੀ ਵਿਚ ਸ਼ਾਮਿਲ ਹੋਣ ਵਾਸਤੇ ਬੁਲਾ ਲਵੇਂ। ਇਹ ਸੁਣ ਕੇ ਆਪ ਨੇ ਇਹ ਕਹਿ ਕੇ ਟਾਲ ਦਿਤਾ ਕਿ ਮਾਤਾ ਜੀ! ਜਦੋਂ ਉਸ ਦਾ ਅੰਨ ਜਲ ਇਥੋਂ ਦਾ ਹੋਵੇਗਾ ਤਾਂ ਆਪੇ ਆ ਜਾਵੇਗੀ। ਹੁਣ ਵਿਆਹ ਦੀ ਤਿਆਰੀ ਲਈ ਮਾਤਾ ਸੁਖੀ ਜੀ ਨੇ ਆਪ ਨੂੰ ਸਾਰੀ ਜ਼ੁੰਮੇਵਾਰੀ ਸੌਂਪ ਦਿਤੀ। ਨੇੜੇ ਹੀ ਇਕ ਸਖਰ ਰੋੜੀ ਨਾਮ ਦਾ ਕਸਬਾ ਸੀ ਉਥੇ ਗੁਰੂ ਨਾਨਕ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਸਾਹਿਬ ਹੈ, ਇਥੇ ਨੇੜੇ ਰਮਣੀਕ ਅਸਥਾਨ ਸਾਧ ਬੇਲਾ ਹੈ ਜਿਥੇ ਪਹਿਲੀ ਉਦਾਸੀ ਸਮੇਂ ਤਪ ਕੀਤਾ ਸੀ ਤੇ ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ -

*ਰੇਤ ਅਕੁ ਆਹਾਰ ਕਰਿ ਰੋੜਾ ਦੀ ਗੁਰ ਕਰੀ ਵਿਛਾਈ।*
*ਭਾਈ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।*
*ਭਾਈ ਗੁਰਦਾਸ ਜੀ*

